ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 42 | 07 November 2018 to 13 November 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



03

■ ਭਾਈਚਾਰਾ

ਯੁਬਾ ਸਿਟੀ ਦੇ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਸੈਲਾਬ ਆਇਆ



07

■ ਵਿਸ਼ੇਸ਼ ਲੇਖ

ਦਿਵਾਲੀ ਤੇ ਸਿੱਖ




21

■ ਭਖਦਾ ਮਸਲਾ

12ਵੀਂ ਦੀ ਕਿਤਾਬ ਵਿਚ ਸਿੱਖ ਇਤਿਹਾਸ ਨਾਲ ਛੇੜਛਾੜ ਦਾ ਮੁੱਦਾ ਭਖਿਆ

# ਪੰਜਾਬ ’ਚ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਦੀ ਸਿਆਸਤ

* ਕੇਂਦਰ ਦੀਆਂ ਪੱਖਪਾਤੀ ਨੀਤੀਆਂ ਕਾਰਨ ਪੰਜਾਬ ਦੀ ਕਿਸਾਨੀ ਅਤੇ ਸਨਅਤ ਤਬਾਹ
* ਪੰਜਾਬ ਦਾ ਪਾਣੀ ਮੁੱਕਣ ਕਿਨਾਰੇ, ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਪੰਜਾਬ ਨੂੰ ਚਿੰਬੜੀਆਂ
* ਪੰਜਾਬ ਦੇ ਸਿਰ ’ਤੇ ਢਾਈ ਲੱਖ ਕਰੋੜ ਦਾ ਕਰਜ਼ਾ

**• ਭਾਰਤੀ ਫ਼ੌਜ ਮੁਖੀ ਰਾਵਤ ਨੇ ਦਿੱਤਾ ਪੰਜਾਬ ਵਿਰੋਧੀ ਖਤਰਨਾਕ ਬਿਆਨ**
**• ਮਿਸ਼ਨ-2019 ਦਾ ਬਾਲਣ ਬਣ ਸਕਦੀਆਂ ਹਨ ਘੱਟ-ਗਿਣਤੀਆਂ**



**ਜਲੰਧਰ/ਪ੍ਰੋ. ਬਲਵਿੰਦਰਪਾਲ ਸਿੰਘ :**
ਇੱਕ ਵਾਰ ਫ਼ਿਰ ਸਿੱਖ ਨਸਲਕੁਸ਼ੀ ਦੀ ਤਿਆਰੀ ਹੋ ਰਹੀ ਹੈ? ਕੀ ਪੰਜਾਬ ਗੜਬੜ ਵਾਲਾ ਪ੍ਰਾਂਤ ਹੈ? ਕੀ ਇਥੇ ਖਾੜਕੂ ਅੰਦੋਲਨ ਚੱਲ ਰਿਹਾ ਹੈ? ਕੀ ਸੰਨ 1995 ਵਿਚ ਬੇਅੰਤ ਸਿੰਘ ਦੀ ਬੰਬ ਧਮਾਕੇ ਵਿਚ ਹੋਈ ਮੌਤ ਤੋਂ ਬਾਅਦ ਕੋਈ ਵੱਡੀ ਖਾੜਕੂ ਵਾਰਦਾਤ ਹੋਈ ਹੈ? ਜੇਕਰ ਇਹ ਸਭ ਕੁਝ ਨਹੀਂ ਹੈ ਤੇ ਪੰਜਾਬ ਸ਼ਾਂਤ ਹੈ ਤਾਂ ਭਾਰਤੀ ਫ਼ੌਜ ਦੇ ਮੁਖੀ ਬਿਪਿਨ ਕੁਮਾਰ ਰਾਵਤ ਨੂੰ ਪੰਜਾਬ ਦੀ ਇਸ ਸ਼ਾਂਤੀ ਤੋਂ ਡਰ ਕਿਉਂ ਲੱਗ ਰਿਹਾ ਹੈ? ਕੀ ਉਨ੍ਹਾਂ ਨੂੰ ਇਹ ਸ਼ਾਂਤੀ ਪਸੰਦ ਨਹੀਂ? ਪੰਜਾਬ ਵਿਰੁੱਧ ਸਾਜ਼ਿਸ਼ ਘੜੀ ਜਾ ਰਹੀ ਹੈ, ਜਿਸ ਦੀ ਕੇਂਦਰ ਤੇ ਰਾਜ ਦੀਆਂ ਸਿਆਸੀ ਹਵਾਵਾਂ ਵਿਚੋਂ ਗੰਧ ਆ ਰਹੀ ਹੈ। ਭਾਰਤ ਦੀ ਫਿਰਕੂ ਰਾਜਨੀਤੀ ਦੀ ਗਹਿਰੀ ਸਮਝ ਰੱਖਣ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਇਹ "ਸਿਆਸੀ-ਸਟੰਟ" ਮਿਸ਼ਨ- 2019 ਦੇ ਸਿਆਸੀ ਹਿੱਤ ਸਾਧਣ ਲਈ ਹੈ। ਜਦੋਂ ਫੌਜ ਰਾਜਸੀ ਆਗੂਆਂ ਦੀ ਬੋਲੀ ਬੋਲਣ ਲੱਗ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਥਿਤੀ ਬੇਹੱਦ ਗੰਭੀਰ ਹੈ।ਪਿਛਲੇ ਕੁਝ ਕੁ ਦਿਨਾਂ ਦੌਰਾਨ ਰਾਮ ਮੰਦਰ ਬਾਰੇ ਵੀ ਰੌਲਾ ਕੁਝ ਵਧੇਰੇ ਹੀ ਤਿੱਖਾ ਹੋ ਰਿਹਾ ਹੈ। ਉਂਝ, ਇਹ ਰੌਲਾ ਵਧਾਉਣ ਦਾ ਕਾਰਜ ਬਹੁਤ ਵਿਉਂਤਬੰਦੀ ਨਾਲ ਕੀਤਾ ਜਾ ਰਿਹਾ ਹੈ। ਆਰਐੱਸਐੱਸ ਨਾਲ ਜੁੜਿਆ ਹਰ ਵਿੰਗ ਆਪੋ-ਆਪਣੇ ਢੰਗ ਨਾਲ ਪੂਰੀ ਰਫ਼ਤਾਰ ਫੜਦਾ ਨਜ਼ਰੀਂ ਪੈ ਰਿਹਾ ਹੈ। ਸਿਆਸੀ ਮਾਹਿਰਾਂ ਦੀਆਂ ਉਹ ਕਿਆਸਆਰਾਈਆਂ ਸੱਚੀਆਂ ਸਾਬਤ ਹੋ ਰਹੀਆਂ ਜਾਪਦੀਆਂ ਹਨ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਜਿਉਂ ਜਿਉਂ ਅਗਲੀਆਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਜਾਣਗੀਆਂ, ਹਿੰਦੂਤਵ ਦੇ ਨਾਂ ‘ਤੇ ਵੋਟਾਂ ਦੇ ਧਰੁੱਵੀਕਰਨ ਦਾ ਮਸਲਾ ਤੇਜ਼ ਹੁੰਦਾ ਜਾਵੇਗਾ। ਪੰਜਾਬ, ਸਿੱਖ ਤੇ ਮੁਸਲਮਾਨ ਇਸ ਰਾਜਨੀਤਕ ਸਾਜ਼ਿਸ਼ ਦਾ ਮੋਹਰਾ ਬਣਾਏ ਜਾ ਰਹੇ ਹਨ।
ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਬਿਪਿਨ ਰਾਵਤ ਕਿਸੇ ਸਿਆਸੀ ਆਗੂ ਵਾਂਗ ਬੋਲੇ ਹਨ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਹੈ। ਕਸ਼ਮੀਰ ਬਾਰੇ ਅਕਸਰ ਉਨ੍ਹਾਂ

ਬਾਕੀ ਸਫ਼ਾ 28 ’ਤੇ

## ਸ਼ੋਸ਼ਲ ਮੀਡੀਆ ’ਤੇ ਹੋਇਆ ਕਰੜਾ ਪ੍ਰਤੀਕਰਮ

- ਸਤਿੰਦਰ ਹੁੰਦਲ ਆਖਦੇ ਹਨ ਕਿ ਇਹ ਪੰਜਾਬ ਦੇ ਲੋਕਾਂ ਵਿਚ ਦਹਿਸ਼ਤ ਪੈਦਾ ਕਰਨ ਵਾਲਾ ਬਿਆਨ ਹੈ।
- ਬਲਦੇਵ ਸਿੰਘ ਆਖਦੇ ਹਨ ਕਿ ਅਸੀਂ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਦੇ ਖਿਲਾਫ ਕਾਰਵਾਈ ਕਰਨ ਲਈ ਅਵਾਜ਼ ਉਠਾ ਰਹੇ ਹਾਂ। ਕੀ ਇਸ ਨਾਲ ਕੋਈ ਦਹਿਸ਼ਤ ਫੈਲ ਰਹੀ ਹੈ ਸੋਚਣ ਵਾਲੀ ਗੱਲ ਹੈ ।
- ਜਗਦੇਵ ਸਿੰਘ ਜਟਾਣਾ ਆਖਦੇ ਹਨ ਕਿ ਇਹ ਬਿਆਨ ਕਿਸੇ "ਅਣਹੋਣੀ" ਲਈ ਧਰਾਤਲ ਤਿਆਰ ਕਰਨ ਦੀ ਸਾਜ਼ਿਸ਼ ਵਰਗਾ ਲਗਦਾ ਹੈ।
- ਗਿਆਨੀ ਹਰਬੰਸ ਸਿੰਘ ਆਖਦੇ ਹਨ ਕਿ ਭਾਰਤ ਦੇ ਭਗਵਿਆਂ ਸਤਾਧਾਰੀਆਂ ਵਲੋਂ ਭਾਰਤ ਦੇ ਸਰਮਾਏ ਦੀ ਲੁੱਟ ਨੂੰ ਲੁਕਾਉਣ ਦੇ ਲਈ ਅਜਿਹੇ ਬਿਆਨ ਪੰਜਾਬ ਵਿਰੁਧ ਸਾਜ਼ਿਸ਼ ਹਨ।
- ਸੁਖਬੀਰ ਸਿੰਘ ਗਿੱਲ ਆਖਦੇ ਹਨ ਕਿ ਇਸ ਵੱਡੇ ਜਰਨਲ ਨੂੰ ਪਤਾ ਹੋਣਾ ਚਾਹੀਦਾ ਕਿ ਹੁਣ 1984 ਨਹੀਂ ਪੂਰੀ ਦੁਨੀਆ ਵੇਖ ਰਹੀ ਹੈ ਤੁਹਾਨੂੰ।

ਬਾਕੀ ਸਫ਼ਾ 28 ’ਤੇ




# ਵਰਲਡ ਸਿੱਖ ਪਾਰਲੀਮੈਂਟ ਨੇ ਸਿੱਖ ਨਸਲਕੁਸ਼ੀ ਦਾ ਮੁੱਦਾ ਯੂ.ਐਨ.ਓ. ’ਚ ਚੁੱਕਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਵਰਲਡ ਸਿੱਖ ਪਾਰਲੀਮੈਂਟ ਵੱਲੋਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦਾ ਮਾਮਲਾ ਸੰਯੁਕਤ ਰਾਸ਼ਟਰ ਸੰਘ ਦੇ ਮੂਹਰੇ ਚੁੱਕਿਆ ਹੈ। ਨਵੰਬਰ 1984 ਦੇ ਪਹਿਲੇ ਹਫ਼ਤੇ ਦਿੱਲੀ ‘ਚ ਹੋਏ ਸਿੱਖ ਕਤਲੇਆਮ ਦੀ 34ਵੀਂ ਵਰ੍ਹੇਗੰਢ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਇਕ ਵਫ਼ਦ ਵਲੋਂ ਜਨੇਵਾ ਵਿਖੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਅਧਿਕਾਰੀਆਂ ਨਾਲ ਮੁਲਾਕਾਤ ਕਰ ਕੇ ਇਸ ਬਾਰੇ ਆਪਣਾ ਪੱਖ ਪੇਸ਼ ਕੀਤਾ ਗਿਆ ਹੈ। ਵਫਦ ਨੇ ਯੂਐਨਓ ਨੂੰ ਪਿਛਲੇ ਕਈ ਦਹਾਕਿਆਂ ਤੋਂ ਸਿੱਖ ਕੌਮ ਅਤੇ ਭਾਰਤੀ ਹਕੂਮਤ ਦਰਮਿਆਨ ਚੱਲ ਰਹੇ ਟਕਰਾਅ ਵਿਚ ਭਾਰਤ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਨਾਲ ਸਖ਼ਤੀ ਨਾਲ ਨਜਿੱਠਣ ਦੀ ਬੇਨਤੀ ਕੀਤੀ ਹੈ।
ਜ਼ਿਕਰਯੋਗ ਹੈ ਕਿ ਵਰਲਡ ਸਿੱਖ ਪਾਰਲੀਮੈਂਟ ਦੀ ਸਥਾਪਨਾ ਨਵੰਬਰ ਸੰਨ 2014 ਵਿਚ ਹੋਏ ਸਰਬੱਤ ਖ਼ਾਲਸਾ ਦੇ ਇਕ ਮਤੇ ਦੀ ਪੂਰਤੀ ਵਜੋਂ ਹੋਈ ਹੈ। ਮਤੇ ਅਨੁਸਾਰ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮੂਹਕ ਅਤੇ




ਵਿਅਕਤੀਗਤ ਤੌਰ ਤੇ ਯਤਨ ਕਰਨੇ ਅਤੇ ਇਸ ਮਸਲੇ ਨੂੰ ਅੰਤਰਰਾਸ਼ਟਰੀ ਪੱਧਰ ਉਤੇ ਲਿਜਾਣਾ ਸੀ। ਇਸ ਤਰ੍ਹਾਂ ਸਿੱਖ ਪਾਰਲੀਮੈਂਟ ਦਾ ਜਨੇਵਾ ਵਿਚ ਸੰਯੁਕਤ ਰਾਸ਼ਟਰ ਦੇ ਨੁਮਾਇੰਦਿਆਂ ਨਾਲ ਗੱਲਬਾਤ ਇਸ ਮਤੇ ਪ੍ਰਤੀ ਪੁੱਟਿਆ ਗਿਆ ਪਹਿਲਾ ਕਦਮ ਹੈ। ਜ਼ਿਕਰਯੋਗ ਹੈ ਕਿ ਨਵੰਬਰ-1984 ਵਿਚ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ

ਬਾਕੀ ਸਫ਼ਾ 28 ’ਤੇ

## ਇੰਗਲੈਂਡ ਦੀ ਫ਼ੌਜ ’ਚ ਭਰਤੀ ਹੋ ਸਕਣਗੇ ਭਾਰਤੀ ਨੌਜਵਾਨ

**ਲੰਡਨ/ਬਿਊਰੋ ਨਿਊਜ਼ :** ਭਾਰਤ, ਆਸਟਰੇਲੀਆ, ਕੈਨੇਡਾ ਅਤੇ ਕੀਨੀਆ ਵਰਗੇ ਮੁਲਕਾਂ ਦੇ ਨੌਜਵਾਨ ਬਰਤਾਨਵੀ ਫ਼ੌਜ ‘ਚ ਭਰਤੀ ਲਈ ਦਰਖ਼ਾਸਤ ਦੇ ਸਕਣਗੇ। ਯੂਕੇ ਸਰਕਾਰ ਨੇ ਭਾਰਤ ਸਮੇਤ ਰਾਸ਼ਟਰਮੰਡਲ ਮੁਲਕਾਂ ਦੇ ਨਾਗਰਿਕਾਂ ਲਈ ਫ਼ੌਜ ‘ਚ ਭਰਤੀ ਲਈ ਮਾਪਦੰਡਾਂ ‘ਚ ਛੋਟ ਦੇਣ ਦਾ ਐਲਾਨ ਕੀਤਾ ਹੈ।ਹਥਿਆਰਬੰਦ ਬਲਾਂ ‘ਚ ਭਾਰੀ ਕਮੀ ਨੂੰ ਪੂਰਾ ਕਰਨ ਲਈ ਇੰਗਲੈਂਡ ਨੇ ਇਹ ਕਦਮ ਉਠਾਇਆ ਹੈ। ਨੈਸ਼ਨਲ ਆਡਿਟ ਆਫ਼ਿਸ ਦੀ ਰਿਪੋਰਟ ਮੁਤਾਬਕ ਇਸ ਸਾਲ ਅਪਰੈਲ ਤਕ ਯੂਕੇ ਦੀ ਫ਼ੌਜ ‘ਚ ਕਰੀਬ 8200 ਜਵਾਨਾਂ, ਨਾਵਿਕਾਂ ਅਤੇ ਹਵਾਈ ਸੈਨਿਕਾਂ ਦੀ ਘਾਟ ਹੈ। ਰੱਖਿਆ ਮੰਤਰਾਲੇ ਨੇ ਸੰਸਦ ਮੂਹਰੇ ਲਿਖਤੀ ਤਜਵੀਜ਼ ਨੂੰ ਪੇਸ਼ ਕੀਤਾ ਹੈ ਜਿਸ ਰਾਹੀਂ ਜਾਣਕਾਰੀ ਦਿੱਤੀ ਗਈ ਕਿ ਥਲ, ਜਲ ਜਾਂ



ਬਾਕੀ ਸਫ਼ਾ 28 ’ਤੇ
















SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਅਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


GP THE GOLD PROGRAM
TRANS-ALLIANCE
NATIONAL ACCOUNT TIRE SAVINGS AND BENEFITS
As a Trans-Alliance customer, you have access to our national accounts with most major tire brands.
The Gold Program allows you to purchase premium tires at deep discounts. In addition to stock purchases, you also have access to your pricing over-the-road. Save an average of $40/tire.
Consistent Nationwide Pricing
24/7/365 Coverage
No Minimum Purchases
Retain Your Local Service
Trans-Alliance knows that every dollar counts.
That's why they want to help you save on your tire purchases. Trans-Alliance customers receive nationwide discounts and benefits with most major tire brands.
Don't overpay for your tires. Contact Trans-Alliance today to learn more and request a free quote.
sales@trans-alliance.com
(855) 641-6955
— Save on top brands, like —
MICHELIN
Continental
GOODYEAR
BFGoodrich
DUNLOP
YOKOHAMA
KUMHO TIRES
ROADMASTER TIRES


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# ਯੂਬਾ ਸਿਟੀ ਦੇ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਸੈਲਾਬ ਆਇਆ






## ਗੁਰਮਤਿ ਸਮਾਗਮ, ਸਨਮਾਨ ਸਮਾਰੋਹ ਤੇ ਸਿੱਖੀ-ਪਰਚਾਰ ਲਈ ਲੱਗੀਆਂ ਸਟਾਲਾਂ

**ਯੂਬਾ ਸਿਟੀ/ਹੁਸਨ ਲੜੋਆ ਬੰਗਾ :** ਸਿੱਖ ਜਗਤ ਵਿਚ ਯੂਬਾ ਸਿਟੀ ਦੇ ਨਗਰ ਕੀਰਤਨ ਦਾ ਨਾਂ ਉਸ ਵਕਤ ਹੋਰ ਗੂੜ੍ਹਾ ਹੋ ਗਿਆ ਜਦੋਂ ਇਸ ਵਾਰ ਦੇ ਨਗਰ ਕੀਰਤਨਾਂ ਵਿਚ ਸੰਗਤਾਂ ਦਾ ਰਿਕਾਰਡਤੋੜ ਇਕੱਠ ਹੋਇਆ। ਯੂਬਾ ਸਿਟੀ ਦੇ ਨਗਰ ਕੀਰਤਨ ਦੌਰਾਨ ਐਤਕੀਂ ਮੌਸਮ ਠੀਕ ਹੋਣ ਕਰਕੇ ਸੰਗਤਾਂ ਦਾ ਭਾਰੀ ਇਕੱਠ ਉਮੜਿਆ। ਕਈ ਮਹੀਨਿਆਂ ਤੋਂ ਕੀਤੀ ਗਈ ਤਿਆਰੀ ਕਰਕੇ ਵੱਡੀ ਗਿਣਤੀ ਸਿੱਖ ਸੰਗਤਾਂ ਨੂੰ ਸੰਭਾਲਣ ਵਿਚ ਕੋਈ ਮੁਸ਼ਕਿਲ ਨਹੀਂ ਆਈ। ਕਰੀਬ ਇਕ ਮਹੀਨੇ ਤੋਂ ਗੁਰੂ ਕੇ ਲੰਗਰਾਂ ਸਮੇਤ ਦੂਜੇ ਪ੍ਰਬੰਧਾਂ ਦੀ ਤਿਆਰੀ ਹੋ ਰਹੀ ਸੀ।

ਇਸ ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਗਏ। ਅਖ਼ੀਰਲੇ ਦਿਨ ਵਿਸ਼ਾਲ ਨਗਰ ਕੀਰਤਨ ਵਿਚ ਕਰੀਬ ਇਕ ਲੱਖ ਸਿੱਖ ਸੰਗਤਾਂ ਨੇ ਸ਼ਮੂਲੀਅਤ ਕਰਕੇ ਪੁਰਾਣੇ ਰਿਕਾਰਡ ਮਾਤ ਪਾ ਦਿੱਤੇ। ਇਨ੍ਹਾਂ ਧਾਰਮਿਕ ਸਮਾਗਮਾਂ ਦੌਰਾਨ 13 ਸਤੰਬਰ ਤੋਂ ਸ਼ੁਰੂ ਹੋਈ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ 4 ਨਵੰਬਰ ਨੂੰ ਭੋਗ ਪਾਏ ਗਏ। ਸਮਾਗਮਾਂ ਵਿਚ ਵੱਖ ਵੱਖ ਸ਼ਖਸੀਅਤਾਂ, ਜਿਨ੍ਹਾਂ ਵਿਚ ਰਾਗੀ ਢਾਡੀ ਤੇ ਪ੍ਰਚਾਰਕਾਂ ਨੇ ਵੱਡੇ ਪੱਧਰ ਉਤੇ ਸ਼ਮੂਲੀਅਤ ਕੀਤੀ, ਇਨ੍ਹਾਂ ਵਿਚ ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਕਰਨੈਲ ਸਿੰਘ ਰਣੀਕੇ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਕਰਨ ਸਿੰਘ ਖ਼ਾਲਸਾ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਬੀਬੀ ਬਲਜੀਤ ਕੌਰ ਕੈਨੇਡਾ ਵਾਲੇ, ਭਾਈ ਨਿਰੰਜਨ ਸਿੰਘ ਜਵੱਦੀ ਕਲਾਂ, ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਭਾਈ ਹਰਮਨਦੀਪ ਸਿੰਘ ਖ਼ਾਲਸਾ, ਭਾਈ ਸਾਹਿਬ ਸਿੰਘ ਜੀ, ਭਾਈ ਇਕਬਾਲ ਸਿੰਘ ਜੀ ਕਥਾਵਾਚਕ, ਢਾਡੀ ਜੱਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ, ਭਾਈ ਲਖਵਿੰਦਰ ਸਿੰਘ ਸੋਹਲ, ਡਾ. ਸੁਖਪ੍ਰੀਤ ਸਿੰਘ ਉਦੋਕੇ ਆਦਿ ਦੇ ਨਾਮ ਸ਼ਾਮਲ ਹਨ।

ਇਸੇ ਲੜੀ ਤਹਿਤ ਸ਼ਨੀਵਾਰ ਨੂੰ ਸ਼ਾਮ ਦੇ ਦੀਵਾਨਾਂ ਤੋਂ ਬਾਅਦ ਕਵੀ ਦਰਬਾਰ ਹੋਇਆ, ਜਿਸ ਵਿਚ ਕਵੀਆਂ ਨੇ ਧਾਰਮਿਕ ਕਵਿਤਾਵਾਂ ਪੇਸ਼ ਕੀਤੀਆਂ। ਹਫ਼ਤਾ ਪਹਿਲਾਂ ਐਤਵਾਰ ਨੂੰ ਢਾਡੀ ਦਰਬਾਰ ਕਰਵਾਇਆ ਗਿਆ। ਸ਼ਨੀਵਾਰ ਨੂੰ ਬੱਚਿਆਂ ਵਲੋਂ ਕੀਰਤਨ ਦਰਬਾਰ ਕਰਵਾਇਆ ਗਿਆ। ਸ਼ਨੀਵਾਰ ਨੂੰ ਹੀ ਅੰਮ੍ਰਿਤ ਵੇਲੇ ਦਸਮੇਸ਼ ਹਾਲ ਵਿਚ ਅੰਮ੍ਰਿਤ ਸੰਚਾਰ ਹੋਇਆ ਜਿਸ ਦੌਰਾਨ ਬਹੁਤ ਸਾਰੇ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਸਵੇਰੇ 8 ਵਜੇ ਨਿਸ਼ਾਨ ਸਾਹਿਬ ਦੇ ਚੋਲ਼ੇ ਬਦਲੇ ਗਏ। ਬਾਅਦ ਵਿਚ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਦਾ ਵਿਸ਼ਾ 'ਵੇ ਆਫ਼ ਸਿੱਖ' ਰੱਖਿਆ ਗਿਆ ਜਿਸ ਵਿਚ ਵੱਖ-ਵੱਖ ਲੇਖਕਾਂ ਤੇ ਬੁੱਧੀਜੀਵੀਆਂ ਨੇ ਆਪਣੇ ਪਰਚੇ ਪੜ੍ਹੇ।

ਐਤਵਾਰ ਨਗਰ ਕੀਰਤਨ ਤੋਂ ਪਹਿਲਾਂ ਵਿਸ਼ੇਸ਼ ਦੀਵਾਨਾਂ ਵਿਚ ਵੱਖ-ਵੱਖ ਅਮਰੀਕਨ ਸ਼ਖਸੀਅਤਾਂ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਸਨਮਾਨਤ ਕੀਤਾ ਗਿਆ ਜਿਨ੍ਹਾਂ ਵਿਚ ਪੰਜ ਸੁਪਰਵਾਈਜ਼ਰ, ਰੌਨ ਗਲਿੰਜਰ, ਜੈਮ ਵੂਡਚਰ, ਡੈਨ ਡਲੋਰਸ, ਲੈਰੀ ਮੰਗਰ, ਮੈਟ ਕੌਂਟ ਤੋਂ ਇਲਾਵਾ ਕਾਂਗਰਸਮੈਨ ਜੇਜ਼ ਗਲੀਗਰ, ਭਾਈ ਰਣਜੀਤ ਸਿੰਘ ਹੈਡ ਗ੍ਰੰਥੀ ਬੰਗਲਾ ਸਾਹਿਬ ਸ਼ਾਮਲ ਰਹੇ। ਇਸ ਵਾਰ ਵੀ ਪਿਛਲੇ ਸਾਲਾਂ ਵਾਂਗ ਹੀ ਵੱਡੀ ਗਿਣਤੀ ਵਿਚ ਬਾਕੀ ਭਾਈਚਾਰਿਆਂ ਦੇ ਲੋਕਾਂ ਨੇ ਸੰਗਤ ਵਜੋਂ ਹਾਜ਼ਰੀ ਭਰੀ। ਗੁਰਦੁਆਰਾ ਸਾਹਿਬ ਦੇ ਨਾਲ ਲਗਦੀ ਜਗ੍ਹਾ ਵਿਚ ਲੱਗੇ ਵੱਡੇ ਬਾਜ਼ਾਰਾਂ ਵਿਚੋਂ ਲੋਕਾਂ ਨੇ ਭਾਰੀ ਖਰੀਦੋ-ਫਰੋਖਤ ਵੀ ਕੀਤੀ।

ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਜਥੇਬੰਦੀਆਂ ਸਮੇਤ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਲੋਂ ਆਪਣਾ-ਆਪਣਾ ਫਲੋਟ ਲੈ ਕੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਗਈ। ਖਾਸ ਤੌਰ 'ਤੇ ਸਿੱਖਸ ਫਾਰ ਜਸਟਿਸ, ਸਿੱਖ ਯੂਥ ਅਮਰੀਕਾ, ਗੋਲਡਨ ਟੈਂਪਲ ਮਾਡਲ, ਭਾਈ ਕਨ੍ਹਈਆ ਫਲੋਟ ਅਤੇ ਸ਼ਹੀਦ ਸਿੰਘਾਂ ਦੇ ਫਲੋਟ ਨੇ ਆਕਰਸ਼ਣ ਦਾ ਕੇਂਦਰ ਬਣੇ। ਸਿਰਮੌਰ ਸਿੱਖ ਸੰਸਥਾਵਾਂ ਯੂਨਾਈਟਿਡ ਸਿੱਖਸ, ਜੈਕਾਰਾ ਮੂਵਮੈਂਟ, ਸਿੱਖ ਕੁਲੀਸ਼ਨ, ਸਿੱਖ ਸੇਵਾ ਸਿਮਰਨ ਸੁਸਾਇਟੀ, ਬੜੂ ਸਾਹਿਬ ਕਲਗੀਧਰ ਸੁਸਾਇਟੀ, ਭਗਤ ਪੂਰਨ ਸਿੰਘ ਹੈਲਥ ਇਨੀਸ਼ੀਏਟਿਵ ਆਦਿ ਨੇ ਆਪਣੇ-ਆਪਣੇ ਸਟਾਲਾਂ ਰਾਹੀਂ ਸੰਗਤਾਂ ਵਿਚ ਪ੍ਰਚਾਰ ਕੀਤਾ। ਨਗਰ ਕੀਰਤਨ ਦੀ ਪੰਜਾਬੀ ਅਤੇ ਅਮਰੀਕਨ ਮੀਡੀਆ ਨੇ ਲਾਈਵ ਕਵਰੇਜ਼ ਕੀਤੀ। ਵੱਖ-ਵੱਖ ਕਿਸਮ ਦੇ ਸੁਆਦਲੇ ਖਾਣੇ ਵਾਲੇ ਸੈਂਕੜੇ ਗੁਰੂ ਕੇ ਲੰਗਰ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਸਨ। ਆਖਰੀ ਦਿਨ ਕੁਝ ਸ਼ਰਾਰਤੀ ਅਨਸਰਾਂ ਦੇ ਆਪਸੀ ਝਗੜੇ ਕਾਰਨ ਪੁਲਿਸ ਨੂੰ ਦਖ਼ਲਅੰਦਾਜ਼ੀ ਵੀ ਕਰਨੀ ਪਈ।

## ਗੁਰਦੁਆਰਾ ਸਾਹਿਬ ਫਰੀਮਾਂਟ ਦੀ ਨਵੀਂ ਬਿਲਡਿੰਗ ਦਾ ਸਿਟੀ ਵਲੋਂ ਪਰਮਿਟ ਜਾਰੀ

**ਫਰੀਮਾਂਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮਾਂਟ ਵਲੋਂ ਬਣਾਈ ਗਈ ਨਵੀਂ ਬਿਲਡਿੰਗ, ਜਿਸ ਵਿੱਚ ਮੁੱਖ ਤੌਰ ਉਤੇ ਖਾਲਸਾ ਸਕੂਲ ਅਤੇ ਰਸੋਈ ਹੈ, ਬਾਰੇ ਫਰੀਮਾਂਟ ਸਿਟੀ ਵਲੋਂ ਪਰਮਿਟ ਜਾਰੀ ਕਰਕੇ ਬਿਲਡਿੰਗ ਨੂੰ ਵਰਤਣ ਦੀ ਆਗਿਆ ਦੇ ਦਿੱਤੀ ਗਈ ਹੈ। ਯਾਦ ਰਹੇ ਕਿ ਇਸ ਇਮਾਰਤ ਦੀ ਉਸਾਰੀ ਬਿਨਾ ਕਰਜ਼ਾ ਲਏ ਕੀਤੀ ਗਈ ਹੈ ਜਿਸ ਉੱਪਰ ਲਗਭੱਗ 4 ਮਿਲੀਅਨ ਡਾਲਰ ਖਰਚ ਆਇਆ ਹੈ ਜੋ ਸੰਗਤਾਂ ਦੇ ਭਰਵੇਂ ਹੁੰਗਾਰੇ ਦਾ ਸਬੂਤ ਹੈ। ਪਿਛਲੇ 8 ਸਾਲਾਂ ਵਿੱਚ, ਜਦ ਤੋਂ ਸਿੱਖ ਪੰਚਾਇਤ ਹੋਂਦ ਵਿੱਚ ਆਈ ਹੈ, ਤਦ ਤੋਂ ਹੀ ਗੁਰਦੁਆਰਾ ਸਾਹਿਬ ਦੇ ਇਸ ਪ੍ਰਾਜੈਕਟ ਤੋਂ ਬਿਨਾ ਧਾਰਮਿਕ ਪ੍ਰੋਗਰਾਮਾਂ ਵਿੱਚ ਵੀ ਪ੍ਰਮੁੱਖ ਕੀਰਤੀਨੀਏ ਅਤੇ ਕਥਾਵਾਚਕ ਇਥੇ ਆਏ ਹਨ। ਇਸੇ ਤਰ੍ਹਾਂ ਖਾਲਸਾ ਸਕੂਲ ਦੇ ਸੁਚੱਜੇ ਕੰਮਕਾਰ ਦੀ ਬਦੌਲਤ ਬੱਚਿਆਂ ਦੀ ਭਰਤੀ ਵਧੀ ਹੈ। ਗੱਤਕੇ ਅਤੇ ਕੀਰਤਨ ਦੇ ਅਧਿਆਪਕ (ਉਸਤਾਦ) ਰੱਖਕੇ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਤੋਂ ਬਿਨਾ ਪਹਿਲਾਂ ਵਾਂਗ ਗੁਰੂਘਰ ਵਿਚ ਖਾਲਸਾ ਰਾਜ ਦੇ ਕੰਮ ਵੀ ਚੜ੍ਹਦੀ ਕਲਾ ਵਿੱਚ ਰਹੇ ਹਨ। ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ ਕਰਦੇ ਹੋਏ ਫਰੀਮਾਂਟ ਦੀ ਸੰਗਤ ਨੂੰ ਵਧਾਈ ਦਿੰਦੇ ਹੋਏ ਅਤੇ ਆਪਣੀ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਅਣਥੱਕ ਮਿਹਨਤ ਬਿਨਾ ਇਹ ਕੰਮ ਸਿਰੇ ਚੜ੍ਹਨਾ ਸੰਭਵ ਨਹੀਂ ਸੀ। ਉਨ੍ਹਾਂ ਖਾਸ ਕਰਕੇ ਅੰਮ੍ਰਿਤਪਾਲ ਸਿੰਘ ਸਰਾਂ, ਭਾਈ ਹਰਜੀਤ ਸਿੰਘ, ਭਾਈ ਸੁਰਜੀਤ ਸਿੰਘ, ਮੋਹਿੰਦਰ ਦੱਤਾ, ਗੁਰਚਰਨ ਵੜੈਚ, ਗੁਰਬੀਰ ਸਿੰਘ, ਗੁਰਾ ਸਿੰਘ, ਰਾਜ ਬਾਵਾ, ਭੁਪਿੰਦਰ ਸਿੰਘ ਧਾਰੀਵਾਲ ਦੀ ਇਸ ਪ੍ਰਾਜੈਕਟ ਵਿੱਚ ਲਗਨ ਅਤੇ ਮਿਹਨਤ ਨਾਲ ਕੰਮ ਕਰਨ ਦੀ ਸ਼ਲਾਘਾ ਕੀਤੀ ਅਤੇ ਧੰਨਵਾਦ ਵੀ ਕੀਤਾ।




## ਫ਼ਿਲਮ 'ਜ਼ੀਰੋ' ਦੇ ਪੋਸਟਰ ਖਿਲਾਫ ਸਿੱਖਾਂ 'ਚ ਰੋਸ

**ਨਵੀਂ ਦਿੱਲੀ/ਬਿਊਰੋ ਨਿਊਜ਼** :ਬਾਲੀਵੁੱਡ ਦੀ ਆਉਣ ਵਾਲੀ ਫ਼ਿਲਮ 'ਜ਼ੀਰੋ' ਦੇ ਵਿਵਾਦਤ ਪੋਸਟਰ ਨੇ ਸਿੱਖਾਂ ਦਾ ਦਿਲ ਇਕ ਵਾਰ ਮੁੜ ਦੁਖਾਇਆ ਹੈ। ਇਸ 'ਤੇ ਸਿੱਖ ਭਾਈਚਾਰੇ ਨੇ ਸਖਤ ਨਾਰਾਜ਼ਗੀ ਜ਼ਾਹਰ ਕੀਤੀ ਹੈ। ਫ਼ਿਲਮ ਦੇ ਪੋਸਟਰ ਵਿਚ ਸ਼ਾਹਰੁਖ ਖ਼ਾਨ ਨੇ ਗਾਤਰਾ (ਕਿਰਪਾਨ) ਪਹਿਨੀ ਹੋਈ ਹੈ।ਪੋਸਟਰ 'ਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਨੇ ਵਿਰੋਧ ਜਤਾਇਆ ਹੈ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਫ਼ਿਲਮ ਦੇ ਪੋਸਟਰ ਵਿੱਚ ਸ਼ਾਹਰੁਖ ਨੰਗੇ ਸਰੀਰ 'ਤੇ ਨੋਟਾਂ ਦਾ ਹਾਰ ਪਹਿਨੀ ਤੇ ਗਲ਼ ਵਿੱਚ ਗਾਤਰਾ ਪਹਿਨੇ ਹੋਏ ਦਿਖਾਈ ਦੇ ਰਹੇ ਹਨ। ਗਾਤਰਾ ਜਾਂ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ ਹੈ। ਇਸ ਨੂੰ ਮਜ਼ਾਕੀਆ ਤਰੀਕੇ ਵਿੱਚ ਦਿਖਾਏ ਜਾਣ 'ਤੇ ਸਿੱਖਾਂ ਨੂੰ ਇਤਰਾਜ਼ ਹੈ। ਡੀਐਸਜੀਐਮਸੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਰਾਣਾ ਨੇ ਇੱਕ ਪੱਤਰ ਜਾਰੀ ਕਰਦਿਆਂ ਲਿਖਿਆ ਹੈ ਕਿ ਫ਼ਿਲਮਾਂ ਵਿੱਚ ਧਾਰਮਕ ਚਿੰਨ੍ਹਾਂ ਦੀ ਬੇਅਦਬੀ ਕਰਨ ਦੀ ਭੇਡ ਚਾਲ ਹੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਫ਼ਿਲਮ ਮਨਮਰਜ਼ੀਆਂ ਵਿੱਚ ਵੀ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਤਸਵੀਰਾਂ ਨੂੰ ਦਿਖਾਇਆ ਗਿਆ ਸੀ। ਰਾਣਾ ਨੇ ਫ਼ਿਲਮ ਨਿਰਮਾਤਾਵਾਂ ਅਤੇ ਸ਼ਾਹਰੁਖ ਖ਼ਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਇਸ ਪੋਸਟਰ ਨੂੰ ਵਾਪਸ ਲਿਆ ਜਾਵੇ, ਜੇਕਰ ਅਜਿਹਾ ਨਹੀਂ ਹੁੰਦਾ ਤਾਂ ਫ਼ਿਲਮ ਰਿਲੀਜ਼ ਨਹੀਂ ਹੋਣ ਦਿੱਤੀ ਜਾਵੇਗੀ। ਕਮੇਟੀ ਵੀ ਫ਼ਿਲਮ ਨਿਰਮਾਤਾਵਾਂ ਨੂੰ ਨੋਟਿਸ ਜਾਰੀ ਕਰਨ ਦੀ ਤਿਆਰੀ ਵਿਚ ਹਨ।ਦਿੱਲੀ ਤੋਂ ਅਕਾਲੀ ਦਲ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਸ਼ਾਹਰੁਖ਼ ਖਾਨ ਅਤੇ ਹੋਰ ਵਿਅਕਤੀਆਂ ਦੇ ਖ਼ਿਲਾਫ਼ 'ਜ਼ੀਰੋ' ਫ਼ਿਲਮ ਦੇ ਦੁਆਰਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਤਹਿਤ ਸ਼ਿਕਾਇਤ ਦਰਜ ਕਰਵਾਈ ਹੈ।

## ਟਰੰਪ ਪ੍ਰਸ਼ਾਸਨ ਵੱਲੋਂ ਇਰਾਨ 'ਤੇ ਸਖਤ ਬੰਦਿਸ਼ਾਂ, ਭਾਰਤ ਨੂੰ ਛੋਟ

**ਵਾਸ਼ਿੰਗਟਨ/ਬਿਊਰੋ ਨਿਊਜ਼** : ਟਰੰਪ ਪ੍ਰਸ਼ਾਸਨ ਵੱਲੋਂ ਇਰਾਨ 'ਤੇ ਸਖਤ ਬੰਦਿਸ਼ਾਂ ਲਗਾਈਆਂ ਗਈਆਂ ਹਨ, ਜਦਕਿ ਭਾਰਤ ਸਮੇਤ ਚੀਨ ਨੂੰ ਇਨ੍ਹਾਂ ਪਾਬੰਦੀਆਂ ਤੋਂ ਛੋਟ ਦਿੱਤੀ ਹੈ। ਭਾਵੇਂ ਇਰਾਨ ਖ਼ਿਲਾਫ਼ ਹੁਣ ਤਕ ਦੀਆਂ ਸਭ ਤੋਂ ਸਖਤ ਪਾਬੰਦੀਆਂ ਲਾਗੂ ਕੀਤੀਆਂ ਗਈਆਂ ਹਨ ਪਰ ਟਰੰਪ ਪ੍ਰਸ਼ਾਸਨ ਨੇ ਭਾਰਤ ਅਤੇ ਚੀਨ ਵੱਲੋਂ ਤਹਿਰਾਨ ਤੋਂ ਤੇਲ ਦੀ ਖ਼ਰੀਦਦਾਰੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਰਾਨ ਦੇ ਬੈਂਕਿੰਗ ਅਤੇ ਊਰਜਾ ਖੇਤਰਾਂ 'ਤੇ ਪਾਬੰਦੀਆਂ ਆਇਦ ਕੀਤੀਆਂ ਗਈਆਂ ਹਨ। ਯੂਰੋਪ ਅਤੇ ਏਸ਼ੀਆ ਦੇ ਜਿਹੜੇ ਮੁਲਕ ਅਤੇ ਕੰਪਨੀਆਂ ਇਰਾਨ ਤੋਂ ਤੇਲ ਦੀ ਦਰਾਮਦ ਨਹੀਂ ਰੋਕਣਗੇ, ਉਨ੍ਹਾਂ 'ਤੇ ਜੁਰਮਾਨਾ ਠੋਕਿਆ ਜਾਵੇਗਾ।ਪਾਬੰਦੀਆਂ ਲਾਗੂ ਹੋਣ ਮਗਰੋਂ ਸਵਿਫਟ ਬੈਂਕਿੰਗ ਨੈੱਟਵਰਕ ਨੇ ਇਰਾਨ ਦੇ ਕਈ ਬੈਂਕਾਂ ਨੂੰ ਆਪਣੀਆਂ ਸੇਵਾਵਾਂ ਦੇਣੀਆਂ ਬੰਦ ਕਰ ਦਿੱਤੀਆਂ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨਾਲ ਹੋਏ 2015 ਦੇ ਪਰਮਾਣੂ ਸਮਝੌਤੇ ਨੂੰ ਮਈ 'ਚ ਰੱਦ ਕਰ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਇਰਾਨ ਪਰਮਾਣੂ ਮਸਲੇ 'ਤੇ ਅਮਰੀਕਾ ਨਾਲ ਮੁੜ ਤੋਂ ਗੱਲਬਾਤ ਆਰੰਭੇ। ਟਰੰਪ ਪ੍ਰਸ਼ਾਸਨ ਮੁਤਾਬਕ ਉਹ ਤਹਿਰਾਨ ਵੱਲੋਂ ਸਾਈਬਰ ਹਮਲਿਆਂ, ਬੈਲਿਸਟਿਕ ਮਿਜ਼ਾਈਲ ਪ੍ਰੀਖਣਾਂ ਅਤੇ ਮੱਧ ਪੂਰਬ 'ਚ ਦਹਿਸ਼ਤੀ ਗੁੱਟਾਂ ਦੀ ਹਮਾਇਤ ਨੂੰ ਵੀ ਰੋਕਣਾ ਚਾਹੁੰਦਾ ਹੈ। ਇਰਾਨ ਤੋਂ ਵੱਡੇ ਪੱਧਰ 'ਤੇ ਕੱਚਾ ਤੇਲ ਖ਼ਰੀਦਣ ਵਾਲੇ ਭਾਰਤ ਅਤੇ ਚੀਨ ਨੂੰ ਪਾਬੰਦੀਆਂ ਤੋਂ ਰਾਹਤ ਮਿਲ ਗਈ ਹੈ। ਏਸ਼ੀਆ ਦੇ ਦੋ ਵੱਡੇ ਮੁਲਕ ਉਨ੍ਹਾਂ ਅੱਠ ਮੁਲਕਾਂ 'ਚ ਸ਼ਾਮਲ ਹਨ ਜਿਨ੍ਹਾਂ ਨੂੰ ਇਰਾਨ 'ਤੇ ਲਾਈਆਂ ਗਈਆਂ ਪਾਬੰਦੀਆਂ ਤੋਂ ਆਰਜ਼ੀ ਤੌਰ 'ਤੇ ਰਾਹਤ ਦਿੱਤੀ ਗਈ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਇਰਾਨ ਤੋਂ ਤੇਲ ਦੀ ਦਰਾਮਦ ਲਈ ਛੋਟ ਮਿਲਣ ਵਾਲੇ ਮੁਲਕਾਂ ਦਾ ਖੁਲਾਸਾ ਕੀਤਾ ਹੈ। ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਟੈਲੀਵਿਜ਼ਨ 'ਤੇ ਪ੍ਰਸਾਰਿਤ ਸੰਦੇਸ਼ 'ਚ ਕਿਹਾ ਕਿ ਉਹ ਅਮਰੀਕਾ ਵੱਲੋਂ ਲਾਈਆਂ ਪਾਬੰਦੀਆਂ ਦਾ ਸਫ਼ਲਤਾ ਨਾਲ ਟਾਕਰਾ ਕਰੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਗ਼ੈਰਕਾਨੂੰਨੀ ਅਤੇ ਅਨਿਆਂ ਪੂਰਨ ਪਾਬੰਦੀਆਂ ਲਾਈਆਂ ਹਨ ਜੋ ਕੌਮਾਂਤਰੀ ਨੇਮਾਂ ਖ਼ਿਲਾਫ਼ ਹਨ।




## ਸਿੱਖਸ ਆਫ ਅਮਰੀਕਾ ਤੇ ਐਨਸੀਆਈਏ ਨੇ ਅੰਬੈਸੀ ਕੌਂਸਲਰ ਸਹਿਯੋਗੀ ਸੀਐੱਸ. ਰਾਵਤ ਨੂੰ ਸਨਮਾਨਿਆ

**ਮੈਰੀਲੈਂਡ/ਰਾਜ ਗੋਗਨਾ** : ਇਥੇ ਇਕ ਸਮਾਗਮ ਵਿਚ ਵਾਸ਼ਿੰਗਟਨ ਸਥਿਤ ਭਾਰਤੀ ਅੰਬੈਸੀ ਦੇ ਕੌਂਸਲਰ ਵਿੰਗ ਅਤੇ ਅੰਬੈਸਡਰ ਵਿੰਗ ਦੇ ਨਵੇਂ ਅਤੇ ਪੁਰਾਣੇ ਅਫਸਰਾਂ ਨੂੰ ਸਾਂਝੇ ਤੌਰ ਉਤੇ ਭਾਈਚਾਰਕ ਸਾਂਝ ਵਜੋਂ ਬੁਲਾਇਆ ਗਿਆ। ਇਸ ਮੌਕੇ ਨਵੇਂ ਅਤੇ ਪੁਰਾਣੇ ਅਫਸਰਾਂ ਵੱਲੋਂ ਆਪਸੀ ਪਿਆਰ, ਸਤਿਕਾਰ ਅਤੇ ਸਹਿਯੋਗ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਮਹਿਮਾਨਾਂ ਲਈ ਰਾਤਰੀ ਭੋਜ ਦਾ ਵੀ ਪ੍ਰਬੰਧ ਕੀਤਾ ਗਿਆ। ਸਮਾਗਮ ਵਿਚ ਅਨੁਰਾਗ ਕੁਮਾਰ ਕਮਿਊਨਿਟੀ ਮਨਿਸਟਰ, ਜੈ ਦੀਪ ਨਾਇਰ ਕੌਂਸਲਰ ਮਨਿਸਟਰ, ਵਿਨਾਇਕ ਚੌਹਾਨ ਫਸਟ ਸੈਕਟਰੀ ਓਸੀਆਈ, ਸੀਐੱਸ. ਰਾਵਤ ਕੌਂਸਲਰ ਅਟੈਚੀ ਅਤੇ ਪੀਸੀ. ਮਿਸ਼ਰਾ ਵੀਜ਼ਾ ਕੌਂਸਲਰ ਉਚੇਚੇ ਤੌਰ 'ਤੇ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਅੰਜਨਾ ਬਰੋਦਰੀ ਵਲੋਂ ਕੀਤੀ ਗਈ ਅਤੇ ਆਏ ਮਹਿਮਾਨਾਂ ਨੂੰ ਗੁਲਦਸਤੇ ਭੇਟ ਕਰਕੇ 'ਜੀ ਆਇਆਂ ਨੂੰ' ਆਖਿਆ ਗਿਆ। ਪ੍ਰਭਜੋਤ ਸਿੰਘ ਕੋਹਲੀ ਨੇ ਅਨੁਰਾਗ ਕੁਮਾਰ ਕਮਿਊਨਿਟੀ ਮਨਿਸਟਰ ਸਬੰਧੀ ਜਾਣਕਾਰੀ ਦਿੱਤੀ ਅਤੇ ਅਨੁਰਾਗ ਕਮਾਰ ਨੇ ਪ੍ਰਵਾਸੀ ਭਾਰਤੀ ਦਿਵਸ ਸਬੰਧੀ ਉਚੇਚੇ ਤੌਰ 'ਤੇ ਸ਼ਾਮਲ ਹੋਣ ਤੋਂ ਇਲਾਵਾ ਕਮਿਊਨਿਟੀ ਦੀਆਂ ਮੁਸ਼ਕਲਾਂ ਅਤੇ ਤਾਲ ਮੇਲ ਉਤੇ ਜ਼ੋਰ ਦਿੱਤਾ। ਪਵਨ ਬੈਜਵਾੜਾ ਨੇ ਸੰਸਥਾ ਦੀਆਂ ਕਾਰਗੁਜ਼ਾਰੀਆਂ ਉਤੇ ਵਿਸਥਾਰਪੂਰਵਕ ਝਾਤ ਪਾਈ ਅਤੇ ਡਾਕਟਰ ਜੈਦੀਪ ਨਾਇਰ ਕੌਂਸਲਰ ਵਿੰਗ ਚੀਫ ਨੂੰ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ। ਡਾਕਟਰ ਜੈ ਦੀਪ ਨਾਇਰ ਨੇ ਕਿਹਾ ਕਿ



ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਅਸੀਂ ਹਰੇਕ ਦਾ ਕੰਮ ਉਸ ਦੇ ਆਸ਼ੇ ਮੁਤਾਬਕ ਕਰੀਏ ਪਰ ਫਾਈਲ ਦੇ ਕਾਗਜ਼ ਪੂਰੇ ਕਰਨਾ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਹੁੰਦੀ ਹੈ। ਸਾਡਾ ਕੰਮ ਹੈ ਕਿ ਹਰੇਕ ਨੂੰ ਵਧੀਆ ਢੰਗ ਨਾਲ ਖੁਸ਼ ਕੀਤਾ ਜਾਵੇ। ਸਵਾਗਤੀ ਸਮਾਗਮ ਵਿਚ ਸੀਐੱਸ. ਰਾਵਤ ਕੌਂਸਲਰ ਅਟੈਚੀ ਦੀਆਂ ਵਧੀਆ ਕਾਰਗੁਜ਼ਾਰੀਆਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਬਲਜਿੰਦਰ ਸਿੰਘ ਸ਼ੰਮੀ ਨੇ ਮਿਸਟਰ ਰਾਵਤ ਦੇ ਸੁਭਾਅ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਜਸਦੀਪ ਸਿੰਘ ਜੱਸੀ ਚੇਅਰਮੈਨ, ਸਾਊਥ ਏਸ਼ੀਅਨ ਕਮਿਸ਼ਨਰ ਨਗਿੰਦਰ ਰਾਉ ਅਤੇ ਸਮੁੱਚੀ ਐੱਨਸੀਆਈਏ. ਦੀ ਟੀਮ ਵਲੋਂ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਗਵਰਨਰ ਦੇ ਡਾਕਟਰ ਸ੍ਰੀ ਅਰੁਣ ਭੰਡਾਰੀ ਤੇ ਡਾਕਟਰ ਕਾਰਤਿਕ ਡਿਸਾਈ ਦੇ ਪਰਿਵਾਰਾਂ ਨੇ ਵੀ ਸ਼ਿਰਕਤ ਕੀਤੀ। ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਵਸ਼ਿੰਗਟਨ ਡੀਸੀ. ਵਿਚ ਬਹੁਤ ਵਧੀਆ ਟੀਮ ਹੈ ਜੋ ਹਰੇਕ ਦੇ ਕਾਰਜ ਨੂੰ ਬਿਨਾ ਝਿਜਕ ਪੂਰਾ ਕਰਦੇ ਹਨ। ਇਸ ਕਰਕੇ ਅੰਬੈਸੀ ਤੋਂ ਸਮੁੱਚੀ ਕਮਿਊਨਿਟੀ ਖੁਸ਼ ਹੈ। ਇਸ ਮੌਕੇ ਰੰਗਾਰੰਗ ਪ੍ਰੋਗਰਾਮ ਵੀ ਕੀਤਾ ਗਿਆ। ਅੰਤ ਵਿਚ ਦੇਬੰਗ ਸ਼ਾਹ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਐਨਆਈਏ. ਜੱਗੀ ਮਾਮਲੇ ਦੀ ਸੁਣਵਾਈ ਪੰਜਾਬ ਦੇ ਜੱਜਾਂ ਤੋਂ ਨਹੀਂ ਕਰਵਾਉਣਾ ਚਾਹੁੰਦੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਭਾਰਤ ਦੀ 'ਨੈਸ਼ਨਲ ਇਨਵੈਸਟੀਗੇਟਿਵ ਏਜੰਸੀ' ਇਹ ਨਹੀਂ ਚਾਹੁੰਦੀ ਕਿ ਇਸ ਏਜੰਸੀ ਵੱਲੋਂ ਵੱਖ-ਵੱਖ ਮਾਮਲਿਆਂ ਵਿੱਚ ਨਾਮਜ਼ਦ ਕੀਤੇ ਗਏ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਉਰਫ ਜੱਗੀ ਜੌਹਲ ਖਿਲਾਫ ਚੱਲ ਰਹੇ ਮੁਕੱਦਮਿਆਂ ਦੀ ਸੁਣਵਾਈ ਪੰਜਾਬ ਵਿਚਲੀ ਐਨਆਈਏ. ਦੀ ਖਾਸ ਅਦਾਲਤ ਵੱਲੋਂ ਕੀਤੀ ਜਾਵੇ। ਇਸ ਬਾਰੇ ਇਕ ਵਿਸਥਾਰਿਤ ਰਿਪੋਰਟਰ ਸਿੱਖ ਜਗਤ ਨਾਲ ਸਬੰਧਿਤ ਮੁੱਦਿਆਂ ਉਤੇ ਖਬਰਾਂ ਦੇਣ ਵਾਲੀ ਵੈਬਸਾਇਟ "ਸਿੱਖ ਸਿਆਸਤ ਡਾਟ ਕਾਮ" ਨੇ ਛਾਪੀ ਹੈ।

"ਸਿੱਖ ਸਿਆਸਤ" ਦੀ ਖਬਰ ਮੁਤਾਬਕ ਇਸ ਲਈ ਐਨਆਈਏ. ਨੇ ਭਾਰਤੀ ਸੁਪਰੀਮ ਕੋਰਟ ਕੋਲ ਪਹੁੰਚ ਕਰਦਿਆਂ ਕਿਹਾ ਹੈ ਕਿ ਜਗਤਾਰ ਸਿੰਘ ਜੱਗੀ ਸਮੇਤ ਗ੍ਰਿਫਤਾਰ ਕੀਤੇ ਗਏ ਹੋਰਨਾਂ ਨੌਜਵਾਨਾਂ, ਜਿਹਨਾਂ ਵਿੱਚ ਰਮਦੀਪ ਸਿੰਘ ਬੱਗਾ, ਹਰਦੀਪ ਸਿੰਘ ਸ਼ੇਰਾ, ਧਰਮਿੰਦਰ ਸਿੰਘ ਗੁਗਨੀ, ਅਮਨਿੰਦਰ ਸਿੰਘ ਆਦਿ ਦੇ ਨਾਂ ਸ਼ਾਮਲ ਹਨ, ਖਿਲਾਫ ਦਰਜ ਕੀਤੇ ਮਾਮਲਿਆਂ ਦੀ ਸੁਣਵਾਈ ਪੰਜਾਬ ਤੋਂ ਬਾਹਰ ਤਬਦੀਲ ਕਰ ਦਿੱਤੀ ਜਾਵੇ।

ਐਨਆਈਏ. ਵੱਲੋਂ ਫੌਜਦਾਰੀ ਕਾਰਵਾਈ ਜ਼ਾਬਤੇ (ਕੋਡ ਆਫ ਕ੍ਰਿਮਿਨਲ ਪ੍ਰੋਸੀਜ਼ਰ) ਦੀ ਧਾਰਾ 406 ਤਹਿਤ ਪਾਈ ਗਈ ਇਸ ਅਰਜ਼ੀ ਉੱਤੇ ਇਕਪਾਸੜ ਸੁਣਵਾਈ ਕਰਦਿਆਂ ਭਾਰਤੀ ਸੁਪਰੀਮ ਕੋਰਟ ਨੇ ਐਨਆਈਏ. ਦੀ ਮੋਹਾਲੀ ਵਿਸ਼ੇਸ਼ ਅਦਾਲਤ ਵਿੱਚ ਚੱਲ ਰਹੀ ਸੁਣਵਾਈ ਉੱਤੇ ਰੋਕ ਲਾ ਦਿੱਤੀ ਹੈ ਤੇ ਸਬੰਧਤ ਵਿਅਕਤੀਆਂ ਨੂੰ ਐਨਆਈਏ. ਦੀ ਅਰਜ਼ੀ ਉੱਤੇ ਜਵਾਬ ਦਾਖਲ ਕਰਨ ਲਈ ਕਿਹਾ ਹੈ। ਭਾਰਤੀ ਉੱਚ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 3 ਦਸੰਬਰ 2018 ਦੀ ਤਰੀਕ ਮਿੱਥੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਨੇ ਜਗਤਾਰ ਸਿੰਘ ਜੱਗੀ ਨੂੰ ਪਿਛਲੇ ਸਾਲ 4 ਨਵੰਬਰ ਨੂੰ ਗ੍ਰਿਫਤਾਰ ਕੀਤਾ ਸੀ। ਇਸ ਤੋਂ ਬਾਅਦ ਹੋਰ ਕਈ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਫਿਰ ਪੰਜਾਬ ਵਿੱਚ ਹੋਏ ਵੱਖ-ਵੱਖ ਕਤਲਾਂ, ਜਿਹਨਾਂ ਵਿੱਚ ਹਿੰਦੂਤਵੀ ਆਗੂਆਂ ਦੇ ਕਤਲਾਂ ਦੇ ਮਾਮਲੇ ਸ਼ਾਮਲ ਸਨ, ਵਿੱਚ ਨਾਮਜ਼ਦ ਕਰ ਲਿਆ ਗਿਆ ਸੀ। ਇੱਥੋਂ ਤੱਕ ਕਿ ਪੁਲਿਸ ਨੇ ਇਕ ਸ਼ਿਵ ਸੈਨਾ ਆਗੂ ਉੱਤੇ ਹਮਲੇ ਦਾ ਇਕ ਅਜਿਹਾ ਮਾਮਲਾ ਵੀ ਇਹਨਾਂ ਨੌਜਵਾਨਾਂ ਉੱਤੇ ਪਾ ਦਿੱਤਾ, ਜਿਸ ਵਿੱਚ ਪੁਲਿਸ ਨੇ ਪਹਿਲਾਂ ਲੁਧਿਆਣੇ ਦੇ ਇਸ ਸ਼ਿਵ ਸੈਨਾ ਆਗੂ ਨੂੰ ਆਪਣੇ ਉੱਤੇ ਹਮਲੇ ਦੀ ਝੂਠੀ ਕਹਾਣੀ ਘੜਨ ਦੇ ਮੁਕਦਮੇ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕਰ ਲਿਆ ਸੀ।



ਦੱਸਣਯੋਗ ਹੈ ਕਿ ਇਸੇ ਸਾਲ ਫਰਵਰੀ ਵਿੱਚ ਐਨਆਈਏ. ਨੇ ਇਹਨਾਂ ਨੌਜਵਾਨਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਐਨਆਈਏ. ਨੇ ਇਸ ਬਾਬਤ ਕੇਂਦਰ ਸਰਕਾਰ ਕੋਲੋਂ ਇੱਕ ਨੋਟੀਫਿਕੇਸ਼ਨ ਵੀ ਜਾਰੀ ਕਰਵਾ ਲਿਆ ਸੀ ਅਤੇ ਪੰਜਾਬ ਤੇ ਦਿੱਲੀ ਦੀਆਂ ਸਰਕਾਰਾਂ ਕੋਲੋਂ 'ਕੋਈ ਇਤਰਾਜ਼ ਨਹੀਂ' (ਨੋ ਅਬਜੈਕਸ਼ਨ) ਵਾਲੀਆਂ ਚਿੱਠੀਆਂ ਵੀ ਲੈ ਲਈਆਂ ਸਨ ਪਰ ਜਦੋਂ ਐਨਆਈਏ. ਨੇ ਇਸ ਬਾਰੇ ਅਦਾਲਤ ਕੋਲੋਂ ਇਜਾਜ਼ਤ ਮੰਗੀ ਤਾਂ ਅਦਾਲਤ ਨੇ ਇਸ ਉੱਤੇ ਬਚਾਅ ਪੱਖ ਨੂੰ ਆਪਣਾ ਪੱਖ ਰੱਖਣ ਲਈ ਕਿਹਾ। ਬਚਾਅ ਪੱਖ ਨੇ ਐਨਆਈਏ. ਵਿਸ਼ੇਸ਼ ਅਦਾਲਤ ਦੀ ਜੱਜ ਮਿਸ ਅੰਸ਼ੂਲ ਬੇਰੀ ਨੂੰ ਦੱਸਿਆ ਕਿ ਐਨਆਈਏ. ਦੀ ਅਰਜ਼ੀ ਦਾ ਕੋਈ ਕਾਨੂੰਨੀ ਅਧਾਰ ਨਹੀਂ ਬਣਦਾ ਅਤੇ ਕਾਨੂੰਨ ਮੁਤਾਬਕ ਚੱਲਦੇ ਮੁਕੱਦਮੇ ਦੌਰਾਨ ਕਿਸੇ ਗ੍ਰਿਫਤਾਰ ਵਿਅਕਤੀ ਨੂੰ ਬਾਹਰਲੇ ਸੂਬੇ ਦੀ ਜੇਲ੍ਹ ਵਿੱਚ ਭੇਜਣ ਦਾ ਹੱਕ ਨਾ ਤਾਂ ਕੇਂਦਰ ਜਾਂ ਸੂਬਾ ਸਰਕਾਰ ਕੋਲ ਹੈ ਅਤੇ ਕਾਨੂੰਨ ਮੁਤਾਬਕ ਨਾ ਹੀ ਮੁਕੱਦਮਾ ਚਲਾਉਣ ਵਾਲੀ ਅਦਾਲਤ ਹੀ ਅਜਿਹਾ ਕਰ ਸਕਦੀ ਹੈ। ਇਸ ਤੋਂ ਇਲਾਵਾਂ ਬਚਾਅ ਪੱਖ ਨੇ ਜੇਲ੍ਹ ਤਬਦੀਲੀ ਦੇ ਹੱਕ ਵਿੱਚ ਐਨਆਈਏ ਵੱਲੋਂ ਦਿੱਤੀਆਂ ਜਾ ਰਹੀਆਂ ਦਲੀਲਾਂ ਦੀ ਵੀ ਕਾਟ ਪੇਸ਼ ਕਰ ਦਿੱਤੀ ਸੀ। ਅਦਾਲਤ ਨੇ ਐਨਆਈਏ. ਦੀ ਅਰਜ਼ੀ ਨੂੰ ਕਾਨੂੰਨ ਦੇ ਦਾਇਰੇ ਤੋਂ ਬਾਹਰ ਦੀ ਦੱਸਦਿਆਂ ਇਹ ਅਰਜ਼ੀ ਰੱਦ ਕਰ ਦਿੱਤੀ ਸੀ।

ਇਸ ਤੋਂ ਬਾਅਦ ਕੇਂਦਰ ਸਰਕਾਰ ਨੇ ਐਨਆਈਏ. ਅਦਾਲਤ ਬਾਰੇ ਪਹਿਲਾਂ ਜਾਰੀ ਕੀਤੇ ਨੋਟੀਫਿਕੇਸ਼ ਵਿੱਚ ਸੋਧ ਕਰਕੇ ਇਹ ਮੁਕੱਦਮੇ ਪਹਿਲਾਂ ਸੁਣਵਾਈ ਕਰਦੀ ਆ ਰਹੀ ਜੱਜ ਮਿਸ ਅੰਸ਼ੁਲ ਬੇਰੀ ਤੋਂ ਤਬੀਦਲ ਕਰਕੇ ਦੂਜੇ ਜੱਜ ਦੀ ਅਦਾਲਤ ਕੋਲ ਭੇਜ ਦਿੱਤੇ ਸਨ।

ਹੁਣ ਨਵੇਂ ਜੱਜ ਨਿਰਭਉ ਸਿੰਘ ਗਿੱਲ ਦੀ ਅਦਾਲਤ ਵਿੱਚ ਐਨਆਈਏ. ਵੱਲੋਂ ਇਹ ਕਿਹਾ ਜਾ ਰਿਹਾ ਸੀ ਕਿ ਜਗਤਾਰ ਸਿੰਘ ਜੱਗੀ ਤੇ ਹੋਰਾਂ ਖਿਲਾਫ ਇਸ ਏਜੰਸੀ ਨੇ ਵੱਲੋਂ ਖੜ੍ਹੇ ਕੀਤੇ ਗਏ ਕਈ ਗਵਾਹਾਂ ਬਾਰੇ ਕੋਈ ਵੀ ਵੇਰਵਾ ਬਚਾਅ ਪੱਖ ਨੂੰ ਨਾ ਦੱਸਿਆ ਜਾਵੇ ਤੇ ਨਾ ਹੀ ਇਹ ਦੱਸਿਆ ਜਾਵੇ ਕਿ ਉਹ ਗਵਾਹ ਕੌਣ ਹਨ ਤੇ ਉਹਨਾਂ ਏਜੰਸੀ ਨੂੰ ਕੀ ਬਿਆਨ ਦਿੱਤੇ ਹਨ? ਅਦਾਲਤ ਵਿੱਚ ਬਚਾਅ ਪੱਖ ਨੇ ਐਨਆਈਏ. ਦੀ ਇਸ ਅਰਜ਼ੀ ਦਾ ਡਟਵਾਂ ਵਿਰੋਧ ਕੀਤਾ ਸੀ ਪਰ ਸੁਣਵਾਈ ਫੈਸਲੇ ਦੇ ਨੇੜੇ ਪੁੱਜਣ ਤੇ ਐਨਆਈਏ. ਨੇ ਇਹ ਕਹਿੰਦਿਆਂ ਅਰਜ਼ੀ ਵਾਪਸ ਲੈ ਲਈ ਕਿ ਉਹ ਤਰੁੱਟੀਆਂ ਦੂਰ ਕਰਕੇ ਇਹ ਅਰਜ਼ੀ ਮੁੜ ਦਾਖਲ ਕਰਨਾ ਚਾਹੁੰਦੀ ਹੈ। ਮੁੜ ਦਾਖਲ ਕੀਤੀ ਗਈ ਅਰਜ਼ੀ ਖਿਲਾਫ ਵੀ ਬਚਾਅ ਪੱਖ ਨੇ ਡਟਵੀਂ ਬਹਿਸ ਕੀਤੀ ਹੈ। ਹੁਣ ਜਦੋਂ ਅਦਾਲਤ ਵੱਲੋਂ ਇਸ ਅਰਜ਼ੀ ਉਤੇ ਫੈਸਲਾ ਸੁਣਾਇਆ ਜਾਣਾ ਸੀ ਤਾਂ ਐਨਆਈਏ. ਨੇ ਭਾਰਤੀ ਸੁਪਰੀਮ ਕੋਰਟ ਵਿੱਚ ਪਹੁੰਚ ਕਰਕੇ ਹੇਠਲੀ ਅਦਾਲਤ ਦੀ ਸਾਰੀ ਕਾਰਵਾਈ ਉੱਤੇ ਹੀ ਰੋਕ ਲੁਆ ਦਿੱਤੀ ਹੈ ਤੇ ਕਿਹਾ ਹੈ ਕਿ ਸਾਰੇ ਮਾਮਲੇ ਹੀ ਪੰਜਾਬ ਤੋਂ ਬਾਹਰ ਭੇਜ ਦਿੱਤੇ ਜਾਣ। ਇਸ ਮਾਮਲੇ ਨਾਲ ਜੁੜੇ ਦਸਤਾਵੇਜ਼ਾਂ ਦੀ ਘੋਖ ਤੋਂ ਪਤਾ ਲੱਗਦਾ ਹੈ ਕਿ ਐਨਆਈਏ. ਮੁਕੱਦਮਾ ਨੰਬਰ SC/70/2018 (RC-18/2017/NIA/DLI), SC/76/2018 (RC-22/2017 / NIA/DLI), SC/77/2018 (RC-27/2017/NIA/DLI), SC/78/2018 (RC25/2017/NIA/DLI), SC/79/2018 (RC-23/2017/NIA/DLI) Aqy SC/88/2018 (RC-26/2017/NIA/DLI) ਨੂੰ ਪੰਜਾਬ ਤੋਂ ਬਾਹਰ ਤਬਦੀਲ ਕਰਵਾਉਣਾ ਚਾਹੁੰਦੀ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਜਗਤਾਰ ਸਿੰਘ ਜੱਗੀ ਦੇ ਵਕੀਲ ਬਰਜਿੰਦਰ ਸਿੰਘ ਸੋਢੀ ਨੇ ਕਿਹਾ ਕਿ ਅਸਲ ਵਿੱਚ ਭਾਰਤੀ ਜਾਂਚ ਏਜੰਸੀਆਂ ਨਿਆਂ ਜਾਂ ਮੁੱਦਈ ਲਈ ਕੰਮ ਕਰਨ ਦੀ ਬਜਾਏ ਸਿਆਸੀ ਧਿਰਾਂ ਲਈ ਕੰਮ ਕਰਦੀਆਂ ਹਨ ਤੇ ਇਸ ਵਕਤ ਇਹ ਏਜੰਸੀਆਂ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਘੱਟੋ-ਘੱਟ ਅਦਾਲਤਾਂ ਜ਼ਰੂਰ ਇਸ ਮਾਮਲੇ ਵਿੱਚ ਘੱਟਗਿਣਤੀਆਂ ਦਾ ਬਚਾਅ ਕਰਨਗੀਆਂ। ਉਹਨਾਂ ਕਿਹਾ ਕਿ ਕੀ ਐਨਆਈਏ. ਪੰਜਾਬ ਦੇ ਜੱਜਾਂ ਉੱਤੇ ਸਵਾਲ ਚੁੱਕਣਾ ਚਾਹੁੰਦੀ ਹੈ ਕਿ ਉਹ ਇਹਨਾਂ ਮਾਮਲਿਆਂ ਦੀ ਸਹੀ ਸੁਣਵਾਈ ਨਹੀਂ ਕਰ ਸਕਦੇ?

ਰਮਦੀਪ ਸਿੰਘ ਬੱਗਾ ਤੇ ਹਰਦੀਪ ਸਿੰਘ ਸ਼ੇਰਾ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਐਨਆਈਏ. ਇਹਨਾਂ ਮਾਮਲਿਆਂ ਦੀ ਸੁਣਵਾਈ ਆਪਣੇ ਮੁਤਾਬਕ ਕਰਵਾਉਣਾ ਚਾਹੁੰਦੀ ਹੈ ਜਦੋਂਕਿ ਹੁਣ ਤੱਕ ਦੀ ਅਦਾਲਤੀ ਸੁਣਵਾਈ ਤਕਰੀਬਨ ਕਾਨੂੰਨ ਮੁਤਾਬਕ ਚੱਲ ਰਹੀ ਸੀ। ਲੱਗਦਾ ਹੈ ਕਿ ਐਨਆਈਏ. ਆਪਣੇ ਮੁਤਾਬਕ ਕਾਰਵਾਈ ਕਰਵਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰਨ ਲਈ ਇਹ ਮਾਮਲੇ ਪੰਜਾਬ ਤੋਂ ਬਾਹਰ ਕੱਢ ਕੇ ਦਿੱਲੀ ਲੈ ਜਾਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਐਨਆਈਏ. ਦਾ ਇਹ ਵੀ ਮਨੋਰਥ ਹੈ ਕਿ ਗ੍ਰਿਫਤਾਰ ਕੀਤੇ ਨੌਜਵਾਨਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਵੱਧ ਤੋਂ ਵੱਧ ਤੰਗ ਪਰੇਸ਼ਾਨ ਕੀਤਾ ਜਾਵੇ, ਇਸੇ ਲਈ ਉਹ ਇਹ ਮੁਕੱਦਮੇ ਦਿੱਲੀ ਲਿਜਾ ਕੇ ਇਹਨਾਂ ਨੌਜਵਾਨਾਂ ਨੂੰ ਤਿਹਾੜ ਜੇਲ੍ਹ ਵਿੱਚ ਬੰਦ ਕਰਨਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਹਾਲਾਂ ਐਨਆਈਏ. ਵੱਲੋਂ ਸੁਪਰੀਮ ਕੋਰਟ ਵਿੱਚ ਪਾਈ ਅਰਜ਼ੀ ਦੇ ਦਸਤਾਵੇਜ਼ ਨਹੀਂ ਮਿਲੇ, ਦਸਤਾਵੇਜ਼ ਮਿਲਣ ਉੱਤੇ ਉਹ ਹਰ ਹਾਲ ਸੁਪਰੀਮ ਕੋਰਟ ਵਿੱਚ ਇਸ ਅਰਜ਼ੀ ਦਾ ਵਿਰੋਧ ਕਰਨਗੇ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang
Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਸਿੱਖ ਅਵਾਰਡੀ ਦਾ ਨਿਰੋਬੀ ਦੇ ਗੁਰੂਘਰ ਵਿਚ ਸਨਮਾਨ

**ਨਿਊਯਾਰਕ/ਰਾਜ ਗੋਗਨਾ :** ਸਾਊਥ ਅਫ਼ਰੀਕਾ ਦੇ ਨਿਰੋਬੀ (ਕੀਨੀਆ) ਦੇ ਗੁਰੂ ਘਰ ਵਿਖੇ ਸਿੱਖ ਅਵਾਰਡ ਪ੍ਰਾਪਤ ਕਰਨ ਵਾਲੇ ਜਸਦੀਪ ਸਿੰਘ ਜੱਸੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਵਿਚ ਵੱਖ-ਵੱਖ ਮੁਲਕਾਂ ਤੋਂ ਆਏ ਮਹਿਮਾਨਾਂ ਨੂੰ ਵੀ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮਾਗਮ ਦਾ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ। ਇਥੇ ਵੱਖ-ਵੱਖ ਗੁਰੂਘਰਾਂ ਵਲੋਂ ਜਸਦੀਪ ਸਿੰਘ ਜੱਸੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਨਿਰੋਬੀ ਦੇ ਸਿੱਖਾਂ ਦੀ ਸ਼ਰਧਾ, ਸਤਿਕਾਰ ਅਤੇ ਸੇਵਾ ਨੇ ਆਏ ਮਹਿਮਾਨਾਂ ਦਾ ਮਨ ਜਿੱਤ ਲਿਆ। ਜਸਦੀਪ ਸਿੰਘ ਜੱਸੀ ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨਰ ਮੈਰੀਲੈਂਡ ਅਮਰੀਕਾ, ਨੇ ਸਨਮਾਨ ਉਪਰੰਤ ਕਿਹਾ ਕਿ ਨਿਰੋਬੀ ਦੇ ਸਿੱਖਾਂ ਨੇ ਸਿੱਖੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਗੁਰੂਘਰਾਂ ਦੀਆਂ ਵਧੀਆ ਬਿਲਡਿੰਗਾਂ ਹਨ ਤੇ ਜੋ ਇਥੇ ਗੁਰੂ ਦਾ ਸਤਿਕਾਰ ਕੀਤਾ ਜਾਂਦਾ ਹੈ, ਉਹ ਇੱਕ ਮਿਸਾਲ ਹੈ। ਗੁਰੂਘਰ ਵਲੋਂ ਹੀ ਚਲਾਏ ਜਾ ਰਹੇ ਸਕੂਲ ਬਾਰੇ ਡਾ. ਸੁਰਿੰਦਰ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਸਿਲੇਬਸ ਅਤੇ ਕਿਤਾਬਾਂ ਸਬੰਧੀ ਇੱਕਸਾਰਤਾ ਲਿਆਉਣ ਲਈ ਵਿਸ਼ੇਸ਼ ਮੀਟਿੰਗ ਕੀਤੀ, ਜਿਸ ਨੂੰ ਪ੍ਰਬੰਧਕਾਂ ਵਲੋਂ ਪ੍ਰਵਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੈਰੀਲੈਂਡ ਵਿੱਚ ਸਿੱਖ ਐਸੋਸੀਏਸ਼ਨ ਬਾਲਟੀਮੋਰ ਦੇ ਸਕੂਲ ਵਿੱਚ ਆ ਕੇ ਦੇਖੋ ਕਿ ਵਿਦਿਆਰਥੀ ਕਿਸ ਤਰ੍ਹਾਂ ਪੰਜਾਬੀ ਸਿੱਖਦੇ ਹਨ। ਪ੍ਰਬੰਧਕਾਂ ਵਲੋਂ ਡਾ. ਗਿੱਲ ਨੂੰ ਨਿਰੋਬੀ ਵਿੱਚ ਪੰਜਾਬੀ ਸਿਖਾਉਣ ਅਤੇ ਪੰਜਾਬੀ ਨੂੰ ਪ੍ਰਫੁੱਲਤ ਕਰਨ ਸਬੰਧੀ ਕੀਨੀਆ ਦੀ ਸਿਟੀਜ਼ਨ ਤੇ ਨੌਕਰੀ ਦੀ ਗੁਜਾਰਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਉਹ ਬਾਲਟੀਮੋਰ ਖਾਲਸਾ ਪੰਜਾਬੀ ਸਕੂਲ ਦੀ ਸੇਵਾ ਕਰ ਰਹੇ ਹਨ, ਜਿਸ ਨੂੰ ਉਹ ਅਮਰੀਕਾ ਦੇ ਪੰਜਾਬੀ ਸਕੂਲਾਂ ਦਾ ਧੁਰਾ ਬਣਾਉਣਾ ਚਾਹੁੰਦੇ ਹਨ। ਸਿਲੇਬਸ ਅਤੇ ਕਿਤਾਬਾਂ ਦੀ ਇਕਸਾਰਤਾ ਲਈ ਉਹ ਉਪਰਾਲੇ ਕਰ ਰਹੇ ਹਨ, ਜਿਸ ਲਈ ਨਿਰੋਬੀ ਦੀ ਪਹਿਲ-ਕਦਮੀ ਰੰਗ ਲਿਆਵੇਗੀ। ਨਵਦੀਪ ਸਿੰਘ ਫਾਊਂਡਰ ਚੇਅਰਮੈਨ ਸਿੱਖ ਅਵਾਰਡ ਅਤੇ ਉਨ੍ਹਾਂ ਦੀ ਟੀਮ ਨੇ ਸਥਾਨਕ ਪ੍ਰਬੰਧਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਅਵਾਰਡੀਆਂ ਅਤੇ ਮਹਿਮਾਨਾਂ ਨੂੰ ਗੁਰੂਘਰ ਦੇ ਦਰਸ਼ਨ ਕਰਵਾਏ। ਇਸ ਮੌਕੇ ਹੋਰ ਸਨਮਾਨਿਤ ਸਖਸ਼ੀਅਤਾਂ ਵਿਚ ਸਤ ਪ੍ਰਕਾਸ਼ ਸਿੰਘ ਤੇ ਅਮਨਦੀਪ ਸਿੰਘ ਭਾਰਤ, ਸ਼ੈਰਨ ਕੌਰ ਯੂਕੇ, ਮਨਜੀਤ ਸਿੰਘ ਯੂਕੇ, ਡਾ. ਸੁਰਿੰਦਰ ਸਿੰਘ ਗਿੱਲ ਵਿਸ਼ੇਸ਼ ਮਹਿਮਾਨ, ਬਲਜਿੰਦਰ ਸਿੰਘ ਸ਼ੰਮੀ (ਗੈਸਟ ਆਫ ਆਨਰ) ਅਮਰੀਕਾ, ਸਾਜਿਦ ਤਰਾਰ ਚੇਅਰਮੈਨ ਡਾਇਵਰਸਿਟੀ ਟੀਮ ਟਰੰਪ ਅਤੇ ਮੋਲੀ ਕੌਰ ਲੰਡਨ ਤੋਂ ਹਾਜ਼ਰ ਸਨ।

## ਐਫਬੀਆਈ ਨੇ ਸਿੱਖ ਮਾਰਸ਼ਲ ਆਰਟ ਗੱਤਕਾ ਨੂੰ ਮਾਨਤਾ ਦਿੱਤੀ

**ਨਿਊਯਾਰਕ/ਬਿਊਰੋ ਨਿਊਜ਼ :** ਬੀਤੇ ਦਿਨੀਂ ਦੁਨੀਆਂ ਦੇ ਸਭ ਤੋਂ ਤਾਕਤਵਰ ਇੰਟੈਲੀਜੈਂਸੀ ਏਜੰਸੀ ਐਫਬੀਆਈ ਨੇ ਇਕ ਵਿਸ਼ਾਲ ਪ੍ਰੋਗਰਾਮ ਕਰਵਾਇਆ। ਕਮਿਊਨਿਟੀ ਕਾਪਸ ਐਂਡ ਕਲਚਰ ਐਫਬੀਆਈ ਨਿਊਹੇਵਨ ਡਵਿਜ਼ਨ ਕਨੈਟੀਕਟ ਯੂਐਸਏ ਕੋਨੀਪੇਕ ਯੂਨੀਵਰਸਿਟੀ ਦੇ ਪ੍ਰੋਗਰਾਮ ਵਿਚ ਸਿੱਖ ਮਾਰਸ਼ਲ ਆਰਟ ਗੱਤਕਾ ਸਿੱਖ ਪੰਥ ਦੇ ਉਭਰਦੇ ਸਟਾਰ ਸਵਰਨਜੀਤ ਸਿੰਘ ਖਾਲਸਾ ਦੇ ਸਹਿਯੋਗ ਨਾਲ ਸ਼ਾਮਲ ਕਰਵਾਇਆ ਗਿਆ। ਅਮਰੀਕਾ ਦੇ ਸਿੱਖਾਂ ਦੀ ਇਹ ਇਕ ਵੱਡੀ ਪ੍ਰਾਪਤੀ ਹੈ ਕਿ ਐਫਬੀਆਈ ਨੇ ਸਿੱਖ ਮਾਰਸ਼ਲ ਆਰਟ ਨੂੰ ਮਾਨਤਾ ਦੇ ਦਿੱਤੀ ਹੈ। ਇਹ ਗਤਕਾ ਟੀਮ ਅਕਾਲ ਗਤਕਾ ਗੁਰਮਤਿ ਗਰੁੱਪ ਵਲੋਂ ਅਯੋਜਿਤ ਕਰਵਾਈ ਗਈ। ਇਸ ਮੌਕੇ ਐਫਬੀਆਈ ਦੇ ਉੱਚ ਅਧਿਕਾਰੀ ਚਾਲਸ ਗਰੇਡੀ, ਜੌਨ ਬੇਸਨ, ਪ੍ਰਵਾਸੀ ਪੰਜਾਬਣ ਅਫ਼ਸਰ ਮਨਮੀਤ ਕੌਲਨ, ਮਨਪ੍ਰੀਤ ਕੌਰ ਸੰਧੂ, ਨੂਰਪ੍ਰੀਤ ਕੌਰ ਸੰਧੂ ਆਦਿ ਸ਼ਾਮਲ ਸਨ।

ਇਸ ਮੌਕੇ ਉੱਚ ਅਧਿਕਾਰੀ ਚਾਲਸ ਗਰੇਡੀ ਨੇ ਕਿਹਾ ਕਿ ਸਮਾਜ ਤੇ ਅਮਰੀਕਾ ਦੀ ਸ਼ਾਂਤੀ ਲਈ ਸਵਰਨਜੀਤ ਸਿੰਘ ਖਾਲਸਾ ਦੀਆਂ ਸੇਵਾਵਾਂ ਮਹਾਨ ਹਨ ਤੇ ਉਹ ਨਸਲਵਾਦ ਵਿਰੁੱਧ ਉਸਾਰੂ ਢੰਗ ਨਾਲ ਸਰਗਰਮ ਹਨ ਤੇ ਅਮਰੀਕਾ ਪ੍ਰਸ਼ਾਸ਼ਨ ਨੂੰ ਵਧੀਆ ਢੰਗ ਨਾਲ ਸਹਿਯੋਗ ਦੇ ਰਹੇ ਹਨ। ਐਫਬੀਆਈ ਉਨ੍ਹਾਂ ਦੀ ਧੰਨਵਾਦੀ ਹੈ ਤੇ ਇਸ ਮਾਮਲੇ ਵਿਚ ਉਨ੍ਹਾਂ ਦਾ ਹਰੇਕ ਕਿਸਮ ਦਾ ਸਹਿਯੋਗ ਦੇਣ ਲਈ ਵਚਨਬੱਧ ਹੈ। ਪ੍ਰਵਾਸੀ ਪੰਜਾਬਣ ਅਫ਼ਸਰ ਮਨਮੀਤ ਕੌਲਨ, ਮਨਪ੍ਰੀਤ ਕੌਰ ਸੰਧੂ, ਨੂਰਪ੍ਰੀਤ ਕੌਰ ਸੰਧੂ ਆਦਿ ਅਫ਼ਸਰਾਂ ਨੇ ਕਿਹਾ ਕਿ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਸੁਰੱਖਿਆ ਤੇ ਇੰਟੈਲੀਜੈਂਸੀ ਫੋਰਸਾਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣਾ ਚਾਹੀਦਾ ਹੈ, ਜਿਸ ਨਾਲ ਪੰਜਾਬੀ ਤੇ ਸਿੱਖ ਭਾਈਚਾਰੇ ਦਾ ਮਾਣ ਵਧ ਸਕੇ ਤੇ ਸਿੱਖਾਂ ਉੱਪਰ ਨਸਲਵਾਦੀ ਹਮਲੇ ਖਤਮ ਹੋ ਸਕਣ।




ਇਸ ਮੌਕੇ ਸਵਰਨਜੀਤ ਸਿੰਘ ਖਾਲਸਾ ਨੂੰ ਐਫਬੀਆਈ ਦੀ ਨਿਊਹੇਵਨ ਸਿਟੀਜ਼ਨ ਅਕੈਡਮੀ ਦੇ ਪ੍ਰਧਾਨ ਵਿਲੀਅਮ ਬੇਨਡੈ ਨੇ ਐਸੋਸੀਏਸ਼ਨ ਵਲੋਂ ਮੈਂਬਰਸ਼ਿਪ ਵੀ ਪ੍ਰਦਾਨ ਕੀਤੀ ਗਈ। ਖਾਲਸਾ ਪੰਥ ਦੇ ਉਭਰ ਰਹੇ ਸਟਾਰ ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲੇਨਿੰਗ ਬੋਰਡ ਕਨੈਕਟੀਕਟ ਨੇ ਦੱਸਿਆ ਕਿ ਇਸ ਮੌਕੇ ਵਿਲੀਅਮ ਬੇਨਡੈ ਪ੍ਰੈਜੀਡੈਂਟ ਐਫਬੀਆਈ ਨਿਊਹੇਵਨ ਸਿਟੀਜ਼ਨ ਅਕੈਡਮੀ ਐਲਬੀਸੀ ਐਸੋਸੀਏਸ਼ਨ ਵਲੋਂ ਮੈਨੂੰ ਮੈਂਬਰਸ਼ਿਪ ਵੀ ਦਿੱਤੀ ਗਈ, ਜਿਸ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਸਮੂਹ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸਰਬੱਤ ਭਲੇ ਦੇ ਮੁਹਿੰਮ ਉਜਾਗਰ ਕਰਨ ਦੇ ਲਈ ਸਿੱਖ ਸਭਿਆਚਾਰ 'ਤੇ ਪਹਿਰੇ ਦੇਣ ਤੇ ਆਪਸੀ ਮਤਭੇਦ ਭੁਲਾ ਕੇ ਯਹੂਦੀ ਭਾਈਚਾਰੇ ਵਾਂਗ ਕੁਆਲਿਟੀ ਵਾਲੀ ਕੌਮ ਉਸਾਰਨ ਲਈ ਯਤਨਸ਼ੀਲ ਹੋਣ, ਜੋ ਕਿ ਗੁਰੂ ਸਾਹਿਬਾਨਾਂ ਦਾ ਸੁਪਨਾ ਸੀ। ਉਨ੍ਹਾਂ ਕਿਹਾ ਕਿ ਸਾਨੂੰ ਜਾਤ-ਪਾਤ, ਨਸਲਵਾਦ ਤੋਂ ਉੱਪਰ ਉੱਠ ਕੇ ਦੁਨੀਆਂ ਦੇ ਵਧੀਆ ਮਨੁੱਖ ਵਜੋਂ ਪੇਸ਼ ਹੋਣਾ ਚਾਹੀਦਾ ਹੈ। ਸੱਤਾ, ਰਾਜ ਸਾਡੇ ਪੈਰਾਂ ਹੇਠ ਰੁਲਣਗੇ।

ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਸਿੱਖਾਂ ਨੂੰ ਐਫਬੀਆਈ, ਲਾਅ ਵਿਭਾਗਾਂ, ਸੁਰਖਿਆ ਫੋਰਸਾਂ, ਫੌਜ ਵਿਚ ਭਰਤੀ ਹੋਣਾ ਚਾਹੀਦਾ ਹੈ ਤੇ ਅਮਰੀਕਨ ਸਿਆਸਤ ਵਿਚ ਆਪਣਾ ਉੱਘਾ ਰੋਲ ਨਿਭਾਉਣਾ ਚਾਹੀਦਾ ਹੈ। ਇਸੇ ਨਾਲ ਹੀ ਸਾਡੀ ਪਛਾਣ ਜਗ ਜਾਹਿਰ ਹੋਵੇਗੀ ਤੇ ਅਸੀਂ ਨਸਲਵਾਦ ਦਾ ਸ਼ਿਕਾਰ ਨਹੀਂ ਹੋਵਾਂਗੇ। ਸਰਬੱਤ ਦੇ ਭਲੇ ਦਾ ਗੁਰੂ ਨਾਨਕ ਮਾਡਲ ਤੇ ਪਹਿਰੇਦਾਰੀ ਨਾਲ ਹੀ ਪੰਥ ਦਾ ਵਿਕਾਸ ਹੋ ਸਕਦਾ ਹੈ।

ਇਸ ਮੌਕੇ ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਡੀਆ ਨੇ ਗਤਕਾ ਟੀਮ ਦੇ ਪ੍ਰਬੰਧਕਾਂ ਭਾਈ ਗੁਲਪ੍ਰੀਤ ਸਿੰਘ ਤੇ ਭਾਈ ਦਲੇਰ ਸਿੰਘ ਨੂੰ ਮੈਡਲ ਨਾਲ ਸਨਮਾਨਿਤ ਕੀਤਾ।

ਦੁਨੀਆ ਦੀ ਸਭ ਤੋਂ ਤਾਕਤਵਰ ਇੰਟੈਲੀਜੈਂਸੀ ਐਫ ਬੀ ਆਈ ਦੇ ਪ੍ਰੋਗਰਾਮ ਵਿਚ ਗਤਕੇ ਦੀ ਸ਼ਮੂਲੀਅਤ ਅਮਰੀਕਾ ਦੇ ਸਿੱਖਾਂ ਦੀ ਵੱਡੀ ਪ੍ਰਾਪਤੀ, ਇਸ ਲਈ ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਯੂਐਸਏ ਵਧਾਈ ਦੇ ਪਾਤਰ ਹਨ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਿਵਾਲੀ ਤੇ ਸਿੱਖ

**ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ**



ਦਿਵਾਲੀ ਦੇ ਦਿਨਾਂ ਵਿਚ ਸਿੱਖ ਧਰਮ ਦੇ ਕੇਂਦਰ ਦਰਬਾਰ ਸਾਹਿਬ ਤੋਂ ਹੀ ਆਰੰਭ ਹੋ ਕੇ ਅੱਜ ਸਾਡੇ ਬਹੁਤੇ ਪ੍ਰਚਾਰਕ-ਰਾਗੀ- "ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ" ਪੰਕਤੀ ਨੂੰ ਮੂਲ ਅਰਥਾਂ ਦੇ ਬਿਲਕੁਲ ਉਲਟ ਪੇਸ਼ ਕਰ ਰਹੇ ਹੁੰਦੇ ਹਨ। ਅਸਲ ਵਿਚ ਭਾਈ ਗੁਰਦਾਸ ਜੀ ਦੀ ਵਾਰ 19/6 ਦੀ ਇਹ ਪਹਿਲੀ ਪੰਕਤੀ ਹੈ ਅਤੇ ਪਉੜੀ ਇਸ ਤਰ੍ਹਾਂ ਹੈ: "ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ।। ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ।। ਫੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲਿਆਣਿ।। ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਣਿ।। ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਣਿ।। ਗੁਰਮੁਖਿ ਸੁਖ ਫਲਦਾਤਿ, ਸਬਦਿ ਸਮਾਲੀਅਣਿ।।"

ਅਰਥ ਹਨ; "ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੌਸ਼ਨੀ ਕੁੱਝ ਦੇਰ ਲਈ ਹੀ ਹੁੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ, ਕੇਵਲ ਦਿਨ ਚੜ੍ਹਣ ਤੀਕ। ਪੌਦਿਆਂ ਨਾਲ ਫੁਲ ਖਿੱੜਦੇ ਹਨ ਪਰ ਲੱਗੇ ਰਹਿਣ ਲਈ ਨਹੀਂ। ਤੀਰਥਾਂ ਤੇ ਜਾਣ ਵਾਲੇ ਯਾਤਰੀ ਦਿਖਾਈ ਤਾਂ ਦੇਂਦੇ ਹਨ, ਪਰ ਉਥੇ ਰਹਿਣ ਨਹੀਂ ਜਾਂਦੇ। ਬੱਦਲਾਂ ਦੇ ਆਕਾਸ਼ੀ ਮਹੱਲ ਨਜ਼ਰ ਆਉਂਦੇ ਹਨ ਪਰ ਉਹਨਾਂ ਦੀ ਹੋਂਦ ਨਹੀਂ ਹੁੰਦੀ। ਅੰਤ ਫ਼ੈਸਲਾ ਦੇਂਦੇ ਹਨ- "ਗੁਰਮੁਖ ਸੰਸਾਰ ਦੀ ਇਸ ਨਸ਼ਵਰਤਾ ਨੂੰ ਪਛਾਣ ਲੈਂਦੇ ਹਨ ਤੇ ਇਸ ਵਿਚ ਖਚਿਤ ਨਹੀਂ ਹੁੰਦੇ। ਗੁਰਮੁਖ ਪਿਆਰੇ, ਗੁਰੂ ਦੇ ਸ਼ਬਦ ਨਾਲ ਜੁੜ ਕੇ ਆਪਣੇ ਜੀਵਨ ਦੀ ਸੰਭਾਲ ਕਰਦੇ ਹਨ।" ਅੰਦਾਜ਼ਾ ਲਗਾਓ! ਸਮਝਣਾ ਤਾਂ ਹੈ ਕਿ ਪਉੜੀ ਦਾ ਫ਼ੈਸਲਾ ਕੀ ਹੈ ? ਉਲਟਾ ਪਉੜੀ ਵਿਚ ਆਏ ਪ੍ਰਮਾਣ ਨੂੰ ਟੇਕ ਬਣਾ ਰਹੇ ਹਾਂ। ਆਖਿਰ ਪ੍ਰਚਾਰ ਕਿਸ ਗੱਲ ਦਾ ਕਰ ਰਹੇ ਹਾਂ ? ਗੁਰਮਤਿ ਦਾ ਜਾਂ ਅਨਮੱਤ ਦਾ ? ਇੰਨਾ ਹੀ ਨਹੀਂ, ਗੁਰਬਾਣੀ ਵਿਚ ਲਫ਼ਜ਼ ਦੀਵਾ ਹੋਰ ਵੀ ਬਹੁਤ ਵਾਰੀ ਆਇਆ ਹੈ, ਕਿਥੇ ਤੇ ਕਿਸ ਅਰਥ ਵਿਚ ਆਇਆ, ਕਿਸੇ ਨੂੰ ਇਸ ਨਾਲ ਲੈਣ-ਦੇਣਾ ਨਹੀਂ। ਦਿਵਾਲੀ ਦੇ ਦਿਹਾੜੇ ਸੰਬੰਧਿਤ ਸ਼ਬਦਾਂ ਨੂੰ ਇਸ ਪ੍ਰਭਾਵ ਵਿਚ ਲਿਆ ਜਾ ਰਿਹਾ ਹੁੰਦਾ ਹੈ ਕਿ ਸੰਗਤਾਂ ਨੂੰ ਗੁਰਬਾਣੀ ਵਿਚਾਰਧਾਰਾ ਤੋਂ ਤੋੜ ਕੇ ਅਨਮੱਤੀ ਵਿਸ਼ਵਾਸਾਂ ਵਿਚ ਉਲਝਾਇਆ ਜਾਵੇ। ਕੀ ਇਹੀ ਹੈ ਅੱਜ ਦਾ ਸਾਡਾ ਗੁਰਮਤਿ ਪ੍ਰਚਾਰ ?

ਇਸ ਤਰ੍ਹਾਂ ਜਿੱਥੇ ਸਾਡੇ ਅਜੇਹੇ ਰਾਗੀ-ਪ੍ਰਚਾਰਕ, ਗੁਰਮਤਿ-ਗੁਰਬਾਣੀ ਵਿਰੁਧ ਪ੍ਰਚਾਰ ਦੇ ਦੋਸ਼ੀ ਹੁੰਦੇ ਹਨ ਉਥੇ ਨਾਲ ਹੀ ਭੋਲੀਆਂ ਭਾਲੀਆਂ ਸੰਗਤਾਂ ਨੂੰ ਗੁਮਰਾਹ ਕਰਣ ਦਾ ਵੀ ਕਾਰਨ ਬਣਦੇ ਹਨ। ਅਸਲ ਵਿਚ ਅਜਿਹੇ ਪ੍ਰਚਾਰਕ ਸੰਗਤਾਂ ਨੂੰ ਨਿਰੋਲ ਬ੍ਰਾਹਮਣੀ 'ਦਿਵਾਲੀਆਂ' ਵਿਚ ਉਲਝਾਉਣ ਵਾਲਾ ਬਜਰ ਗੁਨਾਹ ਹੀ ਕਰ ਰਹੇ ਹੁੰਦੇ ਹਨ, ਗੁਰਮਤਿ ਪ੍ਰਚਾਰ ਨਹੀਂ। ਲੋੜ ਹੈ ਤਾਂ ਸੰਗਤਾਂ ਨੂੰ ਜਾਗਣ ਦੀ।

## ਦੀਵਾਲੀ ਦਾ ਤਿਉਹਾਰ ਹੈ ਕੀ ?

'ਦਿਵਾਲੀ' ਜਾਂ ਦੀਪਾਵਲੀ' - ਅਰਥ ਹੈ ਦੀਵਿਆਂ ਦਾ ਤਿਉਹਾਰ। ਜਿਨ੍ਹਾਂ ਦਿਨ੍ਹਾਂ ਵਿਚ ਇਸ ਦਾ ਆਰੰਭ ਹੋਇਆ, ਰੋਸ਼ਨੀ ਦਾ ਸਾਧਨ ਹੀ ਦੀਵੇ ਸਨ। ਵਹਿਮੀ ਤੇ ਤਿਉਹਾਰ ਨਾਲ ਸੰਬੰਧਿਤ ਲੋਕ ਅੱਜ ਵੀ ਰੌਸ਼ਨੀ ਦੇ ਅਨੇਕਾਂ ਮਾਧਮਾਂ ਦੇ ਹੁੰਦੇ ਦੀਵੇ ਬਾਲਣਾ, ਆਪਣਾ ਧਰਮ ਮੰਨਦੇ ਹਨ। ਦਿਵਾਲੀ ਦਾ ਪਿਛੋਕੜ ਹੈ-ਪਹਿਲਾ, ਬ੍ਰਾਹਮਣ ਨੇ ਸਮਾਜ ਨੂੰ ਚਾਰ ਵਰਣਾ ਵਿਚ ਵੰਡਿਆ ਹੋਇਆ ਹੈ-ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ। ਹੋਰ ਵਿਤਕਰਿਆ ਵਾਂਗ ਤਿਉਹਾਰ ਵੀ ਵੱਖ-ਵੱਖ ਵਰਣਾ ਲਈ ਮਿੱਥੇ ਹੋਏ ਸਨ। ਬ੍ਰਾਹਮਣਾਂ ਲਈ 'ਵਿਸਾਖੀ', ਖੱਤ੍ਰੀਆਂ ਲਈ 'ਦੁਸਿਹਰਾ', ਅਖੌਤੀ ਸ਼ੂਦਰਾਂ ਲਈ ਘੱਟਾ-ਮਿੱਟੀ ਉਡਾਉਣ-ਖੜਮੱਸਤੀਆਂ ਲਈ 'ਹੋਲੀਆਂ'। ਵੈਸ਼ਾਂ ਭਾਵ ਕੀਰਤੀਆਂ, ਕਾਮਿਆਂ, ਬਾਬੂਆਂ ਲਈ ਦਿਵਾਲੀ। ਦਿਵਾਲੀ ਦੇ ਦਿਨ ਇਹ ਲੋਕ 'ਧੰਨ ਦੀ ਦੇਵੀ' 'ਲੱਛਮੀ' ਦੀ ਪੂਜਾ ਕਰਦੇ ਹਨ। ਦੂਜਾ-ਦਿਵਾਲੀ ਨਾਲ ਸ੍ਰੀ ਰਾਮ ਚੰਦਰ ਰਾਹੀਂ ਰਾਵਣ ਨੂੰ ਮਾਰ ਕੇ ਅਜੁਧਿਆ ਵਾਪਸ ਆਉਣ ਦੀ ਘਟਨਾ ਵੀ ਜੁੜੀ ਹੋਈ ਹੈ। ਇਸ ਤਰ੍ਹਾਂ ਇਹ ਤਿਉਹਾਰ ਸ੍ਰੀ ਰਾਮਚੰਦ੍ਰ ਨੂੰ ਅਵਤਾਰ ਮੰਨਣ ਵਾਲਿਆਂ ਨਾਲ ਵੀ ਸੰਬੰਧਤ ਹੈ। ਸਾਰੇ ਦੇ ਉਲਟ ਗੁਰਬਾਣੀ ਨਾ ਹੀ ਬ੍ਰਾਹਮਣੀ ਵਰਣ-ਵੰਡ ਵਿਚ ਵਿਸ਼ਵਾਸ ਰਖਦੀ ਹੈ, ਨਾ ਧੰਨ ਆਦਿ ਦੇਵੀ-ਦੇਵ ਪੂਜਾ ਵਿਚ ਤੇ ਨਾ ਅਵਤਾਰ ਵਾਦ ਵਿਚ।

## ਛੇਵੇਂ ਸਤਿਗੁਰੂ ਅਤੇ ਦਿਵਾਲੀ

ਜਿਵੇਂ ਗੁਰੂ ਨਾਨਕ ਸਾਹਿਬ ਵੀ ਬਾਬਰ ਦੀ ਕੈਦ ਵਿਚੋਂ ਤਾਂ ਹੀ ਬਾਹਰ ਆਏ ਜਦੋਂ ਉਸ ਨੇ ਸਾਰੇ ਕੈਦੀਆਂ ਨੂੰ ਰਿਹਾਅ ਕੀਤਾ। ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਜੀ ਛੇ ਮਹੀਨੇ ਦੀ ਕੈਦ ਬਾਅਦ ਅਗਸਤ 1621 ਨੂੰ ਗਵਾਲੀਅਰ ਦੀ ਜੇਲ੍ਹ ਵਿਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾ ਕੇ ਲਿਆਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ ਛੋੜ' ਛੇਵੇਂ ਸਤਿਗੁਰੂ ਵੀ ਪ੍ਰਚਲਤ ਹੋ ਗਿਆ। ਰਿਹਾਈ ਬਾਅਦ ਦਿਵਾਲੀ, ਪੰਥ ਦਾ ਪਹਿਲਾ ਵੱਡਾ ਇਕੱਠ ਸੀ। ਪ੍ਰਚਲਣ ਹੈ, ਓਦੋਂ ਦਰਬਾਰ ਸਾਹਿਬ ਭਾਰੀ ਦੀਪਮਾਲਾ ਕੀਤੀ ਗਈ। ਫਿਰ ਜਦੋਂ ਇਸ ਦੀਪਮਾਲਾ ਨੂੰ ਵੀ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਨਾਲ ਜੋੜਿਆ ਜਾਂਦਾ ਹੈ ਤਾਂ ਉਹ ਬ੍ਰਾਹਮਣੀ ਮਿਲਾਵਟ ਹੀ ਸਾਬਤ ਹੁੰਦੀ ਹੈ। ਉਪਰੰਤ ਦਸਵੇਂ ਪਾਤਸ਼ਾਹ ਤੀਕ ਦਰਬਾਰ ਸਾਹਿਬ ਵਿਖੇ ਕਿਸੇ ਦਿਵਾਲੀ-ਦੀਪਮਾਲਾ ਦੀ ਸੂਚਨਾ ਨਹੀਂ ਤੇ ਨਾ ਹੀ ਅੱਠਵੇਂ ਤੇ ਦਸਵੇਂ ਪਾਤਸ਼ਾਹ ਕਦੇ ਅੰਮ੍ਰਿਤਸਰ ਪਧਾਰੇ ਹੀ। ਹੋਰ, ਜੇ ਕਰ ਰਿਹਾਈ ਹੀ ਪੰਥ ਲਈ ਵੱਡਾ ਖੁਸ਼ੀ ਦਾ ਵਿਸ਼ਾ ਸੀ ਤਾਂ ਉਨ੍ਹੀਂ ਦਿਨੀ ਹੋਈ ਪੰਜਵੇਂ ਪਾਤਸ਼ਾਹ ਦੀ, ਤਸੀਹੇ ਭਰਪੂਰ ਸ਼ਹਾਦਤ ਬਾਰੇ ਕੀ ਕਿਹਾ ਜਾਵੇਗਾ ? ਉਪਰੰਤ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਪੰਥ ਦੀ ਕੀ ਸੋਚ ਹੋਵੇਗੀ ? ਕਿਉਂਕਿ ਅਜੇਹੇ ਖੁਸ਼ੀ-ਗ਼ਮ ਦੇ ਉਚੇਚੇ ਪ੍ਰਗਟਾਵੇ ਗੁਰਬਾਣੀ ਸਿਧਾਂਤ ਨਾਲ ਵੀ ਮੇਲ ਨਹੀਂ ਖਾਂਦੇ। ਤਾਂ ਫ਼ਿਰ ਅੱਜ ਹਰ ਸਾਲ ਦਰਬਾਰ ਸਾਹਿਬ ਵਿਖੇ ਦੀਪਮਾਲਾ, ਆਤਿਸ਼ਬਾਜ਼ੀ ਕਿਉਂ ?

ਭਾਈ ਮਨੀ ਸਿੰਘ 'ਤੇ ਦਿਵਾਲੀ-ਪਿਛਲੇ ਲੰਮੇਂ ਸਮੇਂ ਤੋਂ ਹੀ ਪੰਥ 'ਤੇ ਭੀੜਾ ਬਣੀ ਰਹਿਣ ਕਾਰਨ ਵਿਸਾਖੀ-ਦਿਵਾਲੀ ਦੇ ਇਕੱਠ ਨਹੀਂ ਸਨ ਹੋ ਸਕੇ। ਕਾਫੀ ਸਮਾਂ ਬਾਅਦ ਸੰਨ 1737 'ਚ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੇ 'ਦਿਵਾਲੀ ਇਕੱਠ' ਦਾ ਫ਼ੈਸਲਾ ਕੀਤਾ। ਇਹ ਇਕੱਠ, ਸਰਕਾਰੀ ਮਨਜ਼ੂਰੀ ਨਾਲ ਹੀ ਕੀਤਾ ਜਾ ਰਿਹਾ ਸੀ ਪਰ ਭੇਦ ਖੁੱਲਣ ਤੇ ਕਿ ਸਰਕਾਰ ਦੀ ਨੀਯਤ ਸਾਫ਼ ਨਹੀਂ; ਰੋਕ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਨੇ ਆਪਣੇ ਬੰਦ ਬੰਦ ਤਾਂ ਕਟਵਾ ਲਏ ਪਰ ਸੰਗਤ ਦਾ ਇੱਕ ਪੈਸਾ ਵੀ ਸਰਕਾਰੀ ਖਜ਼ਾਨੇ ਵਿਚ ਟੈਕਸ-ਜੁਰਮਾਨੇ ਆਦਿ ਵਜੋਂ ਦੇਣ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਉਤਰ ਸੀ ਜੇ ਇਕੱਠ ਹੋ ਜਾਂਦਾ ਤਾਂ ਟੈਕਸ ਦੇਣਾ ਸੀ, ਜੇ ਇਕੱਠ ਹੀ ਨਹੀਂ ਤਾਂ ਟੈਕਸ ਦੇਣਾ ਸੰਗਤ ਦੇ ਪੈਸੇ ਦੀ ਕੁਵਰਤੋਂ ਹੈ। ਸੱਚਾਈ ਹੈ ਕਿ ਗੁਰੂ ਕੀ ਗੋਲਕ ਦੀ ਜੋ ਕੁਵਰਤੋਂ ਅੱਜ ਹੋ ਰਹੀ ਹੈ, ਉਸੇ ਦਾ ਨਤੀਜਾ ਹੈ ਕਿ ਪੰਥ ਪੂਰਨ ਤਬਾਹੀ ਵਾਲੀ ਹਾਲਤ ਵਿਚ ਪੁੱਜ ਚੁੱਕਾ ਹੈ, ਸਿੱਖੀ ਅਲੋਪ ਹੋ ਰਹੀ ਹੈ। ਚੰਗਾ ਹੁੰਦਾ, ਜੇਕਰ ਭਾਈ ਮਨੀ ਸਿੰਘ ਜੀ ਦੀ ਮਹਾਨ ਸ਼ਹਾਦਤ ਤੋਂ ਹੀ ਕੁੱਝ ਸਬਕ ਲੈ ਸਕਦੇ। ਖੈਰ! ਇਹ ਘਟਣਾ ਵੀ ਅਜਿਹੀ ਨਹੀਂ ਕਿ ਜਿਸ ਨਾਲ ਜੋੜ ਕੇ ਦਰਬਾਰ ਸਾਹਿਬ-ਅੰਮ੍ਰਿਤਸਰ ਵਿਖੇ ਪੰਥ ਹਰ ਸਾਲ ਦਿਵਾਲੀਆਂ ਮਨਾਏ ਤੇ ਦੀਪਮਾਲਾਵਾਂ, ਆਤਿਸ਼ਬਾਜ਼ੀਆਂ ਕਰੇ। ਯਕੀਨਣ ਦਿਵਾਲੀ ਵਜੋਂ ਇਹਨਾ ਦੀਪਮਾਲਾਵਾਂ, ਆਤਿਸ਼ਬਾਜ਼ੀਆਂ, ਮਠਿਆਈਂਆਂ ਆਦਿ ਨਾਲ਼ ਸਿੱਖ ਧਰਮ ਦਾ ਉੱਕਾ ਸੰਬੰਧ ਨਹੀਂ।

# ਦੀਵਾਲੀ ਸਭ ਧਰਮਾਂ ਦਾ ਸਾਂਝਾ ਤਿਉਹਾਰ

**-ਦਲੀਪ ਕੁਮਾਰ ਬੱਦੋਵਾਲ**

ਦੀਵਾਲੀ ਭਾਰਤ ਦਾ ਕੌਮੀ ਤਿਉਹਾਰ ਹੈ ਜੋ ਪੂਰੇ ਭਾਰਤ ਵਿੱਚ ਬੜੀ ਸ਼ਰਧਾ ਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਹਿੰਦੂਆਂ ਅਤੇ ਸਿੱਖਾਂ ਦਾ ਸਾਝਾਂ ਤਿਉਹਾਰ ਦੀਵਾਲੀ ਸਾਰੇ ਭਾਰਤ ਵਾਸੀਆਂ ਵਿੱਚ ਕੌਮੀ ਏਕਤਾ ਤੇ ਸਦਭਾਵਨਾ ਨੂੰ ਪ੍ਰਚੰਡ ਕਰਦਾ ਹੈ। ਇਤਿਹਾਸ ਵਿੱਚ ਜਿਕਰ ਆਉਂਦਾ ਹੈ ਕਿ ਜਦ ਅਯੁਧਿਆ ਦੇ ਰਾਜਾ ਰਾਮ ਜੀ ਨੇ ਆਪਣੀ ਪਤਨੀ ਸੀਤਾ ਮਾਤਾ ਜੀ ਨੂੰ ਰਾਵਣ ਕੋਲੋਂ ਛੁਡਵਾਣ ਲਈ ਉਸ ਨੂੰ ਜੰਗ ਵਿੱਚ ਹਰਾ ਕੇ ਤੇ ਆਪਣੇ ਪਿਤਾ ਰਾਜਾ ਦਸ਼ਰਥ ਵੱਲੋਂ ਮਿਲਿਆ 14 ਸਾਲ ਦਾ ਬਨਵਾਸ ਕੱਟ ਆਪਣੇ ਭਰਾਤਾ ਲਛਮਣ, ਸੀਤਾ ਸਮੇਤ ਅਯੁਧਿਆ ਪਰਤੇ ਤਾਂ ਅਯੁਧਿਆ ਵਾਸੀਆਂ ਨੇ ਰਾਮ ਚੰਦਰ ਜੀ ਦੇ ਆਉਣ ਤੇ ਖੁਸ਼ੀ ਮਨਾਉਂਦਿਆਂ ਘਿਓ ਦੇ ਦੀਪ ਜਲਾਏ, ਤਦ ਤੋਂ ਇਹ ਤਿਉਹਾਰ ਲਗਾਤਾਰ ਪੂਰੇ ਭਾਰਤ ਵਾਸੀਆਂ ਵੱਲੋਂ ਮਨਾਇਆ ਜਾਂਦਾ ਹੈ। ਦੀਵਾਲੀ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਸਿੱਖ ਕੌਮ ਦਾ ਵੀ ਦੀਵਾਲੀ ਦੇ ਨਾਲ ਨੇੜਲੇ ਰਿਸ਼ਤਾ ਉਸ ਸਮੇਂ ਹੋਰ ਪਕੇਰਾ ਹੋਇਆ, ਜਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਵਿੱਚੋਂ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿੱਚੋਂ 52 ਰਾਜਿਆਂ ਨੂੰ ਛੁਡਵਾ ਕੇ ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਸਨ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਪਰਤਣ ਤੇ ਨਗਰ ਨਿਵਾਸੀਆਂ ਤੇ ਸਿੱਖਾਂ ਨੇ ਦੇਸੀ ਘਿਓ ਦੇ ਦੀਵੇ ਜਗਾ ਕੇ ਰੋਸ਼ਨੀਆਂ ਕੀਤੀਆਂ



ਤੇ ਤਦ ਤੋਂ ਦੀਵਾਲੀ ਦੇ ਤਿਉਹਾਰ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਦੇ ਅਵਸਰ ਤੇ ਸਿੱਖਾਂ ਵੱਲੋਂ ਇਕੱਠ ਕੀਤੇ ਜਾਂਦੇ ਸਨ , ਬੇਸ਼ੱਕ ਸਿੱਖਾਂ ਤੇ ਸਮੇਂ ਦੀਆਂ ਹਕੂਮਤਾਂ ਨੇ ਅਨੇਕਾਂ ਹੀ ਜੁਲਮ ਕੀਤੇ, ਉਨ੍ਹਾਂ ਨੂੰ ਚੁਣ ਚੁਣ ਦੇ ਸ਼ਹੀਦ ਕੀਤਾ ਜਾਂਦਾ ਰਿਹਾ, ਪ੍ਰਤੂੰ ਦੀਵਾਲੀ ਦੇ ਅਵਸਰ ਤੇ ਸਿੱਖ ਦੂਰੋਂ ਨੇੜਿਓ ਆ ਕੇ ਦੀਵਾਲੀ ਜਰੂਰ ਮਨਾਇਆ ਕਰਦੇ ਸਨ। ਦੀਵਾਲੀ ਦੇ ਸਬੰਧੀ ਸਿੱਖ ਇਤਿਹਾਸ ਵਿੱਚ ਜਿਕਰ ਆਉਂਦਾ ਹੈ ਕਿ ਭਾਈ ਮਨੀ ਸਿੰਘ ਜੀ ਵੱਲੋਂ ਅੰਮ੍ਰਿਤਸਰ ਵਿਖੇ ਦੀਵਾਲੀ ਮਨਾਉਣ ਲਈ ਜਕਰੀਆ ਖਾਨ ਨਾਲ ਕੀਤੇ ਸਮਝੋਤੇ ਤਹਿਤ ਮੋਹਰਾ ਦੇਣੀਆਂ ਤਹਿ ਕੀਤੀਆਂ ਗਈਆਂ ਪ੍ਰੰਤੂ ਜਕਰੀਆ ਖਾਨ ਵੱਲੋਂ ਸਿੱਖਾਂ ਨੂੰ ਦੀਵਾਲੀ ਨਾ ਮਨਾਉਣ ਦੇਣ ਤੋਂ ਬਾਅਦ ਤੈਅ ਕੀਤੀਆਂ ਮੋਹਰਾਂ ਮੰਗੀਆਂ ਗਈਆਂ ਜੋ ਭਾਈ ਮਨੀ ਸਿੰਘ ਜੀ ਨੇ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਭਾਈ ਮਨੀ ਸਿੰਘ ਜੀ ਨੂੰ ਉਸ ਵੱਲੋਂ ਉਨ੍ਹਾਂ ਦੇ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਜਗਤ ਪ੍ਰਸਿੱਧ ਹੈ। ਦੀਵਾਲੀ ਦੇ ਅਵਸਰ ਤੇ ਇਥੇ ਲੱਖਾਂ ਦਾ ਵਪਾਰ ਹੁੰਦਾ ਹੈ। ਦੀਵਾਲੀ ਦੇ ਅਵਸਰ ਤੇ ਰਾਤ ਨੂੰ ਲਛਮੀ ਦੇਵੀ ਦੀ ਪੂਜਾ ਵੀ ਕੀਤੀ ਜਾਂਦੀ ਹੈ, ਕਿਉਂਕਿ ਲੋਕਾਂ ਦਾ ਮੰਨਣਾ ਹੈ ਇਸ ਰਾਤ ਲਛਮੀ ਮਾਂ ਭਗਤਾਂ ਦੇ ਘਰਾਂ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਹੀ ਤਾਂ ਕਈ ਲੋਕ ਘਰਾਂ ਦੇ ਦਰਵਾਜੇ ਖੋਲ ਕੇ ਰੱਖਦੇ ਹਨ। ਦੀਵਾਲੀ ਦਾ ਮਾੜਾ ਪੱਖ ਇਸ ਰਾਤ ਖੇਡੇ ਜਾਂਦੇ ਜੂਏ ਦਾ ਹੈ ।ਲੋਕ ਪੈਸੇ ਦੀ ਹਵਸ ਵਿੱਚ ਜੂਆ ਖੇਡਦੇ ਹਨ ਅਤੇ ਸ਼ਰਾਬ ਤੇ ਨਸ਼ਿਆਂ ਦਾ ਸੇਵਨ ਕਰਦੇ ਹਨ ਜੋ ਧਰਮ ਦੇ ਬਿਲਕੁਲ ਵਿਰੁੱਧ ਹੈ ਅਤੇ ਇਹੋ ਜਿਹੀਆਂ ਸਮਾਜ ਵਿਰੋਧੀ ਗਤੀ ਵਿਧੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ।

## ਦਿਵਾਲੀ ਵਿਸਾਖੀ ਦੇ ਪੰਥਕ ਇਕੱਠ

ਸਾਲ ਵਿਚ ਦਿਵਾਲੀ-ਵਿਸਾਖੀ ਦੋ ਦਿਨ ਹਨ, ਜਦੋਂ ਪੰਥ ਦੇ ਦੋ ਭਾਰੀ ਇਕੱਠ ਹੋਇਆ ਕਰਦੇ ਸਨ। ਗੁਰੂ ਨਾਨਕ ਸਾਹਿਬ ਦਾ ਆਗਮਨ ਵਿਸਾਖ ਸੁਦੀ ਦੂਜ (15 ਅਪ੍ਰੈਲ) ਕਾਰਨ ਵਿਸਾਖੀ। ਚੂੰਕਿ ਸਾਲ ਦੀ ਵਿੱਥ ਲੰਮੀ ਸੀ, ਤੀਜੇ ਪਾਤਸ਼ਾਹ ਨੇ ਇਸ ਨੂੰ ਦਿਵਾਲੀ-ਵਿਸਾਖੀ ਵਿਚ ਬਦਲ ਦਿੱਤਾ। ਦੇਸੀ ਹਿਸਾਬ ਨਾਲ ਇਹਨਾ ਵਿਚ ਛੇ ਮਹੀਨੇ ਦਾ ਅੰਤਰ ਹੈ ਤੇ ਸੰਗਤਾ ਨੂੰ ਵੀ ਚੇਤੇ ਰਖਣਾ ਆਸਾਨ ਹੁੰਦਾ ਸੀ। ਉਂਝ ਸਿੱਖ ਧਰਮ ਵਿਚ, ਇਹ ਦੋਵੇਂ ਇਕੱਠ, ਬ੍ਰਾਹਮਣੀ ਤਿਉਹਾਰਾਂ ਵਜੋਂ ਕਦੇ ਨਹੀਂ ਸਨ ਜਿਵੇਂ ਪੰਥ ਅੱਜ ਇਸ ਜਿੱਲਣ ਵਿਚ ਫਸ ਕੇ, ਸਿੱਖ ਪਨੀਰੀ ਨੂੰ ਬ੍ਰਾਹਮਣੀ ਸਭਿਅਤਾ ਵੱਲ ਧੱਕਣ ਦਾ ਜਿੰਮੇਵਾਰ ਬਣਿਆ ਪਿਆ ਹੈ। ਦੋਨਾਂ ਸਮਾਗਮਾਂ ਸਮੇਂ, ਜਿੱਥੇ ਕਿਥੇ ਵੀ ਗੁਰੂ ਸਾਹਿਬ ਹੁੰਦੇ, ਸੰਗਤਾਂ ਉਥੇ ਪੁੱਜ ਕੇ ਅਗਵਾਈ ਲੈਂਦੀਆਂ। ਪਾਤਸ਼ਾਹ ਵੀ ਦੂਰੋਂ-ਪਾਰੋਂ ਪੁੱਜੀਆਂ ਸੰਗਤਾਂ ਦੀਆਂ ਤਕਲੀਫਾਂ-ਲੋੜਾਂ-ਦੁੱਖਾਂ-ਦਰਦਾਂ ਨੂੰ ਸੁਣਦੇ 'ਤੇ ਹਲ ਕਰਦੇ। ਸਿੱਖਾਂ ਲਈ ਦਿਵਾਲੀ-ਦੀਵਿਆਂ, ਮਠਿਆਈਆਂ, ਆਤਿਸ਼ਬਾਜ਼ੀਆਂ ਦਾ ਤਿਉਹਾਰ ਕਦੇ ਵੀ ਨਹੀਂ ਸੀ।



# ਸਿੱਖ ਧਰਮ 'ਚ ਦੀਵਾਲੀ ਦਾ ਮਹੱਤਵ

### ਦਿਵਾਲੀ ਵਾਲੀ ਦੀ ਰਾਤ

**• ਲਾਲ ਸਿੰਘ ਦਿਲ**

ਲਹਿਰਦੀ ਹੋਏਗੀ ਕਾਹੀ
ਲਹਿਰਦੇ ਹੋਣਗੇ ਪਾਣੀ
ਕਿਸੇ ਦੀ ਨਜ਼ਰ ਚੁੰਮਣ ਨੂੰ
ਠਹਿਰਦੇ ਹੋਣਗੇ ਪਾਣੀ
ਐਵੇਂ ਢਲ ਆਉਂਦੀਆਂ ਅੱਖਾਂ.......
ਕਿਨਾਰੇ ਕੋਲ ਆਥਣ ਤੇ
ਕਿਸੇ ਦੇ ਨੈਣਾਂ ਦੀ ਰੌਣਕ
ਲੱਗੀ ਹੋਵੇਗੀ ਪੱਤਣ ਤੇ
ਹਵਾਓ ਨੀਂ
ਮੇਰਾ ਆਦਾਬ ਲੈ ਜਾਓ
ਤੇ ਕਹਿਣਾ
"ਦਿਲ ਥੋੜਾ ਨਹੀਂ ਕਰੀਂਦਾ
ਏਦਾਂ ਕਿਸੇ ਖਾਤਰ"

**ਪ੍ਰੋ. ਕਿਰਪਾਲ ਸਿੰਘ ਬੰਡੂਗਰ**
(ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਪਰਮਾਤਮਾ ਸ੍ਰਿਸ਼ਟੀ ਦਾ ਰਚਨਹਾਰ, ਮਾਲਕ ਤੇ ਪਾਲਣਹਾਰ ਹੈ। ਉਸ ਦਾ ਕੋਈ ਰੂਪ-ਰੰਗ, ਰੇਖ-ਭੇਖ ਨਹੀਂ ਹੈ। ਉਹ ਨਿਰਾਕਾਰ ਹੈ। ਉਹ ਸਦਾ ਕਾਇਮ ਰਹਿਣ ਵਾਲਾ, ਅਬਿਨਾਸ਼ੀ ਪੁਰਖ ਹੈ। ਉਸ ਨੂੰ ਕਿਸੇ ਦਾ ਕੋਈ ਡਰ-ਭੈਅ ਨਹੀਂ ਹੈ। ਜਿੰਨਾ ਆਕਾਰ ਹੈ ਇਹ ਉਸੇ ਦਾ ਪੈਦਾ ਕੀਤਾ ਹੋਇਆ ਅਤੇ ਉਸ ਦੇ ਨਿਯੰਤਰਣ ਵਿਚ ਹੈ। ਸ੍ਰਿਸ਼ਟੀ ਦੇ ਜੀਅ-ਜੰਤ ਪਰਮਾਤਮਾ ਦੇ ਅੰਸ਼ ਹਨ। ਜੀਵ ਆਪਣੀ ਹਉਮੈਂ ਤੇ ਅਗਿਆਨਤਾ ਕਰਕੇ ਪਰਮਾਤਮਾ ਤੋਂ ਦੂਰ ਹੋ ਜਾਂਦੇ ਹਨ ਅਤੇ ਦੁਨਿਆਵੀ ਪਦਾਰਥਾਂ ਨੂੰ ਸੱਚ ਸਮਝ ਬੈਠਦੇ ਹਨ। ਇਸ ਕਰਕੇ ਕਈ ਪ੍ਰਕਾਰ ਦੇ ਦੁੱਖਾਂ, ਕਸ਼ਟਾਂ ਵਿਚ ਫਸ ਜਾਂਦੇ ਹਨ। ਨਿਰੰਕਾਰ ਵਿਚ ਹੀ ਇਹ ਸਮਰੱਥਾ ਹੈ ਕਿ ਜੀਵਾਂ ਨੂੰ ਦੁੱਖਾਂ ਤੇ ਬੰਧਨਾਂ ਤੋਂ ਛੁਟਕਾਰਾ ਦਿਵਾਏ। ਗੁਰਬਾਣੀ ਵਿਚ ਨਿਰੰਕਾਰ ਨੂੰ ਬੰਦੀ ਛੋੜ ਕਿਹਾ ਗਿਆ ਹੈ। ਗੁਰਵਾਕ ਹੈ:

ਗਈ ਬਹੋੜੁ ਬੰਦੀ ਛੋੜੁ
ਨਿਰੰਕਾਰ ਦੁਖਦਾਰੀ॥
ਕਰਮੁ ਨ ਜਾਣਾ ਧਰਮੁ ਨਾ ਜਾਣਾ
ਲੋਭੀ ਮਾਇਆ ਧਾਰੀ॥ (624)

ਗੁਰਮਤਿ ਵਿਚ ਗੁਰੂ ਨੂੰ ਨਿਰੰਕਾਰ ਦਾ ਰੂਪ ਮੰਨਿਆ ਗਿਆ ਹੈ। ਗੁਰੂ ਹੀ ਮਨੁੱਖ ਨੂੰ ਸੱਚ ਧਰਮ ਦਾ ਗਿਆਨ ਕਰਵਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਨਿਰੰਕਾਰ ਦਾ ਰੂਪ ਸਨ। ਪਰਮਾਤਮਾ ਨੇ ਗੁਰੂ ਸਾਹਿਬ ਰਾਹੀਂ ਮਨੁੱਖਤਾ ਨੂੰ ਸਹੀ ਮਾਰਗ ਦਿਖਾਇਆ ਹੈ-

ਆਪ ਨਾਰਾਇਣੁ ਕਲਾਧਾਰਿ
ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ
ਜਗਮੰਡਲਿ ਕਰਿਯਉ॥ (1395)

ਨਿਰੰਕਾਰ ਨੇ ਸਤਿਗੁਰੂ ਰਾਹੀਂ ਜਗਤ ਦਾ ਉਧਾਰ ਕੀਤਾ। ਨਿਰੰਕਾਰ ਦਾ ਰੂਪ ਹੋਣ ਕਰਕੇ ਸਤਿਗੁਰੂ ਉਸ ਦੀਆਂ ਵਡਿਆਈਆਂ ਤੇ ਸ਼ਕਤੀਆਂ ਨਾਲ ਭਰਪੂਰ ਹੁੰਦਾ ਹੈ। ਉਹ ਸਿੱਖਾਂ ਦੇ ਸਭ ਪ੍ਰਕਾਰ ਦੇ ਬੰਧਨ ਕੱਟ ਕੇ ਉਨ੍ਹਾਂ ਦਾ ਲੋਕ-ਪਰਲੋਕ ਸੰਵਾਰ ਦਿੰਦਾ ਹੈ :-

ਸਤਿਗੁਰ ਸਿੱਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ (286)
ਕਿਤੁ ਮੁਖਿ ਗੁਰੁ ਸਾਲਾਹੀਐ
ਕਰਣ ਕਾਰਣ ਸਮਰਥੁ॥
ਸੇ ਮਥੇ ਨਿਹਚਲ ਰਹੇ
ਜਿਨ ਗੁਰਿ ਧਾਰਿਆ ਹਥੁ॥
ਗੁਰਿ ਅੰਮ੍ਰਿਤ ਨਾਮੁ ਪੀਆਲਿਆ
ਜਨਮ ਮਰਨ ਕਾ ਪਥੁ॥
ਗੁਰੂ ਪਰਮੇਸ਼ਵਰ ਸੇਵਿਆ
ਭੈ ਭੰਜਨ ਦੁਖ ਲੁਥ॥

ਪ੍ਰੰਤੂ ਅਖੌਤੀ ਗੁਰੂ ਕਿਸੇ ਦੇ ਮਾਇਆ ਦੇ ਬੰਧਨ ਕੱਟ ਕੇ ਮੁਕਤੀ ਨਹੀਂ ਦੇ ਸਕਦੇ। ਗੁਰਬਾਣੀ ਦਾ ਫਰਮਾਨ ਹੈ:-

ਕੇਤੇ ਗੁਰ ਚੇਲੇ ਫੁਨਿ ਹੂਆ॥
ਕਾਚੇ ਗੁਰ ਤੇ ਮੁਕਤਿ ਨਾ ਹੂਆ (932)

ਮਨੁੱਖ ਚੰਗੇ ਗੁਣਾਂ ਨਾਲ ਭਗਤੀ ਕਰਕੇ ਹੀ ਪਰਮਾਤਮਾ ਦੀ ਕਿਰਪਾ ਦਾ ਪਾਤਰ ਹੋ ਸਕਦਾ ਹੈ। ਇਹ ਗੁਣ ਪਰਮਾਤਮਾ ਦੀਆਂ ਹੀ ਸਿਫਤਾਂ ਹਨ। ਇਨ੍ਹਾਂ ਸਿਫਤਾਂ ਨੂੰ ਮਨ ਵਿਚ ਵਸਾਉਣ ਲਈ ਸਾਹਿਬਾਨ ਨੇ ਮਨੁੱਖ ਨੂੰ ਬਾਣੀ ਦੇ ਲੜ ਲਾਇਆ ਹੈ। ਗੁਰਬਾਣੀ ਪਰਮਾਤਮਾ ਦੇ ਗੁਣਾਂ ਤੇ ਉਸ ਦੀਆਂ ਸ਼ਕਤੀਆਂ ਦਾ ਭਰਪੂਰ ਖਜ਼ਾਨਾ ਹੈ। ਗੁਰਬਾਣੀ ਸਤਿ ਸਰੂਪ ਹੈ। ਸਤਿਗੁਰੂ ਗੁਰਬਾਣੀ ਰਾਹੀਂ ਜੀਵਾਂ ਦਾ ਉਧਾਰ ਕਰਦਾ ਹੈ। ਗੁਰਬਾਣੀ ਨੂੰ ਨਿਰੰਕਾਰ ਦਾ ਰੂਪ ਸਭ ਤੋਂ ਉੱਚਾ ਦੱਸਿਆ ਗਿਆ ਹੈ। ਗੁਰਬਾਣੀ ਤੇ ਗੁਰੂ ਵਿਚ ਕੋਈ ਅੰਤਰ ਨਹੀਂ ਹੈ, ਜੋ ਗੁਰਬਾਣੀ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ, ਗੁਰੂ ਉਸ ਦਾ ਨਿਸਤਾਰਾ ਕਰ ਦਿੰਦਾ ਹੈ। ਉਸ ਦੇ ਦੁੱਖ-ਦਰਦ ਤੇ ਚਿੰਤਾ-ਫਿਕਰ ਮਿਟ ਜਾਂਦੇ ਹਨ। ਗੁਰਬਾਣੀ ਦੇ ਮਹਾਂਵਾਕ ਹਨ:

ਬਾਣੀ ਗੁਰੂ ਗੁਰੂ ਹੈ
ਬਾਣੀ ਵਿਚ ਬਾਣੀ ਅੰਮ੍ਰਿਤੁ ਸਾਰੇ॥
ਗੁਰਬਾਣੀ ਕਹੈ ਸੇਵਕੁ ਜਨੁ
ਮਾਨੈ ਪਰਤਖਿ ਗੁਰੂ ਨਿਸਤਾਰੇ॥ (938)

ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਤੇ ਹੋਰ ਸੰਤਾਂ-ਭਗਤਾਂ ਦੀ ਬਾਣੀ ਸਮੇਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਇਸ ਪਵਿੱਤਰ ਗ੍ਰੰਥ ਦਾ ਪ੍ਰਕਾਸ਼ ਸ੍ਰੀ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਸੁਸ਼ੋਭਿਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ ਨਾਲ ਸਿੱਖ ਕੌਮ ਇਕ ਅਜਿਹੇ ਸ਼ਾਸਤਰ ਦੀ ਵਾਰਸ ਬਣ ਚੁੱਕੀ ਸੀ ਜੋ ਕਿਸੇ ਨੂੰ ਵੀ ਆਤਮਿਕ ਵਿਕਾਸ ਦੀ ਸਿਖਰ 'ਤੇ ਪਹੁੰਚਾ ਸਕਦਾ ਸੀ। ਦੰਭੀ ਪਾਖੰਡੀ ਤੇ ਫਿਰਕਾਪ੍ਰਸਤ ਸੋਚ ਵਾਲੇ ਵਿਅਕਤੀ ਗੁਰੂ ਸਾਹਿਬ ਦੀ ਇਸ ਬਖਸ਼ਿਸ਼ ਤੋਂ ਲਾਭ ਉਠਾਉਣ ਦੀ ਥਾਂ ਈਰਖਾ ਕਰਨ ਲੱਗੇ। ਇਸ ਦੇ ਨਤੀਜੇ ਵਜੋਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ।

ਮਨੁੱਖ ਦੀ ਪੂਰਨ ਸੁਤੰਤਰਤਾ ਦੇ ਲਈ ਸ਼ਾਸਤਰ ਅਤੇ ਸ਼ਸਤਰ ਦੋਵਾਂ ਦੀ ਲੋੜ ਹੁੰਦੀ ਹੈ। ਸ਼ਾਸਤਰ ਅਧਿਆਤਮਿਕ ਸ਼ਕਤੀ ਤੇ ਮੁਕਤੀ ਦਾ ਦਾਤਾ ਹੈ, ਸ਼ਸਤਰ ਦੁਨਿਆਵੀ ਸੁਤੰਤਰਤਾ ਪ੍ਰਦਾਨ ਕਰਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ 1606 ਵਿਚ ਗੁਰ ਗੱਦੀ 'ਤੇ ਬਿਰਾਜਮਾਨ ਹੋਣ ਵੇਲੇ ਸ਼ਸਤਰ ਪਹਿਨੇ। ਸ਼ਸਤਰ ਪਹਿਨ ਕੇ ਉਹ ਤਖਤ ਉੱਤੇ ਬੈਠ ਗਏ। ਇਸੇ ਨੂੰ ਬਾਅਦ ਵਿਚ ਅਕਾਲ ਤਖਤ ਦਾ ਨਾਂਅ ਦਿੱਤਾ ਗਿਆ ਹੈ। ਅਕਾਲ ਤਖਤ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸੁਸ਼ੋਭਿਤ ਹੈ। ਇਹ ਦੋਵੇਂ ਸਥਾਨ ਅਧਿਆਤਮਿਕ ਤੇ ਦੁਨਿਆਵੀ ਸੁਤੰਤਰਤਾ ਦੇ ਲਖਾਇਕ ਹਨ। ਇਸ ਤਰ੍ਹਾਂ ਸਿੱਖ ਕੌਮ ਸ਼ਾਸਤਰ ਤੇ ਸ਼ਸਤਰ ਦੀ ਧਾਰਨੀ ਹੋ ਚੁੱਕੀ ਸੀ, ਜਿਸ ਨਾਲ ਸਮੇਂ ਦੀ ਹਕੂਮਤ ਕਾਇਮ ਹੋਣ ਤੋਂ ਭੈਅਭੀਤ ਹੋ ਗਈ। ਉਸ ਵੇਲੇ ਜਹਾਂਗੀਰ ਦਾ ਰਾਜ ਸੀ। ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਿੱਲੀ ਬੁਲਾਇਆ ਤੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਉਸ ਕਿਲੇ ਵਿਚ ਹਿੰਦੁਸਤਾਨ ਦੇ 52 ਹੋਰ ਰਾਜੇ-ਮਹਾਰਾਜੇ ਵੀ ਕੈਦ ਕੀਤੇ ਹੋਏ ਸਨ।

ਸਿੱਖ ਤੇ ਗੁਰੂ ਦਾ ਰਿਸ਼ਤਾ ਅਟੁੱਟ ਹੈ। ਗੁਰੂ ਸਾਹਿਬ ਦੇ ਗ੍ਰਿਫਤਾਰ ਹੋਣ 'ਤੇ ਸਿੱਖਾਂ ਨੂੰ ਬਹੁਤ ਦੁੱਖ ਹੋਇਆ। ਅਜੇ ਕੁਝ ਚਿਰ ਪਹਿਲਾਂ ਤਾਂ ਉਨ੍ਹਾਂ ਦੇ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਸਿੱਖ ਗੁਰੂ ਜੀ ਦੀ ਗ੍ਰਿਫਤਾਰੀ 'ਤੇ ਬਿਹਬਲ ਹੋ ਉੱਠੇ। ਉਹ ਪੰਜਾਬ ਤੋਂ ਜਥੇ ਬਣ ਕੇ ਤੁਰਦੇ ਅਤੇ ਸਾਰਾ ਰਸਤਾ ਗੁਰਬਾਣੀ ਦਾ ਕੀਰਤਨ ਕਰਦੇ ਗਵਾਲੀਅਰ ਪਹੁੰਚ ਕੇ ਅਤੇ ਕਿਲ੍ਹੇ ਦੇ ਬਾਹਰੋਂ ਹੀ ਸਤਿਗੁਰੂ ਨੂੰ ਨਤਮਸਤਕ ਹੋ ਕੇ ਹਰਿ ਜਸ ਕਰਦੇ ਵਾਪਸ ਪਰਤ ਆਉਂਦੇ। ਇਸ ਤਰ੍ਹਾਂ ਦੇਸ਼ ਦੇ ਵੱਡੇ ਹਿੱਸੇ ਵਿਚ ਰੋਸ ਅਤੇ ਗੁੱਸੇ ਦੀ ਲਹਿਰ ਦੌੜ ਗਈ।

ਜਹਾਂਗੀਰ ਨੇ ਲੋਕਾਂ ਦੀਆਂ ਭਾਵਨਾਵਾਂ ਦੇ ਭੜਕ ਜਾਣ ਦੇ ਡਰੋਂ ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਗੁਰੂ ਜੀ ਤਾਂ ਪਰਮਾਤਮਾ ਦਾ ਰੂਪ ਸਨ। ਉਹ ਕੈਦ ਵਿਚ ਤੇ ਬਾਹਰ ਸਦਾ ਪਰਮਾਨੰਦ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਆਪਣੀ ਰਿਹਾਈ ਦੀ ਕੋਈ ਕਾਹਲ ਨਹੀਂ ਸੀ। ਉਨ੍ਹਾਂ ਨੇ ਬਾਦਸ਼ਾਹ ਦੇ ਸਾਹਮਣੇ ਇਕ ਸ਼ਰਤ ਰੱਖ ਦਿੱਤੀ ਕਿ ਹੋਰ ਰਾਜੇ ਵੀ ਨਾਲ ਰਿਹਾਅ ਕੀਤੇ ਜਾਣ ਤਾਂ ਹੀ ਉਹ ਕੈਦ ਵਿਚੋਂ ਬਾਹਰ ਆਉਣਗੇ। ਜਹਾਂਗੀਰ ਨੂੰ ਗੁਰੂ ਜੀ ਦੀ ਇਹ ਸ਼ਰਤ ਮੰਨਣੀ ਪਈ। ਉਨ੍ਹਾਂ ਦੇ ਨਾਲ ਹਿੰਦੁਸਤਾਨ ਦੇ ਵੱਖ-ਵੱਖ ਇਲਾਕਿਆਂ ਵਿਚੋਂ ਕੈਦ ਕੀਤੇ ਰਾਜੇ ਵੀ ਛੱਡਣੇ ਪਏ। ਗੁਰੂ ਜੀ ਦੇ ਅੰਮ੍ਰਿਤਸਰ ਸਾਹਿਬ ਆਉਣ 'ਤੇ ਸਿੱਖਾਂ ਨੇ ਦੀਪਮਾਲਾ ਕੀਤੀ। ਦੀਪਕ ਗਿਆਨ ਤੇ ਖੁਸ਼ੀ ਦਾ ਪ੍ਰਤੀਕ ਹੈ। ਇਹ ਅੰਧਕਾਰ ਨੂੰ ਮਿਟਾਉਂਦਾ ਹੈ। ਮਨ ਦੀ ਅਗਿਆਨਤਾ ਨੂੰ ਦੂਰ ਕਰਨ ਲਈ ਮਨੁੱਖ ਨੂੰ ਭਗਤੀ ਤੇ ਰੱਬੀ ਪ੍ਰੇਮ ਦਾ ਦੀਵਾ ਬਾਲਣਾ ਪੈਂਦਾ ਹੈ। ਉਸ ਦਿਨ ਤੋਂ ਸਿੱਖਾਂ ਵੱਲੋਂ ਹਰ ਸਾਲ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ। ਸ੍ਰੀ ਅੰਮ੍ਰਿਤਸਰ ਵਿਖੇ ਦੀਪ ਮਾਲਾ ਕਰਕੇ ਸਿੱਖ ਕੌਮ ਦੀ ਆਤਮਿਕ ਅਤੇ ਦੁਨਿਆਵੀ ਸੁਤੰਤਰਤਾ ਦੀ ਖੁਸ਼ੀ ਮਨਾਈ ਜਾਂਦੀ ਹੈ।



ਅੱਜ ਵੀ ਮਨੁੱਖ ਗੁਰੂ ਉਪਦੇਸ਼ ਤੋਂ ਪਰੇ ਜਾ ਕੇ ਅਨੇਕ ਬੰਧਨਾਂ ਵਿਚ ਫਸ ਕੇ ਦੁਖੀ ਹੋ ਰਿਹਾ ਹੈ। ਬੰਦੀ ਛੋੜ ਦਿਵਸ ਮਨੁੱਖ ਦੀ ਖੁਸ਼ੀ ਤੇ ਆਜ਼ਾਦੀ ਦਾ ਸੰਦੇਸ਼ ਦਿੰਦਾ ਹੈ। ਅਸੀਂ ਸਤਿਗੁਰੂ ਦੇ ਚਰਨਾਂ ਨਾਲ ਜੁੜ ਕੇ ਆਪਣੇ ਦੁੱਖਾਂ, ਪਾਪਾਂ ਦੇ ਬੰਧਨ ਕੱਟ ਕੇ ਸੁਖ-ਸ਼ਾਂਤੀ ਪ੍ਰਾਪਤ ਕਰ ਸਕਦੇ ਹਾਂ। ਸਾਨੂੰ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਹਾਨ ਉਪਦੇਸ਼ ਨੂੰ ਸਮਝਣ ਤੇ ਉਸ 'ਤੇ ਚੱਲਣ ਦੀ ਲੋੜ ਹੈ।

ਗੁਰੂ ਹੀ ਸਹੀ ਅਰਥਾਂ ਵਿਚ ਮਨੁੱਖਤਾ ਦਾ ਰਾਖਾ ਤੇ ਸ਼ਕਤੀ ਦਾਤਾ ਹੈ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਕੇ ਮਨੁੱਖਤਾ ਨੂੰ ਅਧਿਆਤਮ ਦਾ ਚਾਨਣ ਵੰਡਿਆ ਹੈ ਤੇ ਸਾਰੀ ਮਨੁੱਖਤਾ ਦੀ ਭਲਾਈ ਤੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਤੇ ਦੁੱਖਾਂ-ਕਲੇਸ਼ਾਂ ਦਾ ਹੱਲ ਮੌਜੂਦ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਅਜਿਹੇ ਰਹਿਬਰ ਦੇ ਲੜ ਲਾਇਆ ਹੈ ਜੋ ਆਪ ਪਰਮਾਤਮਾ ਦਾ ਰੂਪ ਤੇ ਸਦਾ ਕਾਇਮ ਰਹਿਣ ਵਾਲਾ ਹੈ। ਗੁਰੂ ਸਾਹਿਬਾਨ ਨੇ ਪੰਜਾਬ ਦੀ ਧਰਤੀ 'ਤੇ ਅਪਾਰ ਕਿਰਪਾ ਕੀਤੀ ਹੈ। ਇਥੇ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਕਾਸ਼ ਹੋਇਆ ਹੈ। ਇਥੇ ਹੀ ਧਰਤੀ ਉਤੇ ਪਹਿਲੀ ਵਾਰ ਅਕਾਲ ਪੁਰਖ ਦਾ ਤਖਤ ਕਾਇਮ ਕੀਤਾ ਗਿਆ। ਇਸੇ ਧਰਤੀ ਉਤੇ 'ਅਕਾਲ ਪੁਰਖ ਦੀ ਫ਼ੌਜ' ਖਾਲਸਾ ਦੀ ਸਾਜਨਾ ਕੀਤੀ ਗਈ। ਸਾਡਾ ਪੰਜਾਬੀਆਂ ਦਾ ਇਹ ਪਰਮ ਧਰਮ ਬਣਦਾ ਹੈ ਕਿ ਅਸੀਂ ਗੁਰੂ ਸਾਹਿਬ ਦੇ ਫਲਸਫੇ ਦਾ, ਗੁਰਬਾਣੀ ਦਾ ਅਦਬ-ਸਤਿਕਾਰ ਰੱਖੀਏ। ਖੰਡੇ ਦੀ ਪਾਹੁਲ (ਅੰਮ੍ਰਿਤ) ਛਕ ਕੇ ਗੁਰੂ ਦੇ ਲੜ ਲਗ ਸੰਤ ਸਿਪਾਹੀ ਸਰੂਪ ਹੋ ਕੇ ਸਰਬੱਤ ਦੇ ਭਲੇ, ਮਨੁੱਖੀ ਸੁਤੰਤਰਤਾ, ਗੌਰਵ, ਗੈਰਤ, ਅਣਖ ਲਈ ਕਾਰਜਸ਼ੀਲ ਹੋਈਏ। ਗੁਰਮਤਿ ਦੇ ਅੰਮ੍ਰਿਤਸਰ ਵਿਚ ਇਸ਼ਨਾਨ ਕਰਕੇ ਆਪਣਾ ਤਨ, ਮਨ ਸ਼ੁੱਧ ਕਰੀਏ। ਮਨਾਂ ਵਿਚ ਗਿਆਨ ਦੇ ਦੀਵੇ ਬਾਲ ਕੇ ਆਪਣਾ ਜੀਵਨ ਰੌਸ਼ਨ ਕਰੀਏ ਤੇ ਸੰਸਾਰ ਵਿਚ ਗੁਰਬਾਣੀ ਦਾ ਚਾਨਣ ਵੰਡੀਏ।

# ਭਾਰਤ ਦਾ ਸੱਭਿਆਚਾਰਕ ਤਿਉਹਾਰ ਦਿਵਾਲੀ



**ਮੁਹਿੰਦਰ ਸਿੰਘ ਘੱਗ**

ਦੀਵਾਲੀ ਜਾਂ ਦੀਪਾਵਲੀ ਇਕ ਮੌਸਮੀ ਮੇਲਾ ਸਦੀਆਂ ਤੋਂ ਸਾਡੇ ਪੂਰਬਲੇ ਮਨਾਉਂਦੇ ਆਏ ਹਨ। ਬਾਕੀ ਮੌਸਮੀ ਮੇਲਿਆਂ ਵਾਂਗ ਇਸ ਮੇਲੇ ਨਾਲ ਵੀ ਕਈ ਮਿਥਿਹਾਸਕ ਗਾਥਾਵਾਂ ਜੁੜਦੀਆਂ ਰਹੀਆਂ ਹਨ। ਥੋੜੀ ਬਹੁਤੀ ਅਦਲਾ ਬਦਲੀ ਨਾਲ ਦਿਵਾਲੀ ਮੇਲਾ ਕੋਈ ਪੰਜ ਦਿਨਾਂ ਲਈ ਤਿਉਹਾਰ ਦੇ ਰੂਪ ਵਿਚ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਭਾਰਤੀਆਂ ਦੇ ਪ੍ਰਵਾਸ ਕਾਰਨ ਹੁਣ ਤਾਂ ਇਹ ਮੇਲਾ ਸੰਸਾਰ ਪੱਧਰ 'ਤੇ ਮਨਾਇਆ ਜਾਣ ਲੱਗਾ ਹੈ। ਇਸ ਮੇਲੇ ਦੀਆਂ ਖੁਸ਼ੀਆਂ ਮਾਨਣ ਲਈ ਉਮਰ ਦਾ ਤਕਾਜ਼ਾ ਨਹੀਂ, ਇਹ ਤਾਂ ਮਰਦਾਂ ਔਰਤਾਂ ਬੱਚਿਆਂ ਬਜ਼ੁਰਗਾਂ ਦਾ ਸਾਂਝਾ ਮੇਲਾ ਹੈ। ਕੱਤਕ ਦੀ ਮੱਸਿਆ, ਦੀਵਿਆਂ ਭਰੀ ਇਹ ਕਾਲੀ ਰਾਤ, ਸੁਆਦਲੇ ਭੋਜਨ ਨਵੇਂ ਵਸਤਰ ਅਤੇ ਸਾਫ ਸੁਥਰੇ ਘਰ, ਪਟਾਖਿਆਂ ਦਾ ਸ਼ੋਰ ਇਕ ਮੌਸਮੀ ਮੇਲਾ ਹੀ ਸੀ ਜੋ ਬਾਅਦ ਵਿਚ ਕੁਝ ਮਿਥਿਹਾਸਕ ਗਾਥਾਵਾਂ ਜੁੜਨ ਕਾਰਨ ਇਹ ਪੰਜ ਦਿਨਾਂ ਤਿਉਹਾਰ ਹੋ ਨਿਬੜਿਆ ਹੈ।

ਕੱਤਕ ਮਹੀਨੇ ਦੇ ਕ੍ਰਿਸ਼ਨ ਪਖਸ਼ ਦੇ ਤੇਰਾਂ ਦਿਨਾਂ ਤੋਂ ਦੀਵਾਲੀ ਪੂਜਾ ਸ਼ੁਰੂ ਹੋ ਜਾਂਦੀ ਹੈ। ਇਸ ਦਿਨ ਨੂੰ ਧੰਨਵੰਤਰੀ ਤਿਰੋਦਸ਼ੀ ਆਖਦੇ ਹਨ। ਵਿਉਪਾਰੀ ਲੋਕ ਆਪਣੇ ਧਨ ਦੇ ਵਾਧੇ ਲਈ ਇਸ ਰਾਤ ਲਕਸ਼ਮੀ ਪੂਜਾ ਕਰਦੇ ਹਨ। ਵਹੀ ਖਾਤਿਆਂ ਨੂੰ ਧੂਫ ਦਿੰਦੇ ਹਨ। ਵਿਆਜ ਵਗੈਰਾ ਜੋੜ ਕੇ ਖਾਤਾ ਨਵਾਂ ਕਰ ਲੈਂਦੇ ਹਨ। ਉਹਨਾਂ ਲਈ ਦੀਵਾਲੀ ਤੋਂ ਨਵਾਂ ਸਾਲ ਸ਼ੁਰੂ ਹੋ ਜਾਂਦਾ ਹੈ। ਸੋਨੇ ਚਾਂਦੀ ਦੇ ਜ਼ੇਵਰਾਂ ਦੀ ਖਰੀਦ ਨੂੰ ਸ਼ੁਭ ਮੰਨਣ ਕਾਰਨ ਇਸ ਦਿਨ ਜ਼ੇਵਰਾਤ ਦੀਆਂ ਦੁਕਾਨਾਂ 'ਤੇ ਕਾਫੀ ਭੀੜ ਹੁੰਦੀ ਹੈ। ਇਸ ਤਰਾਂ ਇਹ ਮੌਸਮੀ ਮੇਲਾ ਵਿਉਪਾਰਕ ਵੀ ਹੋ ਨਿੱਬੜਿਆ।

ਕੱਤਕ ਮਹੀਨੇ ਦੇ ਕ੍ਰਿਸ਼ਨ ਪੱਖ ਦਾ ਚੌਦਵਾਂ ਦਿਨ ਛੋਟੀ ਦੀਵਾਲੀ ਜਾਂ ਨਰਕ ਚੌਰਾਦਸੀ ਵਜੋਂ ਮਨਾਇਆ ਜਾਂਦਾ ਹੈ। ਇਸ ਨਾਲ ਜੁੜੀ ਗਾਥਾ ਦਾ ਸਬੰਧ ਹਿੰਦੂ ਧਰਮ ਦੇ ਦੁਆਪਰ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਨਾਲ ਹੈ। ਪੁਰਾਣੇ ਗਰੰਥਾਂ ਅਨੁਸਾਰ, ਜਿਸ ਇਲਾਕੇ ਨੂੰ ਅੱਜ ਅਸਾਮ ਕਿਹਾ ਜਾਂਦਾ ਹੈ, ਉਸ ਇਲਾਕੇ ਵਿਚ ਇਕ ਨਰਕਸੁਰ ਨਾਮ ਦਾ ਜਾਬਰ ਰਾਜੇ ਦਾ ਰਾਜ ਸੀ। ਉਸ ਨੇ ਦੇਵਤਿਆਂ ਰਿਸ਼ੀਆਂ-ਮੁਨੀਆਂ ਦੀਆਂ ਵਰਪਰਾਪਤ 16,100 ਬੇਟੀਆਂ ਆਪਣੇ ਹਰਮ ਵਿਚ ਪਾ ਲਈਆਂ ਸਨ। ਨਾਲ ਹੀ ਉਸ ਨੇ ਸੁਰਲੋਕ ਦੀ ਮਲਕਾ ਅਦਿਤੀ ਦੀਆਂ ਕੀਮਤੀ ਮੁਰਕੀਆਂ ਵੀ ਖੋਹ ਲਿਆਂਦੀਆਂ ਸਨ। ਦੇਵਤਿਆਂ ਨੇ ਤੰਗ ਆ ਕੇ ਵਿਸ਼ਨੂੰ ਅਵਤਾਰ ਕ੍ਰਿਸ਼ਨ ਜੀ ਦੀ ਸਹਾਇਤਾ ਮੰਗੀ। ਸ਼੍ਰੀ ਕ੍ਰਿਸ਼ਨ ਜੀ ਨੇ ਆਪਣੀ ਪਤਨੀ ਸਤਿਆਭਾਮਾ ਨੂੰ ਮਨਾ ਲਿਆ ਕਿ ਉਹ ਨਰਕਸੁਰ ਦੀ ਲੜਾਈ ਵਿਚ ਉਸ ਦੀ ਰਥਵਾਨ ਬਣੇ। ਲੜਾਈ ਦੌਰਾਨ ਇਕ ਤੀਰ ਕ੍ਰਿਸ਼ਨ ਜੀ ਦੇ ਲੱਗਣ ਨਾਲ ਉਹ ਮੂਰਛਤ ਹੋ ਗਏ ਤਾਂ ਉਨ੍ਹਾਂ ਦੀ ਪਤਨੀ ਸਤਿਆਭਾਮਾ ਨੇ ਤੀਰ ਕਮਾਨ ਸੰਭਾਲ ਕੇ ਨਰਕਸੁਰ ਦੀ ਹੱਤਿਆ ਕਰ ਦਿੱਤੀ। ਕ੍ਰਿਸ਼ਨ ਜੀ ਨੇ 16100 ਕੰਨਿਆਵਾਂ ਨੂੰ ਛੁਡਾ ਕੇ ਉਨ੍ਹਾਂ ਨੂੰ ਆਪਣਾ ਨਾਮ ਦਿੰਦਿਆ ਆਖਿਆ ਕਿ ਅੱਜ ਤੋਂ ਤੁਸੀਂ ਮੇਰੀਆਂ ਪਤਨੀਆਂ ਹੋ। ਕ੍ਰਿਸ਼ਨ ਜੀ ਦਾ ਇਹ ਫੈਸਲਾ ਉਨ੍ਹਾਂ ਦੀ ਭਲਾਈ ਲਈ ਲਿਆ ਲੱਗਦਾ ਹੈ ਕਿ ਜੇ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਪਤਿਤ ਸਮਝ ਕੇ ਨਾ ਕਬੂਲਿਆ ਤਾਂ ਉਹ ਆਪਣੇ ਆਪ ਨੂੰ ਲਾਵਾਰਸ ਨਹੀਂ ਸਮਝਣਗੀਆਂ।) ਨਰਕਸੁਰ ਦਾ ਖੂਨ ਆਪਣੇ ਮੱਥੇ 'ਤੇ ਲਾ ਕੇ ਜਦ ਕ੍ਰਿਸ਼ਨ ਜੀ ਵਾਪਸ ਆਏ ਤਾਂ ਲੋਕਾਂ ਨੇ ਨਰਕਸੁਰ ਤੋਂ ਛੁਟਕਾਰਾ ਮਿਲਣ ਕਰਕੇ ਖੁਸ਼ੀਆਂ ਮਨਾਈਆਂ। ਇਕ ਹੋਰ ਇਤਿਹਾਸਕ ਪੱਖ ਇਹ ਹੈ ਕਿ ਅਬਦਾਲੀ ਨੇ ਭਾਰਤ 'ਤੇ ਹਮਲਾ ਕੀਤਾ ਦੇਸ਼ ਦਿਆਂ ਮੰਦਰਾਂ ਵਿਚੋਂ ਹੀਰੇ ਮੋਤੀ ਸੋਨਾ ਅਤੇ ਨਾਲ ਹੀ ਦੇਸ਼ ਦਾ ਇਸਤਰੀ ਧਨ ਨੌਜਵਾਨ ਬੇਟੀਆਂ ਲੁੱਟ ਕੇ ਜਦ ਵਾਪਸ ਜਾ ਰਿਹਾ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸੇ ਨੇ ਬਹੁਤ ਘੱਟ ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਉਸ ਤੋਂ ਸਾਰਾ ਮਾਲ ਵੀ ਖੋਹ ਲਿਆ ਅਤੇ ਦੇਸ਼ ਦੀ ਬੇਟੀਆਂ ਨੂੰ ਵੀ ਅਬਦਾਲੀ ਦੀ ਗ੍ਰਿਫਤ ਵਿਚੋਂ ਛੁਡਾ ਲਿਆ। ਕੁਝ ਇਕ ਨੂੰ ਤਾਂ ਮਾਪਿਆਂ ਨੇ ਕਬੂਲ ਲਿਆ, ਜਿਨ੍ਹਾਂ ਨੂੰ ਮਾਪਿਆਂ ਨੇ ਭ੍ਰਿਸ਼ਟ ਹੋਈਆਂ ਸਮਝ ਕੇ ਕਬੂਲਣ ਤੋਂ ਇਨਕਾਰ ਕਰ ਦਿੱਤਾ, ਉਹ ਬੇਟੀਆਂ ਖਾਲਸੇ ਦਾ ਹੀ ਇਕ ਅੰਗ ਬਣ ਗਈਆਂ। ਅਬਦਾਲੀ ਨਾਲ ਹੋਈਆਂ ਝੜਪਾਂ ਵਿਚ ਸ਼ਹੀਦੀਆਂ ਵੀ ਹੋਈਆਂ। ਇਤਿਹਾਸ ਦਾ ਇਹ ਸਬਕ ਨਵੀਂ ਪੀੜ੍ਹੀ ਨੂੰ ਪੜ੍ਹਾਉਣਾ ਤਾਂ ਇਕ ਪਾਸੇ ਉਨ੍ਹਾਂ ਸੂਰਬੀਰਾਂ ਦੇ ਵੱਡਮੁੱਲੇ ਕਾਰਨਾਮੇ ਦੀ ਯਾਦ ਵਿਚ ਕੀ ਕਦੇ ਕਿਸੇ ਨੇ ਇਕ ਵੀ ਦੀਵਾ ਬਾਲਿਆ ਹੈ। ਨਹੀਂ ਨਾ ! ਉਸ ਦੇ ਉਲਟ ਨਵੰਬਰ 1984 ਵਿਚ ਦਿੱਲੀ-ਕਾਨਪੁਰ ਅਤੇ ਹੋਰ ਕਈ ਸ਼ਹਿਰਾਂ ਵਿਚ ਇਕ ਸੋਚੀ ਸਮਝੀ ਸਰਕਾਰੀ ਸਰਪ੍ਰਸਤੀ ਹੇਠ ਸਿੱਖਾਂ ਦੀ ਜਾਨ ਮਾਲ ਦੀ ਲੁੱਟ, ਸਿੱਖ ਬੀਬੀਆਂ ਦੀ ਬੇਪਤੀ ਨੇ ਭਾਰਤ ਵਾਸੀਆਂ ਨੂੰ ਨਾਸ਼ੁਕਰਿਆਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ। ਭਾਰਤ ਮਹਾਨ ਦਾ ਅਕਸ ਕਲੰਕਿਤ ਹੋ ਗਿਆ। ਸਿੱਖ ਕੌਮ ਦੇ ਹਿਰਦੇ ਵਲੂੰਦਰੇ ਗਏ, ਇਕ ਨਾ ਮਿਟਣ ਵਾਲਾ ਜ਼ਖਮ ਲੱਗਾ ਹੈ।

ਦੀਵਾਲੀ ਦੀ ਰਾਤ ਨਾਲ ਕੁਝ ਮਿਥਿਹਾਸ ਤੇ ਕੁਝ ਇਤਿਹਾਸ ਜੁੜਿਆ ਹੋਇਆ ਹੈ। ਪਹਿਲਾਂ ਮਿਥਿਹਾਸ ਦੀ ਗੱਲ ਕਰਦੇ ਹਾਂ। ਇਕ ਵਿਸ਼ਵਾਸ ਹੈ ਕਿ ਸਮੁੰਦਰ ਮੰਥਨ ਕਰਨ ਸਮੇਂ ਹੋਰ ਵਸਤੂਆਂ ਨਾਲ ਇਕ ਅਤਿਅੰਤ ਸੁੰਦਰ ਇਸਤਰੀ ਵੀ ਪ੍ਰਗਟ ਹੋਈ ਸੀ। ਉਸ ਨੂੰ ਵਿਸ਼ਨੂੰ ਭਗਵਾਨ ਨੇ ਆਪਣੀ ਅਰਧਾਂਗਣੀ ਬਣਾ ਲਿਆ ਅਤੇ ਉਸ ਦਾ ਨਾਮ ਧਨ ਦੇਣ ਵਾਲੀ ਦੇਵੀ ਲੱਛਮੀ ਪ੍ਰਚਲਿਤ ਹੋ ਗਿਆ। ਧਨ ਦੀ ਪ੍ਰਾਪਤੀ ਲਈ ਦਿਵਾਲੀ ਵਾਲੀ ਰਾਤ ਉਸ ਦੀ ਪੂਜਾ ਕੀਤੀ ਜਾਂਦੀ ਹੈ। ਇਕ ਆਮ ਵਿਸ਼ਵਾਸ ਹੈ ਕਿ ਦੀਵਾਲੀ ਦੀ ਰਾਤ ਨੂੰ ਲਛਮੀ ਦੇਵੀ ਸਾਫ ਸੁਥਰੇ ਅਤੇ ਰੌਸ਼ਨ ਘਰਾਂ ਵਿਚ ਗੇੜਾ ਮਾਰਦੀ ਹੈ। ਸੋ ਘਰਾਂ ਦੀ ਲੇਪਾ ਪੋਚੀ ਕੀਤੀ ਜਾ ਚੁੱਕੀ ਹੈ। ਦੀਵੇ ਬਲ ਰਹੇ ਹਨ ਬਸ ਸਾਰੀਆਂ ਖਿੜਕੀਆਂ ਖੋਹਲ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਲੱਛਮੀ ਦੇਵੀ ਧਨ ਦਾ ਛੱਟਾ ਦੇ ਜਾਵੇ।

ਦੂਸਰੀ ਮਿਥ ਰਾਮ ਚੰਦਰ ਦੇ ਚੌਦਾਂ ਸਾਲ ਬਨਵਾਸ ਤੋਂ ਪਰਤਣ ਨਾਲ ਜੁੜੀ ਹੋਈ ਹੈ। ਅਯੁਧਿਆ ਪਤੀ ਰਾਜਾ ਦਸ਼ਰਥ ਆਪਣੀ ਰਾਣੀ ਕਕੇਈ ਦੇ ਹੱਠ ਅੱਗੇ ਝੁਕ ਗਿਆ। ਨਤੀਜਾ ਰਾਣੀ ਕੁਸ਼ਲਿਆ ਦੀ ਕੁੱਖੋਂ ਰਾਜਾ ਦਸ਼ਰਥ ਦੇ ਵੱਡੇ ਪੁੱਤਰ ਰਾਮਚੰਦਰ ਨੂੰ ਰਾਜ ਤਿਲਕ ਦੀ ਥਾਂ ਚੌਦਾਂ ਸਾਲਾਂ ਦਾ ਬਨਵਾਸ। ਰਾਮਚੰਦਰ ਦੀ ਪਤਨੀ ਸੀਤਾ ਨੇ ਪਤੀ ਧਰਮ ਦਾ ਪਾਲਣ ਕਰਦਿਆਂ ਮਹਿਲਾਂ ਦੇ ਐਸ਼ੋ ਆਰਾਮ ਦੀ ਥਾਂ ਬਨਵਾਸ ਦੀ ਚੋਣ ਕੀਤੀ। ਰਾਣੀ ਸੁਮਿਤਰਾ ਦਾ ਪੁੱਤਰ ਲਛਮਣ ਵੀ ਨਾਲ ਜਾਣ ਲਈ ਬਜ਼ਿਦ ਸੀ। ਬਨਵਾਸ ਦੌਰਾਨ ਲੰਕਾ ਪਤੀ ਰਾਵਣ ਸੀਤਾ ਦਾ ਹਰਣ ਕਰ ਲੈਂਦਾ ਹੈ। ਜੰਗ ਹੁੰਦੀ ਹੈ, ਰਾਵਣ ਹਾਰ ਜਾਂਦਾ ਹੈ। ਸੰਸਾਰ ਜਿੱਤਣ ਵਾਲਿਆਂ ਨੂੰ ਪੂਜਦਾ ਆਇਆ ਹੈ। ਸੀਤਾ ਜੀ ਖੁਸ਼ੀ ਨਾਲ ਨਹੀਂ ਸੀ ਗਈ, ਉਸ ਦੇ ਜਿਸਮ 'ਤੇ ਉਸ ਦਾ ਕੋਈ ਵਸ ਨਹੀਂ ਸੀ, ਪਰ ਉਸ ਦਾ ਮਨ ਹਰ ਵਕਤ ਸ਼੍ਰੀ ਰਾਮ ਨਾਲ ਜੁੜਿਆ ਰਹਿੰਦਾ ਸੀ। ਫੇਰ ਵੀ ਆਪਣੀ ਪਵਿੱਤਰਤਾ ਸਾਬਤ ਕਰਨ ਲਈ ਸੀਤਾ ਜੀ ਨੂੰ ਅਗਨੀ ਪ੍ਰੀਖਿਆ ਦੇਣੀ ਪਈ। ਰਾਮ ਵੱਲੋਂ ਰਾਵਣ ਦੀ ਹੱਤਿਆ ਨੇਕੀ ਦੀ ਬਦੀ 'ਤੇ ਜਿੱਤ ਮੰਨਦਿਆਂ ਅਤੇ ਰਾਮ, ਲਛਮਣ ਅਤੇ ਸੀਤਾ ਦੇ ਵਾਪਸ ਆਉਣ ਦੀ ਖੁਸ਼ੀ ਵਿਚ ਆਖਿਆ ਜਾਂਦਾ ਹੈ ਅਯੁਧਿਆ ਨਿਵਾਸੀਆਂ ਨੇ ਦੀਪਮਾਲਾ ਕੀਤੀ, ਜੋ ਅੱਜ ਤਕ ਦਿਪਾਵਲੀ ਦੇ ਰੂਪ ਵਿਚ ਹੋ ਰਹੀ ਹੈ।

ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਦੀਵਾਲੀ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਤੱਕ ਨਿਰਵੈਰ ਸਮਾਜ ਦੀ ਉਸਾਰੀ ਹੋ ਰਹੀ ਸੀ ਉਨ੍ਹਾਂ ਦੀ ਸ਼ਹਾਦਤ ਨੇ ਏਡੀ ਦਹਿਸ਼ਤ ਫੈਲਾਈ ਕਿ ਗੁਰੂ ਪ੍ਰੇਮੀ ਚੁੱਪ ਕਰਕੇ ਘਰੋਂ ਘਰੀਂ ਬੈਠ ਗਏ। ਸਮਾਂ ਆ ਗਿਆ ਸੀ ਕਿ ਨਿਰਵੈਰ ਸਮਾਜ ਨੂੰ ਨਿਰਭਉ ਵੀ ਕਰ ਦਿੱਤਾ ਜਾਵੇ। ਇਸ ਲਈ ਗੁਰੂ ਹਰਗੋਬਿੰਦ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਮਿਲ ਕੇ ਹਰਿਮੰਦਰ ਦੇ ਲਾਗੇ ਹੀ ਅਕਾਲ ਬੁੰਗੇ ਦੀ ਉਸਾਰੀ ਕੀਤੀ ( ਅੱਜ ਕਲ ਉਸ ਦਾ ਨਾਮ ਅਕਾਲ ਤਖਤ ਹੈ )। ਏਡਾ ਉਚਾ ਥੜ੍ਹਾ ਬਣਾ ਦੇਣਾ ਅਤੇ ਸੇਵਕਾਂ ਨੂੰ ਹਥਿਆਰਬੰਦ ਕਰਨਾ ਮੁਗਲੀਆ ਹਕੂਮਤ ਦੇ ਖਿਲਾਫ ਖੁੱਲ੍ਹੀ ਬਗਾਵਤ ਸੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਦਿੱਲੀ ਸਦ ਕੇ ਪੱਜ ਨਾਲ ਗਵਾਲੀਅਰ ਭੇਜ ਦਿੱਤਾ। ਉਸ ਕਿਲ੍ਹੇ ਵਿਚ 52 ਹਿੰਦੂ ਰਾਜੇ ਪਹਿਲਾਂ ਹੀ ਕੈਦ ਕੀਤੇ ਹੋਏ ਸਨ। ਗੁਰੂ ਮਹਾਰਾਜ ਕੋਈ ਡੇਢ ਸਾਲ ਉਸ ਕਿਲੇ ਵਿਚ ਰਹੇ ਅਤੇ ਜਦ ਬਾਹਰ ਆਏ ਤਾਂ 52 ਹਿੰਦੂ ਰਾਜੇ ਵੀ ਉਹਨਾ ਦੇ ਚੋਲੇ ਦੀਆਂ ਕੰਨੀਆਂ ਫੜ ਕੇ ਰਿਹਾਅ ਹੋ ਗਏ। ਅੰਮ੍ਰਿਤਸਰ ਵਾਪਸ ਆਉਣ 'ਤੇ ਖੁਸ਼ੀ ਵਿਚ ਦੀਪ ਮਾਲਾ ਕੀਤੀ ਗਈ ਜੋ ਅੱਜ ਤਕ ਬੜੀ ਸ਼ਾਨ ਸ਼ੌਕਤ ਨਾਲ ਮਨਾਈ ਜਾਂਦੀ ਹੈ। ਦੀਵਾਲੀ ਦੀ ਰਾਤ ਨੂੰ ਅੰਮ੍ਰਿਤਸਰ ਦੀ ਆਤਸ਼ਬਾਜ਼ੀ ਸਾਰੇ ਸੰਸਾਰ ਤੇ ਮਸ਼ਹੂਰ ਹੈ ਪਰ ਉਸ ਅਸਥਾਨ ਦੀ ਉੱਚਤਾ ਨੂੰ ਗ੍ਰਹਿਣ ਲਗ ਰਿਹਾ ਹੈ। ਦੀਵਾਲੀ ਤੋਂ ਦੂਜੇ ਦਿਨ ਨੂੰ ਬਾਲੀ ਪਾਰਤਪਦਾ ਦੇ ਨਾਮ ਨਾਲ ਮਨਾਇਆ ਜਾਂਦਾ ਹੈ। ਕਹਾਣੀ ਕੁਝ ਇਸ ਤਰ੍ਹਾਂ ਹੈ ਕਿ ਪਤਾਲਪੁਰੀ ਦਾ ਰਾਜਾ ਬਾਲੀ ਬਹੁਤ ਸ਼ਕਤੀਸ਼ਾਲੀ ਹੋ ਗਿਆ ਉਸ ਨੇ ਕਈ ਪ੍ਰਚਲਿਤ ਰਸਮਾਂ ਦਾ ਉਲੰਘਣ ਕੀਤਾ ਤਾਂ ਵਿਸ਼ਨੂੰ ਭਗਵਾਨ ਨੇ ਵਾਮਨ ਅਵਤਾਰ (ਗਿਠਮੁਠੀਆ ਬ੍ਰਾਹਮਣ ) ਦਾ ਰੂਪ ਧਾਰ ਕੇ ਰਾਜਨ ਤੋਂ ਭਿਖਿਆ ਵਜੋਂ ਤਿੰਨ ਕਦਮ ਜਗ੍ਹਾ ਦੀ ਮੰਗ ਕੀਤੀ। ਬਾਲੀ ਦੀ ਹਾਂ ਤੇ ਵਿਸ਼ਨੂੰ ਨੇ ਵਰਾਟ ਰੂਪ ਧਾਰਨ ਕਰਕੇ ਸਮੁੱਚੀ ਧਰਤੀ ਅਤੇ ਅਕਾਸ਼ ਦੋ ਕਦਮਾਂ ਵਿਚ ਹੀ ਸਮੇਟ ਕੇ ਕਿਹਾ ਰਾਜਨ ਦਸ ਤੀਸਰਾ ਕਦਮ ਕਿਥੇ ਰਖਾਂ ਤਾਂ ਬਾਲੀ ਨੇ ਸਿਰ ਅਗੇ ਕਰ ਦਿੱਤਾ। ਵਿਸ਼ਨੂੰ ਨੇ ਉਸ ਦੇ ਸਿਰ 'ਤੇ ਪੈਰ ਰਖ ਕੇ ਉਸ ਨੂੰ ਮੁੜ ਪਤਾਲ ਪੁਰੀ ਵਿਚ ਧਕ ਦਿੱਤਾ। ਬਾਲੀ ਨੇ ਦਾਨ ਦੇ ਇਵਜ਼ਾਨੇ ਵਿਚ ਵਿਸ਼ਨੂੰ ਨੂੰ ਆਪਣਾ ਦਰਬਾਨ ਬਣਾ ਲਿਆ। ਵਿਸ਼ਨੂੰ ਦੇ ਵਿਯੋਗ ਵਿਚ ਲਛਮੀ ਦੇਵੀ ਬੇਹਬਲ ਹੋ ਗਈ ਤਾਂ ਬ੍ਰਹਮਾ ਅਤੇ ਸ਼ਿਵ ਨੇ ਜਾ ਕੇ ਰਾਜਾ ਬਾਲੀ ਨੂੰ ਮਨਾਉਣ ਦਾ ਯਤਨ ਕੀਤਾ। ਬਾਲੀ ਨੇ ਵਿਸ਼ਨੂੰ ਨੂੰ ਇਕ ਸ਼ਰਤ ਤੇ ਮੁਕਤ ਕੀਤਾ ਕਿ ਉਹ ਸਾਲ ਵਿੱਚ ਦੀਵਾਲੀ ਤੋਂ ਦੂਸਰੇ ਦਿਨ ਇਕ ਦਿਨ ਲਈ ਧਰਤੀ ਤੇ ਆਇਆ ਕਰੇਗਾ ਇਹ ਦਿਨ ਉਸ ਯਾਦ ਵਜੋਂ ਮਨਾਇਆ ਜਾਂਦਾ ਹੈ।

ਪੰਜਵਾਂ ਦਿਨ ਭਾਈ ਦੂਜ ਹੈ। ਇਕ ਵਿਸ਼ਵਾਸ਼ ਅਨਸਾਰ ਸ਼੍ਰੀ ਕ੍ਰਿਸ਼ਨ ਜੀ ਨਰਕਸੁਰ ਨੂੰ ਮਾਰਨ ਉਪਰੰਤ ਆਪਣੀ ਭੈਣ ਸੁਭਦਰਾ ਨੂੰ ਮਿਲਣ ਗਏ ਸੀ। ਉਸ ਨੇ ਆਪਣੇ ਭਰਾ ਦੇ ਤਿਲਕ ਲਾਇਆ ਸੀ। ਇਸ ਦਿਨ ਭਰਾ ਆਪਣੀਆਂ ਭੈਣਾ ਨੂੰ ਤੋਹਫੇ ਦਿੰਦੇ ਹਨ ਭੈਣਾਂ ਆਪਣੇ ਭਰਾਵਾਂ ਦੀਆਂ ਸੁੱਖਾਂ ਮਨਾਉਂਦੀਆਂ ਹਨ। ਇਸ ਤਰ੍ਹਾਂ ਭੈਣਾਂ ਅਤੇ ਭਰਾਵਾਂ ਦਾ ਪਿਆਰ ਬਣਿਆ ਰਹਿੰਦਾ ਹੈ। ਭਾਈ ਦੂਜ ਮਨਾਉਣ ਬਗੈਰ ਦਿਵਾਲੀ ਅਧੂਰੀ ਗਿਣੀ ਜਾਂਦੀ ਹੈ।

ਜੈਨ ਮਤ ਵਾਲੇ ਸੰਤ ਮਹਾਂਵੀਰ ਦੇ ਨਿਰਵਾਣ ਪ੍ਰਾਪਤ ਕਰਨ ਕਰਕੇ ਦੀਵਾਲੀ ਮਨਾਉਂਦੇ ਹਨ। ਬੰਗਾਲ ਵਿਚ ਦੁਰਗਾ ਪੂਜਾ ਹੁੰਦੀ ਹੈ।







ਅੰਮ੍ਰਿਤਸਰ ਟਾਈਮਜ਼ AMRITSAR TIMES
07 ਨਵੰਬਰ 2018 ਤੋਂ 13 ਨਵੰਬਰ 2018

## ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਮੁਬਾਰਕਾਂ

**-ਮਨਜੀਤ ਸਿੰਘ ਟਿਵਾਣਾ**

ਦੁਨੀਆ ਭਰ ਵਿਚ ਵਸਦੇ ਭਾਰਤੀਆਂ ਦੇ ਖੁਸ਼ੀਆਂ ਤੇ ਹੁਲਾਸ ਨਾਲ ਭਰੇ ਤਿਉਹਾਰ ਦੀਵਾਲੀ ਦੀ ਖਿੱਚ ਸੈਂਕੜੇ ਸਾਲਾਂ ਤੋਂ ਲੋਕਾਂ ਦੇ ਦਿਲਾਂ ਨੂੰ ਧੂਹ ਪਾਉਂਦੀ ਆ ਰਹੀ ਹੈ। ਸਿੱਖਾਂ ਵਿਚ ਇਸ ਦਿਨ ਹੀ "ਬੰਦੀ-ਛੋੜ ਦਿਵਸ" ਮਨਾਇਆ ਜਾਂਦਾ ਹੈ। ਇਹ ਤਿਉਹਾਰ ਮਨਾਏ ਜਾਣ ਦੇ ਵੇਰਵਿਆਂ ਤੇ ਸਾਖੀਆਂ ਨਾਲ ਸਾਡਾ ਇਤਿਹਾਸ ਤੇ ਮਿਥਿਹਾਸ ਭਰਿਆ ਪਿਆ ਹੈ। ਇਸ ਖਿੱਤੇ ਵਿਚ ਪੈਦਾ ਹੋਏ ਜਾਂ ਬਾਹਰੋਂ ਪਰਵਾਸ ਕਰਕੇ ਆਏ ਹਰ ਧਰਮ, ਜਾਤ, ਨਸਲ ਤੇ ਕੌਮ ਦੇ ਵੱਡੇ-ਵਡੇਰਿਆਂ ਨੇ ਇਸ ਤਿਉਹਾਰ ਨਾਲ ਆਪਣਾ ਨਾਤਾ ਕਿਸੇ ਨਾ ਕਿਸੇ ਢੰਗ ਨਾਲ ਜੋੜ ਲਿਆ ਹੋਇਆ ਹੈ। ਇਸ ਬਾਰੇ ਇਤਿਹਾਸਕਾਰਾਂ ਵਿਚ ਬਹੁਤ ਸਾਰੇ ਮੱਤਭੇਦ ਵੀ ਹਨ। ਕਈਆਂ ਨੂੰ ਜਾਪਦਾ ਹੈ ਕਿ ਉਨ੍ਹਾਂ ਦਾ ਤਾਂ ਇਸ ਤਿਉਹਾਰ ਨਾਲ ਕੋਈ ਵਾਹ-ਵਾਸਤਾ ਹੀ ਨਹੀਂ ਪਰ ਬੀਤੇ ਵਿਚ ਦਿੱਤੇ ਗਏ ਝੂਠੇ-ਸੱਚੇ ਹਵਾਲਿਆਂ ਕਾਰਨ ਉਹ ਇਸ ਨਾਲ ਜਾ ਜੁੜੇ ਹਨ। ਖੈਰ, ਇਹ ਇਤਿਹਾਸ ਦਾ ਵਿਸ਼ਾ ਹੈ, ਇਸ ਨੂੰ ਇਤਿਹਾਸਕਾਰਾਂ ਲਈ ਹੀ ਛੱਡ ਦਿੰਦੇ ਹਾਂ। ਅੱਜ ਇਹ ਤਿਉਹਾਰ ਖੁਸ਼ੀਆਂ ਤੇ ਖੇੜਿਆਂ ਨੂੰ ਮਾਨਣ ਦੇ ਮਨੁੱਖੀ ਜਜ਼ਬਿਆਂ ਤੋਂ ਪਾਰ ਜਾ ਕੇ ਆਰਥਿਕ ਮੰਡੀ ਲਈ ਇਕ ਵੱਡਾ ਕਾਰੋਬਾਰ, ਵਾਤਾਵਰਣ ਦੇ ਲਿਹਾਜ਼ ਨਾਲ ਵੱਡੀ ਅਲਾਮਤ, ਅਮੀਰਾਂ ਲਈ ਆਪਣੀ ਦੌਲਤ ਦੀ ਹਉਮੈ ਦਾ ਵਿਖਾਵਾ ਅਤੇ ਸਰਕਾਰੀ ਤੇ ਪ੍ਰਾਈਵੇਟ ਬਾਬੂਆਂ ਲਈ "ਤੋਹਫਿਆਂ ਦੇ ਭ੍ਰਿਸ਼ਟਾਚਾਰ" ਕਾਰਨ ਖਾਸਾ ਬਦਨਾਮ ਹੋ ਗਿਆ ਹੈ। ਇਸ ਕਾਰਨ ਭਾਰਤ ਵਿਚ ਹੁਣ ਇਸ ਤਿਉਹਾਰ ਦੇ ਮੌਸਮ ਦੌਰਾਨ ਸਿਹਤ ਵਿਭਾਗ ਦੀਆਂ ਚੇਤਾਵਨੀਆਂ, ਸਰਕਾਰੀ ਤੰਤਰ ਦੀਆਂ ਹਦਾਇਤਾਂ ਅਤੇ ਅਦਾਲਤੀ ਫਰਮਾਨਾਂ ਦੀਆਂ ਝੜੀਆਂ ਵੀ ਲਗਦੀਆਂ ਹਨ।

ਦੀਵਾਲੀ ਅੱਜ ਕਿਸੇ ਧਾਰਮਿਕ, ਮੌਸਮੀ ਜਾਂ ਸੰਸਕ੍ਰਿਤੀ ਦੇ ਨਾਲ-ਨਾਲ ਮੰਡੀ ਦੀ ਲੁੱਟ-ਖਸੁੱਟ ਵਾਲੀ ਬਿਰਤੀ ਦੇ ਹਾਵੀ ਹੋਣ ਕਰਕੇ ਮਨੁੱਖੀ ਸਿਹਤ ਲਈ ਨਕਲੀ ਖਾਧ ਪਦਾਰਥਾਂ ਦੀ ਮਾਰ ਤੇ ਪ੍ਰਦੂਸ਼ਣ ਫੈਲਾਉਣ ਵਾਲਾ ਤਿਉਹਾਰ ਜ਼ਿਆਦਾ ਬਣਦਾ ਜਾ ਰਿਹਾ ਹੈ। ਇਸ ਲਈ ਤਿਉਹਾਰ ਤੋਂ ਪਹਿਲਾਂ, ਜਿੱਥੇ ਆਮ ਲੋਕ ਇਸ ਦੀ ਤਿਆਰੀਆਂ 'ਚ ਜੁਟੇ ਹੋਏ ਹੁੰਦੇ ਹਨ, ਉਥੇ ਲੋਟੂ-ਟੋਲਾ ਹਰ ਹਰਬਾ ਵਰਤ ਕੇ "ਵਗਦੀ ਗੰਗਾ 'ਚ ਹੱਥ ਧੋਣ ਲੱਗਾ" ਹੁੰਦਾ ਹੈ। ਹਰ ਅਵਸਰ ਉਤੇ ਮੰਡੀ ਦੇ ਮੁਨਾਫਾਖੋਰੀ ਦੇ ਸੁਭਾਅ ਕਾਰਨ, ਕਿਸੇ ਵੇਲੇ ਵਾਤਾਵਰਣ ਪੱਖੀ ਸਰ੍ਹੋਂ ਦੇ ਤੇਲ ਦੇ ਦੀਵੇ ਜਗਾ ਕੇ ਮਨਾਂ ਦੇ ਹਨੇਰਿਆਂ ਨੂੰ ਰੁਸ਼ਨਾਉਣ ਤੇ ਆਪਸੀ ਸਾਂਝ-ਪਿਆਰ ਵੰਡਣ ਦੇ ਪ੍ਰਤੀਕ ਤਿਉਹਾਰ ਨੂੰ ਅੱਜ ਸ਼ੋਰ-ਪਾਊ ਪਟਾਖਿਆਂ, ਮਠਿਆਈਆਂ ਤੇ ਮਹਿੰਗੇ ਤੋਹਫਿਆਂ ਦੇ ਵਟਾਂਦਰੇ ਦਾ ਤਿਉਹਾਰ ਬਣਾ ਦਿੱਤਾ ਗਿਆ ਹੈ। ਮਿਲਾਵਟੀ ਮਠਿਆਈਆਂ, ਨਕਲੀ ਖੋਆ, ਦੁੱਧ ਤੇ ਪਨੀਰ ਦੀ ਬਹੁਤਾਤ ਹੈ। ਖ਼ਤਰਨਾਕ ਆਤਿਸ਼ਬਾਜ਼ੀ ਵਿਕ ਰਹੀ ਹੈ। ਆਮ ਆਦਮੀ ਸਦੀਆਂ ਪੁਰਾਣੀ ਰਵਾਇਤ ਤੇ ਘਰ-ਪਰਿਵਾਰ ਦੇ ਮੋਹ-ਪਿਆਰ ਵਿਚ ਬੱਝਾ ਇਸ ਲੁੱਟ ਦਾ ਸ਼ਿਕਾਰ ਹੋ ਰਿਹਾ ਹੈ। ਮਨਾਂ ਵਿਚ ਮਿਲਾਵਟ ਲੈ ਕੇ ਸਦੀਆਂ ਤੋਂ "ਬੌਧਿਕ ਭ੍ਰਿਸ਼ਟਾਚਾਰ" ਕਰਨ ਵਾਲਾ ਬਿਪਰਵਾਦ ਭਾਰਤੀ ਸਮਾਜ ਨੂੰ ਜੋਕ ਵਾਂਗ ਚਿੰਬੜਿਆ ਹੋਇਆ ਹੈ। ਭਾਰਤੀ ਲੋਕ ਪਰਵਾਸ ਕਰਕੇ ਭਾਵੇਂ ਸੱਤ ਸਮੁੰਦਰੋਂ ਪਾਰ ਤਕ ਜਾ ਵਸੇ ਹਨ ਪਰ ਮਾਨਸਿਕ ਗੁਲਾਮੀ ਦਾ ਪਿੱਤਰੀ ਰੋਗ ਉਹ ਹਰ ਥਾਂ ਨਾਲ ਹੀ ਲੈ ਗਏ ਹਨ। ਬਿਪਰਵਾਦ ਸੰਗਠਿਤ ਹੋ ਕੇ ਸੱਤਾ, ਸਮਾਜ, ਬਾਜ਼ਾਰ ਅਤੇ ਅਖੌਤੀ ਧਰਮ ਦੀ ਹਰ ਪੌੜੀ ਉਤੇ ਕਾਬਜ਼ ਹੈ। ਭਾਵੇਂ ਇਸ ਭ੍ਰਿਸ਼ਟਤੰਤਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਤੇ "ਬੌਧਿਕ ਭ੍ਰਿਸ਼ਟਾਚਾਰ" ਦੇ ਇਸ ਸ਼ੋਰਗੁੱਲ ਵਿਚ, ਇਸ ਖਿਲਾਫ ਆਵਾਜ਼ ਉਠਾਉਣੀ ਵੀ ਬੇ-ਮਾਅਨਾ ਜਿਹੀ ਹੋ ਕੇ ਰਹਿ ਗਈ ਹੈ ਪਰ ਧਰਮ, ਸਮਾਜ ਤੇ ਸੰਸਕ੍ਰਿਤੀ ਲਈ ਫਿਰਕਮੰਦ ਲੋਕਾਂ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਜ਼ਰੂਰ ਬੋਲਿਆ ਜਾਵੇ। ਅਜਿਹੀ ਵਿਵਸਥਾ ਬਣੇ ਜਿਸ ਵਿਚ "ਹਲੇਮੀ ਰਾਜ" ਦੇ ਸਿਧਾਂਤ ਅਮਲੀਜ਼ਾਮਾ ਅਖਤਿਆਰ ਕਰਨ। "ਬੇਗਮਪੁਰੇ" ਦੇ ਇਤਿਹਾਸਕ ਸੰਕਲਪ ਵਿਚੋਂ ਮਿਥਿਹਾਸ ਦੇ "ਰਾਮ-ਰਾਜ" ਦਾ ਝਲਕਾਰਾ ਕਬੂਲ ਹੋਵੇ। ਹੁਣ ਜਦੋਂ ਵਿਸ਼ਵ ਭਰ ਵਿਚ ਹਵਾ, ਪਾਣੀ, ਵਾਤਾਵਰਣ ਤੇ ਅਨਾਜ ਤਕ ਪ੍ਰਦੂਸ਼ਿਤ ਹੋ ਚੁੱਕਾ ਹੈ। ਰੌਸ਼ਨੀਆਂ ਦੇ ਤਿਉਹਾਰ ਦੀ ਰੌਸ਼ਨੀ ਵੀ ਫਿੱਕੀ ਹੋ ਗਈ ਹੈ। ਚਾਰੇ ਪਾਸੇ ਧੁੰਧੂਕਾਰਾ ਦਿਖਾਈ ਦੇ ਰਿਹਾ ਹੈ। ਇਸ ਵਾਸਤੇ ਸਿੱਖ ਸਮਾਜ ਲਈ "ਹੋਲੀ" ਤੋਂ "ਹੋਲਾ-ਮਹੱਲਾ" ਤੇ "ਦੀਵਾਲੀ" ਤੋਂ "ਬੰਦੀ-ਛੋੜ" ਤਕ ਦਾ ਸਫਰ ਲਾਜ਼ਮੀ ਹੈ।

ਸਿੱਖ ਕੌਮ ਦੇ ਫਲਸਫੇ ਅਤੇ ਇਤਿਹਾਸ ਵਿਚ ਮਨੁੱਖੀ ਜੀਵਨ ਵਿਚ ਪਾਖੰਡ ਕਰਨ, ਧਰਮ ਜਾਂ ਰਸਮਾਂ ਦੇ ਨਾਂ ਉਤੇ ਕੋਈ ਆਡੰਬਰ ਰਚਣ ਤੇ ਲੋਭ-ਲਾਲਚ ਵਿਚ ਦੂਜਿਆਂ ਦੀ ਲੁੱਟ-ਖਸੁੱਟ ਕਰਨ ਦੀ ਕੋਈ ਥਾਂ ਨਹੀਂ ਹੈ। ਸਿੱਖ ਧਰਮ ਇਨਕਲਾਬੀ, ਵਿਗਿਆਨਕ ਸੋਚ ਅਤੇ ਸੱਚ ਦਾ ਧਾਰਨੀ ਹੈ। ਸਾਡੇ ਗੁਰੂ ਸਾਹਿਬਾਨਾਂ ਨੇ ਸਿੱਖ ਨੂੰ ਪਾਖੰਡ ਅਤੇ ਆਡੰਬਰ ਤੋਂ ਅਜ਼ਾਦ ਕਰਵਾਇਆ ਹੈ ਅਤੇ ਸਮੁੱਚੀ ਮਨੁੱਖਤਾ ਨੂੰ ਇਸ ਭਰਮ ਜਾਲ 'ਚੋਂ ਕੱਢਣ ਦੀ ਕੋਸ਼ਿਸ ਕੀਤੀ ਹੈ। ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖੀ ਜੀਵਨ-ਜਾਚ ਦਾ ਮੂਲ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਹਰ ਸ਼ੋਸ਼ਣ ਤੋਂ ਮੁਕਤ ਕਰਵਾਉਣ ਲਈ ਗੁਰਬਾਣੀ ਰਾਹੀਂ ਇਨਕਲਾਬੀ ਪ੍ਰੇਰਨਾ ਦਿੱਤੀ ਹੈ। ਅਸੀਂ ਖੁਸ਼ੀਆਂ ਤੇ ਖੇੜਿਆਂ ਵਾਲੇ ਤਿੱਥ-ਤਿਉਹਾਰ ਮਨਾਉਣੇ ਛੱਡ ਨਹੀਂ ਸਕਦੇ, ਛੱਡਣੇ ਵੀ ਨਹੀਂ ਚਾਹੀਦੇ। ਦੁਨੀਆ ਦੀਆਂ ਸਾਰੀਆਂ ਹੀ ਕੌਮਾਂ ਵਿਚ ਅਜਿਹੇ ਮੌਕੇ ਤੇ ਖਾਸ ਦਿਨ ਮੁਕੱਰਰ ਹਨ, ਜਦੋਂ ਉਹ ਕੰਮ-ਧੰਦੇ ਛੱਡ ਕੇ ਕੁਝ ਪਲ ਸਕੂਨ ਤੇ ਖੁਸ਼ੀਆਂ ਦੇ ਮਾਨਣ ਲਈ ਕੋਈ ਆਹਰ ਸਿਰਜਦੀਆਂ ਹਨ। ਸਿੱਖਾਂ ਦੀ ਜਨਮ ਭੂਮੀ ਪੰਜਾਬ ਦੀ ਰਹਿਤਲ ਵਿਚ ਵੀ ਬੇਸ਼ੁਮਾਰ ਮੇਲਿਆਂ ਤੇ ਤਿਉਹਾਰਾਂ ਦੀ ਖੁਸ਼ਬੋਈ ਘੁਲੀ ਹੋਈ ਹੈ। ਇਸ ਸਭ ਦੇ ਬਾਵਜੂਦ ਸਿੱਖਾਂ ਲਈ ਗੁਰਮਤਿ -ਗੁਰਬਾਣੀ ਹੀ ਸਭ ਤੋਂ ਵੱਡੀ ਟੇਕ ਤੇ ਆਖਰੀ ਖੁਸ਼ੀ ਦਾ ਮੁਕਾਮ ਹੈ। ਹਰ ਮੌਕੇ ਉਤੇ ਗੁਰੂ ਸਾਹਿਬ ਦਾ ਜੀਵਨ ਤੇ ਫਲਸਫਾ ਸਾਡਾ ਗਾਡੀਰਾਹ ਬਣਦਾ ਹੈ ਤੇ ਬਣਦਾ ਰਹਿਣਾ ਚਾਹੀਦਾ ਹੈ। ਫੋਕੀਆਂ ਰਸਮਾਂ ਤੇ ਤਿਉਹਾਰਾਂ ਦੀ ਮਾਨਸਿਕ ਗੁਲਾਮੀ ਦੇ ਧੁੰਦਕਾਰੇ ਤੋਂ ਛੁਟਕਾਰੇ ਲਈ ਸਾਨੂੰ 'ਹੋਲੀ' ਦੀ ਥਾਂ 'ਹੋਲੇ-ਮਹੱਲੇ' ਦੀ ਜਾਗ ਲਾਉਣ ਦੇ ਕਾਰਜ ਦਾ ਵੀ ਇਹੋ ਇਸ਼ਾਰਾ ਹੈ।

ਹਰ ਧਰਮ, ਸਮਾਜ ਤੇ ਸੱਭਿਆਚਾਰਾਂ ਦੇ ਆਪੋ-ਆਪਣੇ ਅਕੀਦੇ ਹਨ, ਸਿੱਖਾਂ ਨੂੰ ਪਿਛਲੱਗ ਬਣਨ ਦੀ ਜ਼ਰੂਰਤ ਨਹੀਂ। ਸਿੱਖ ਵਿਹੜਿਆਂ 'ਚ ਪਾਖੰਡ ਤੇ ਆਡੰਬਰਾਂ ਦੀ ਥਾਂ ਸਿੱਖੀ ਦੇ ਨਿਆਰੇਪਣ ਤੇ ਨਿਰਾਲੇਪਣ ਦੀ ਦੀਵਾਲੀ ਸ਼ੋਭਦੀ ਹੈ। ਅਦਾਰਾ "ਕੌਮਾਂਤਰੀ ਅੰਮ੍ਰਿਤਸਰ ਟਾਈਮਜ਼" ਰੌਸ਼ਨੀਆਂ ਦੇ ਤਿਉਹਾਰ ਦੇ ਸ਼ੁਭ ਅਵਸਰ ਉਤੇ ਸਮੁੱਚੀ ਮਨੁੱਖਤਾ ਨੂੰ ॥ ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥ ਦੇ ਗੁਰੂਵਾਕ ਦੀ ਰੌਸ਼ਨੀ ਵਿਚ ਮੁਬਾਰਕਵਾਦ ਦਿੰਦਾ ਹੈ।

# ਯੂਐਨ ਕਨਵੈਨਸ਼ਨ ਜਨਵਰੀ-1948 ਮੁਤਾਬਕ ਨਸਲਕੁਸ਼ੀ ਦੀ ਪਰਿਭਾਸ਼ਾ

## ਨਸਲਕੁਸ਼ੀ ਇੱਕ ਫਿਰਕੇ ਦੇ ਲੋਕਾਂ ਦਾ ਖਾਤਮਾ ਹੈ ਤਾਂ ਕਿ ਉਨ੍ਹਾਂ ਦਾ ਵਜੂਦ ਖਤਮ ਕੀਤਾ ਜਾ ਸਕੇ

*"ਨਸਲਕੁਸ਼ੀ ਮਨੁੱਖਤਾ ਦੇ ਖਿਲਾਫ਼ ਸਭ ਤੋਂ ਘਟਿਆ ਅਤੇ ਸਭ ਤੋਂ ਵੱਡਾ ਜ਼ੁਰਮ ਹੁੰਦਾ ਹੈ। ਨਸਲਕੁਸ਼ੀ ਮਨੁੱਖਤਾ ਦੇ ਖਿਲਾਫ਼ ਅਪਰਾਧ ਹੈ ਅਤੇ ਇੱਕ ਭਾਈਚਾਰੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਇੱਛਾ ਹੁੰਦੀ ਹੈ। ਇਸ ਲਈ ਨਸਲਕੁਸ਼ੀ ਮਨੁੱਖਤਾ ਦੇ ਖਿਲਾਫ਼ ਸਭ ਤੋਂ ਘਟਿਆ ਅਤੇ ਸਭ ਤੋਂ ਵੱਡਾ ਜ਼ੁਰਮ ਹੁੰਦਾ ਹੈ।"*




ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 1984 ਵਿਚ ਹੋਈ ਹੱਤਿਆ ਤੋਂ ਬਾਅਦ ਦੇਸ਼ ਦੀ ਕੌਮੀ ਰਾਜਧਾਨੀ ਦਿੱਲੀ ਤੇ ਮੁਲਕ ਦੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ।

ਆਮ ਤੌਰ ਉੱਤੇ ਇਸ ਕਤਲੋਗਾਰਦ ਲਈ ਦੰਗੇ ਸ਼ਬਦ ਦੀ ਵਰਤੋਂ ਹੁੰਦੀ ਰਹੀ ਹੈ, ਜਿਸ ਉੱਤੇ ਸਿੱਖ ਸਮਾਜ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਸਖ਼ਤ ਇਤਰਾਜ਼ ਰਿਹਾ ਹੈ। ਉਹ ਇਸ ਨੂੰ ਸਿੱਖ ਨਸਲਕੁਸ਼ੀ ਜਾਂ ਸਿੱਖ ਕਤਲੇਆਮ ਹੀ ਮੰਨਦੇ ਹਨ।

ਮਿਆਂਮਾਰ ਵਿਚ ਰੋਹਿੰਗਿਆ ਮੁਸਲਮਾਨਾਂ ਖ਼ਿਲਾਫ਼ ਹੋਈ ਹਿੰਸਾ ਬਾਰੇ ਇਸੇ ਸਾਲ ਅਗਸਤ ਮਹੀਨੇ ਵਿਚ ਸੰਯੁਕਤ ਰਾਸ਼ਟਰ ਦੀ ਰਿਪੋਰਟ ਆਈ ਸੀ, ਜਿਸ 'ਚ ਕਿਹਾ ਗਿਆ ਸੀ ਕਿ ਮਿਆਂਮਾਰ ਦੇ ਰਖਾਇਨ ਸੂਬੇ ਵਿਚ ਨਸਲਕੁਸ਼ੀ ਅਤੇ ਹੋਰ ਖੇਤਰਾਂ ਵਿਚ ਮਨੁੱਖਤਾ ਖ਼ਿਲਾਫ਼ ਜੁਰਮ ਲਈ ਵੱਡੇ ਫੌਜੀ ਅਧਿਕਾਰੀਆਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਸੰਨ 1984 ਵਿਚ ਜੋ ਸਿੱਖ ਕਤਲੇਆਮ ਹੋਇਆ ਹੈ, ਉਸ ਬਾਰੇ ਵੀ ਬਹਿਸ ਆਮ ਤੌਰ ਉੱਤੇ ਦੰਗੇ ਬਨਾਮ ਨਸਲਕੁਸ਼ੀ ਸ਼ਬਦਾਂ ਦੀ ਵਰਤੋਂ ਦੇ ਦੁਆਲੇ ਹੀ ਜ਼ਿਆਦਾ ਘੁੰਮਦੀ ਰਹਿੰਦੀ ਹੈ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਅਸਲ ਵਿਚ ਨਸਲਕੁਸ਼ੀ ਹੈ ਕੀ ਅਤੇ ਇਸ ਸ਼ਬਦ ਦੀ ਵਰਤੋਂ ਕਦੋਂ ਕੀਤੀ ਜਾ ਸਕਦੀ ਹੈ ?

ਨਸਲਕੁਸ਼ੀ ਨੂੰ ਅਕਸਰ ਮਨੁੱਖਾਂ ਦੇ ਖਿਲਾਫ਼ ਸਭ ਤੋਂ ਖਤਰਨਾਕ ਅਪਰਾਧ ਸਮਝਿਆ ਜਾਂਦਾ ਹੈ। ਇਹ ਇਕ ਫਿਰਕੇ ਦੇ ਲੋਕਾਂ ਦਾ ਖਾਤਮਾ ਹੈ ਅਤੇ ਉਨ੍ਹਾਂ ਦਾ ਵਜੂਦ ਖਤਮ ਕਰਨ ਦੀ ਕੋਸ਼ਿਸ਼ ਸਮਝੀ ਜਾਂਦੀ ਹੈ

ਯੂਐਨ ਵਿੱਚ ਪਰਿਭਾਸ਼ਾ : ਸੰਨ 1943 ਵਿਚ ਜੂਇਸ਼-ਪੋਲਿਸ਼ ਵਕੀਲ ਰਫੈਲ ਲੈਮਕਿਨ ਨੇ ਗਰੀਕ ਸ਼ਬਦ 'ਜੀਨੋਸ' (ਨਸਲ ਜਾਂ ਕਬੀਲਾ) ਅਤੇ ਲੈਟਿਨ ਸ਼ਬਦ 'ਸਾਈਡ' (ਕਤਲ ਕਰਨਾ) ਨੂੰ ਜੋੜ ਕੇ "ਜੀਨੋਸਾਇਡ (ਨਸਲਕੁਸ਼ੀ)" ਬਣਾਇਆ। ਡਾ. ਲੈਮਕਿਨ ਨੇ ਇਸ ਘੱਲੂਘਾਰੇ ਨੂੰ ਅੱਖੀਂ ਦੇਖਿਆ ਜਿਸ ਵਿਚ ਉਨ੍ਹਾਂ ਦੇ ਪਰਿਵਾਰ ਦਾ ਹਰੇਕ ਮੈਂਬਰ ਮਾਰਿਆ ਗਿਆ ਸੀ।

ਇਸ ਤੋਂ ਬਾਅਦ ਡਾ. ਲੈਮਕਿਨ ਨੇ ਕੌਮਾਂਤਰੀ ਕਾਨੂੰਨ ਅਧੀਨ ਨਸਲਕੁਸ਼ੀ ਨੂੰ ਅਪਰਾਧ ਦੇ ਦਾਇਰੇ ਵਿਚ ਲਿਆਉਣ ਲਈ ਮੁਹਿੰਮ ਵਿੱਢੀ। ਦਸੰਬਰ, 1948 ਵਿਚ ਨਸਲਕੁਸ਼ੀ ਦੇ ਮੁੱਦੇ 'ਤੇ ਯੂਐਨ ਕਨਵੈਨਸ਼ਨ ਹੋਈ ਅਤੇ ਜਨਵਰੀ 1951 ਵਿਚ ਇਹ ਲਾਗੂ ਹੋ ਗਿਆ। ਕਨਵੈਨਸ਼ਨ ਦੇ ਆਰਟੀਕਲ ਦੋ ਵਿਚ ਨਸਲਕੁਸ਼ੀ ਦੀ ਪਰਿਭਾਸ਼ਾ ਦਿੱਤੀ ਗਈ ਹੈ। ਇਸ ਮੁਤਾਬਕ, "ਹੇਠ ਲਿਖੇ ਵਿਚੋਂ ਕੋਈ ਵੀ ਕਾਰਵਾਈ ਹੋਵੇ ਜਿਸ ਦੀ ਮਨਸ਼ਾ ਇਕ ਰਾਸ਼ਟਰ, ਕੌਮ ਜਾਂ ਧਾਰਮਿਕ ਜਥੇਬੰਦੀ ਨੂੰ ਪੂਰਾ ਜਾਂ ਕੁਝ ਹਿੱਸੇ ਨੂੰ ਖਤਮ ਕਰਨ ਦੀ ਹੋਵੇ।"

* ਇਕ ਫਿਰਕੇ ਦੇ ਮੈਂਬਰਾਂ ਨੂੰ ਕਤਲ ਕਰਨਾ।
* ਕਿਸੇ ਫਿਰਕੇ ਦੇ ਮੈਂਬਰਾਂ ਨੂੰ ਸਰੀਰਕ ਜਾਂ ਮਾਨਸਿਕ ਨੁਕਸਾਨ ਪਹੁੰਚਾਉਣਾ।
* ਜਾਣਬੁੱਝ ਕੇ ਫਿਰਕੇ ਦੀ ਜ਼ਿੰਦਗੀ ਦੇ ਹਾਲਾਤ 'ਤੇ ਹਮਲਾ ਕਰਨਾ ਤਾਂ ਕਿ ਉਸ ਦਾ ਵਜੂਦ ਪੂਰੀ ਤਰ੍ਹਾਂ ਜਾਂ ਕੁਝ ਹਿੱਸਾ ਖਤਮ ਹੋ ਸਕੇ।
* ਕਿਸੇ ਭਾਈਚਾਰੇ ਵਿਚ ਬੱਚੇ ਪੈਦਾ ਕਰਨ ਸਬੰਧੀ ਰੋਕ ਲਾਉਣਾ।
* ਕਿਸੇ ਫਿਰਕੇ ਵਿਚਲੇ ਬੱਚਿਆਂ ਨੂੰ ਜ਼ਬਰਦਸਤੀ ਦੂਜੇ ਭਾਈਚਾਰੇ ਵਿਚ ਤਬਦੀਲ ਕਰਨਾ।

ਨਸਲਕੁਸ਼ੀ ਨੂੰ ਰੋਕਣ ਅਤੇ ਸਜ਼ਾ ਨਾ ਦੇਣ ਵਾਲੇ ਮੁਲਕਾਂ ਖਿਲਾਫ਼ ਚੁੰਗੀ (ਡਿਊਟੀ) ਲਾਉਣ ਦੀ ਤਜਵੀਜ਼ ਵੀ ਕਨਵੈਨਸ਼ਨ ਨੇ ਕੀਤੀ ਹੈ।ਹਾਲਾਂਕਿ ਜਦੋਂ ਤੋਂ ਇਹ ਅਮਲ ਵਿਚ ਆਇਆ ਹੈ, ਕੁਝ ਲੋਕਾਂ ਨੇ ਇਸ 'ਤੇ ਸਵਾਲ ਵੀ ਚੁੱਕੇ ਹਨ। ਕੁਝ ਲੋਕਾਂ ਦਾ ਦਾਅਵਾ ਹੈ ਕਿ ਇਸ ਦਾ ਦਾਇਰਾ ਕਾਫ਼ੀ ਸੌੜਾ ਹੈ। ਹੋਰਨਾਂ ਲੋਕਾਂ ਦਾ ਕਹਿਣਾ ਹੈ ਕਿ ਇਸ ਸ਼ਬਦ ਦੀ ਗਲਤ ਵਰਤੋਂ ਹੋ ਰਹੀ ਹੈ। ਕੁਝ ਸਰਵੇਖਣ-ਕਰਤਾਵਾਂ ਦਾ ਕਹਿਣਾ ਹੈ ਕਿ ਇਹ ਪਰਿਭਾਸ਼ਾ ਇੰਨੀ ਸੌੜੀ ਹੈ ਕਿ ਕੋਈ ਵੀ ਕਤਲੇਆਮ ਨਸਲਕੁਸ਼ੀ ਦੇ ਦਾਇਰੇ ਵਿਚ ਨਹੀਂ ਹੋਏਗਾ।

ਇਹ ਇਤਰਾਜ਼ ਜਤਾਏ ਜਾ ਚੁੱਕੇ ਹਨ : ਇਸ ਸੰਮੇਲਨ (ਕਨਵੈਨਸ਼ਨ) ਵਿਚੋਂ ਕਈ ਸਿਆਸੀ ਅਤੇ ਸਮਾਜਿਕ ਜਥੇਬੰਦੀਆਂ ਨੂੰ ਬਾਹਰ ਰੱਖਿਆ ਗਿਆ ਹੈ। ਇਹ ਪਰਿਭਾਸ਼ਾ ਸਿਰਫ਼ ਲੋਕਾਂ ਖਿਲਾਫ਼ ਸਿੱਧੀ ਕਾਰਵਾਈ ਤੱਕ ਸੀਮਿਤ ਹੈ ਪਰ ਇਸ ਵਿਚ ਉਨ੍ਹਾਂ ਹਾਲਤਾਂ ਅਤੇ ਸੱਭਿਆਚਾਰ 'ਤੇ ਹਮਲੇ ਨੂੰ ਬਾਹਰ ਰੱਖਿਆ ਗਿਆ ਹੈ ਜਿਸ ਦੇ ਆਧਾਰ 'ਤੇ ਉਨ੍ਹਾਂ ਦਾ ਵਜੂਦ ਹੈ।ਸ਼ੱਕ ਦੇ ਆਧਾਰ 'ਤੇ ਕਿਸੇ ਦੇ ਇਰਾਦੇ ਨੂੰ ਸਾਬਿਤ ਕਰਨਾ ਕਾਫ਼ੀ ਔਖਾ ਹੈ।

ਕੌਮਾਂਤਰੀ ਕਾਨੂੰਨ ਦੀ ਅਜਿਹੀ ਕੋਈ ਵੀ ਸੰਸਥਾ ਨਹੀਂ ਹੈ ਜੋ ਕਨਵੈਨਸ਼ਨ ਦੇ ਮਾਪਦੰਡਾਂ ਨੂੰ ਸਾਬਿਤ ਕਰ ਸਕੇ (ਹਾਲਾਂਕਿ ਇਸ ਵਿਚ ਬਦਲਾਅ ਹੋ ਰਿਹਾ ਹੈ)। ਇਹ ਵੀ ਤੈਅ ਕਰਨਾ ਔਖਾ ਹੈ ਕਿ ਕਿੰਨੀਆਂ ਮੌਤਾਂ ਹੋਣ 'ਤੇ ਨਸਲਕੁਸ਼ੀ ਮੰਨਿਆ ਜਾਵੇਗਾ। ਇਨ੍ਹਾਂ ਆਲੋਚਨਾਵਾਂ ਦੇ ਬਾਵਜੂਦ ਕੁਝ ਲੋਕਾਂ ਦਾ ਮੰਨਣਾ ਹੈ ਕਿ ਨਸਲਕੁਸ਼ੀ ਨੂੰ ਸਮਝਿਆ ਜਾ ਸਕਦਾ ਹੈ।

ਮੈਡਸਾ ਸੈਨਜ਼ ਫਰੰਟੀਅਰਜ਼ ਦੇ ਸਾਬਕਾ ਜਨਰਲ ਸਕੱਤਰ ਅਲੈਨ ਡੈਸੈਕਜ਼ ਦਾ ਕਹਿਣਾ ਹੈ, ਕਿ "ਅਪਰਾਧ ਦੇ ਪਿੱਛੇ ਇਰਾਦਾ ਕੀ ਹੈ, ਇਸੇ ਨਾਲ ਪਤਾ ਲਾਇਆ ਜਾ ਸਕਦਾ ਹੈ ਕਿ ਇਸ ਦਾ ਹੋਰਨਾਂ ਅਪਰਾਧਾਂ ਨਾਲੋਂ ਕਿੰਨਾ ਫਰਕ ਹੈ। ਨਸਲਕੁਸ਼ੀ ਦਾ ਅਸਲ ਮਤਲਬ ਭੁਲਾ ਦਿੱਤਾ ਗਿਆ ਹੈ। ਨਸਲਕੁਸ਼ੀ ਸ਼ਬਦ ਦੀ ਵਰਤੋਂ ਵਧਾ-ਚੜ੍ਹਾ ਕੇ ਕੀਤੀ ਜਾਣ ਲੱਗੀ ਹੈ, ਜਿਸ ਤਰ੍ਹਾਂ ਫਾਸ਼ੀਵਾਦੀ ਸ਼ਬਦ ਦੀ ਵਰਤੋਂ ਹੋ ਰਹੀ ਹੈ।" ਉਹ ਅੱਗੇ ਕਹਿੰਦੇ ਹਨ ਕਿ, "ਇਸ ਸ਼ਬਦ ਦਾ ਅਸਲ ਮਤਲਬ ਗੁੰਮ ਹੋ ਚੁੱਕਿਆ ਹੈ ਅਤੇ ਇਹ ਆਮ ਵਰਤੋਂ ਵਿਚ ਆ ਗਿਆ ਹੈ।"

**ਨਸਲਕੁਸ਼ੀ ਦਾ ਇਤਿਹਾਸ :** ਕੁਝ ਲੋਕਾਂ ਦਾ ਮੰਨਣਾ ਹੈ ਕਿ ਪਿਛਲੀ ਇਕ ਸਦੀ ਵਿਚ ਸਿਰਫ਼ ਇਕ ਹੀ ਨਸਲਕੁਸ਼ੀ ਦਾ ਮਾਮਲਾ ਸਾਹਮਣੇ ਆਇਆ ਜਿਸ ਨੂੰ ਵਿਸ਼ਵ ਇਤਿਹਾਸ ਵਿਚ ਘੱਲੂਘਾਰਾ ਕਿਹਾ ਜਾਂਦਾ ਹੈ। ਹਾਲਾਂਕਿ ਹੋਰਨਾਂ ਲੋਕਾਂ ਦਾ ਮੰਨਣਾ ਹੈ ਕਿ ਸੰਨ 1948 ਯੂਐਨ ਕਨਵੈਨਸ਼ਨ ਅਧੀਨ ਤਿੰਨ ਨਸਲਕੁਸ਼ੀ ਦੇ ਮਾਮਲੇ ਆਉਂਦੇ ਹਨ। ਸੰਨ 1915-1920 ਵਿਚਾਲੇ ਓਟੋਮੈਨ ਤੁਰਕੀਆਂ ਵੱਲੋਂ ਅਰਮੇਨੀਆ ਦੇ ਲੋਕਾਂ ਦਾ ਕਤਲੇਆਮ (ਤੁਰਕੀ ਇਸ ਇਲਜ਼ਾਮ ਨੂੰ ਬੇਬੁਨਿਆਦ ਦੱਸਦੇ ਰਹੇ ਹਨ) (ਘੱਲੂਘਾਰਾ), ਜਿਸ ਵਿਚ 6 ਮਿਲੀਅਨ ਜਿਊਜ਼ ਮਾਰੇ ਗਏ ਸਨ, ਦੂਜਾ ਰਵਾਂਡਾ ਜਿੱਥੇ ਸੰਨ 1994 ਦੇ ਕਤਲੇਆਮ ਦੌਰਾਨ 8 ਲੱਖ ਟੂਟੀਜ਼ ਅਤੇ ਹਿਊਟੂਸ ਮਾਰੇ ਗਏ।

ਤੀਜਾ ਬੋਸਨੀਆ ਵਿਚ ਸਰੈਬਰੈਨਿਸਾ ਵਿਚ ਸੰਨ 1995 ਦੇ ਕਤਲੇਆਮ ਨੂੰ ਕੌਮਾਂਤਰੀ ਕ੍ਰਿਮਿਨਲ ਟ੍ਰਿਬਿਊਨਲ ਵਿਚ ਨਸਲਕੁਸ਼ੀ ਕਰਾਰ ਦਿੱਤਾ ਗਿਆ।

ਕੌਮਾਂਤਰੀ ਕ੍ਰਿਮਿਨਲ ਕੋਰਟ ਨੇ ਨਸਲਕੁਸੀ ਦੇ ਇਲਜ਼ਾਮ ਵਿਚ ਸੰਨ 2010 ਵਿਚ ਸੂਡਾਨ ਦੇ ਰਾਸ਼ਟਰਪਕਤੀ ਉਮਰ ਅਲ-ਬਸ਼ੀਰ ਖਿਲਾਫ਼ ਵਾਰੰਟ ਜਾਰੀ ਕਰ ਦਿੱਤੇ ਸਨ। ਉਸ 'ਤੇ ਦਾਰਫ਼ੁਰ ਦੇ ਸੂਡਾਨੀ ਖੇਤਰ ਦੇ ਨਾਗਰਿਕਾਂ ਵਿਰੁੱਧ ਮੁਹਿੰਮ ਛੇੜਣ ਦਾ ਦੋਸ਼ ਹੈ। ਕਿਹਾ ਜਾਂਦਾ ਹੈ ਕਿ ਇਥੇ ਤਕਰੀਬਨ 3 ਲੱਖ ਲੋਕ ਮਾਰੇ ਗਏ ਅਤੇ ਸੱਤ ਸਾਲ ਲੜਾਈ ਕਾਰਨ ਲੱਖਾਂ ਲੋਕ ਬੇਘਰ ਹੋ ਗਏ। ਹਾਲ ਹੀ ਵਿਚ ਮਾਰਚ 2016 ਵਿਚ ਅਮਰੀਕਾ ਨੇ ਕਿਹਾ ਕਿ ਇਸਲਾਮਿਕ ਸਟੇਟ (ਆਈਐਸ) ਇਰਾਕ ਅਤੇ ਸੀਰੀਆ ਵਿਚ ਈਸਾਈ, ਯਾਜ਼ੀਦੀ ਅਤੇ ਸ਼ੀਆ ਘੱਟ ਗਿਣਤੀਆਂ ਖਿਲਾਫ ਨਸਲਕੁਸ਼ੀ ਕਰਵਾ ਰਿਹਾ ਸੀ।

**(ਬੀ.ਬੀ.ਸੀ. 'ਚੋਂ ਧੰਨਵਾਦ ਸਹਿਤ)**

**ਮੈਡਸਾ ਸੈਨਜ਼ ਫਰੰਟੀਅਰਜ਼ ਦੇ ਸਾਬਕਾ ਜਨਰਲ ਸਕੱਤਰ ਅਲੈਨ ਡੈਸੈਕਜ਼ ਦਾ ਕਹਿਣਾ ਹੈ, ਕਿ "ਅਪਰਾਧ ਦੇ ਪਿੱਛੇ ਇਰਾਦਾ ਕੀ ਹੈ, ਇਸੇ ਨਾਲ ਪਤਾ ਲਾਇਆ ਜਾ ਸਕਦਾ ਹੈ ਕਿ ਇਸ ਦਾ ਹੋਰਨਾਂ ਅਪਰਾਧਾਂ ਨਾਲੋਂ ਕਿੰਨਾ ਫਰਕ ਹੈ। ਨਸਲਕੁਸ਼ੀ ਦਾ ਅਸਲ ਮਤਲਬ ਭੁਲਾ ਦਿੱਤਾ ਗਿਆ ਹੈ। ਨਸਲਕੁਸ਼ੀ ਸ਼ਬਦ ਦੀ ਵਰਤੋਂ ਵਧਾ-ਚੜ੍ਹਾ ਕੇ ਕੀਤੀ ਜਾਣ ਲੱਗੀ ਹੈ, ਜਿਸ ਤਰ੍ਹਾਂ ਫਾਸ਼ੀਵਾਦੀ ਸ਼ਬਦ ਦੀ ਵਰਤੋਂ ਹੋ ਰਹੀ ਹੈ।" ਉਹ ਅੱਗੇ ਕਹਿੰਦੇ ਹਨ ਕਿ, "ਇਸ ਸ਼ਬਦ ਦਾ ਅਸਲ ਮਤਲਬ ਗੁੰਮ ਹੋ ਚੁੱਕਿਆ ਹੈ ਅਤੇ ਇਹ ਆਮ ਵਰਤੋਂ ਵਿਚ ਆ ਗਿਆ ਹੈ।"**

# ਨਵੰਬਰ 1984 ਸਿੱਖ ਕਤਲੇਆਮ



**ਐਚਐਸ. ਫੂਲਕਾ**

ਫ਼ਿਰਕੂ ਲੋਕ ਦੰਗਿਆਂ ਦੀ ਸ਼ੁਰੂਆਤ ਹਮੇਸ਼ਾ ਦੂਜੀ ਕੌਮ ਦੇ ਇਕੱਲੇ ਜਾਂ ਦੋ ਬੰਦਿਆਂ ਨੂੰ ਦੇਖ ਕੇ ਮਾਰ ਕੁਟਾਈ ਨਾਲ ਕਰਦੇ ਹਨ ਪਰ ਦਿੱਲੀ ਦੇ ਕਤਲੇਆਮ ਵਿੱਚ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸ਼ੁਰੂਆਤ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਉੱਤੇ ਹਮਲੇ ਨਾਲ ਹੋਈ। 31 ਅਕਤੂਬਰ 1984 ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਦੌਰੇ 'ਤੇ ਸਨ। ਉਨ੍ਹਾਂ ਨੂੰ ਇੰਦਰਾ ਗਾਂਧੀ 'ਤੇ ਕਾਤਲਾਨਾ ਹਮਲੇ ਦੀ ਖ਼ਬਰ ਮਿਲਦਿਆਂ ਹੀ ਆਪਣਾ ਦੌਰਾ ਮੁਲਤਵੀ ਕਰ ਕੇ ਨਵੀਂ ਦਿੱਲੀ ਲਈ ਰਵਾਨਾ ਹੋਣਾ ਪਿਆ। ਦੁਪਹਿਰ ਤੋਂ ਬਾਅਦ ਤਕਰੀਬਨ 4.30 ਵਜੇ ਉਹ ਨਵੀਂ ਦਿੱਲੀ ਹਵਾਈ ਅੱਡੇ 'ਤੇ ਪੁੱਜੇ। ਰਸਤੇ ਵਿੱਚ ਹੀ ਉਨ੍ਹਾਂ ਨੂੰ ਖ਼ਬਰ ਮਿਲ ਚੁੱਕੀ ਸੀ ਕਿ ਇੰਦਰਾ ਗਾਂਧੀ ਦੀ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿੱਚ ਰੱਖਿਆ ਗਿਆ ਹੈ।

ਇਧਰ ਦਿੱਲੀ ਵਿੱਚ ਦੁਪਹਿਰ ਤੱਕ ਸਭ ਨੂੰ ਪਤਾ ਲੱਗ ਚੁੱਕਾ ਸੀ ਕਿ ਇੰਦਰਾ ਗਾਂਧੀ ਦੀ ਮੌਤ ਹੋ ਚੁੱਕੀ ਹੈ। ਤਕਰੀਬਨ ਸਾਰੇ ਅਖ਼ਬਾਰਾਂ ਨੇ ਆਪਣੇ ਜ਼ਮੀਮੇ (ਸਪਲੀਮੈਂਟ) ਵੀ ਕੱਢ ਦਿੱਤੇ ਸਨ। ਸਵੇਰ ਤੋਂ ਹੀ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਲਗਾਤਾਰ ਖ਼ਬਰਾਂ ਦੇ ਰਹੇ ਸਨ ਕਿ ਇੰਦਰਾ ਗਾਂਧੀ 'ਤੇ ਹਮਲਾ ਉਨ੍ਹਾਂ ਦੇ ਸਿੱਖ ਬਾਡੀਗਾਰਡਾਂ ਨੇ ਕੀਤਾ ਹੈ। ਭਾਰੀ ਇਕੱਠ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਬਾਹਰ ਚੌਂਕ ਵਿੱਚ ਹੋ ਗਿਆ ਸੀ, ਉਸ ਇਕੱਠ ਵਿੱਚ ਬਹੁਤ ਸਾਰੇ ਸਿੱਖ ਵੀ ਮੌਜੂਦ ਸਨ। ਦਿੱਲੀ ਦੇ ਸਿੱਖਾਂ ਵਿੱਚ ਜ਼ਿਆਦਾ ਤਾਦਾਦ ਉਸ ਵੇਲੇ ਕਾਂਗਰਸ ਹਮਾਇਤੀਆਂ ਦੀ ਸੀ ਅਤੇ ਕਈ ਸਿੱਖ ਕਾਂਗਰਸ ਦੇ ਸਰਗਰਮ ਵਰਕਰ ਵੀ ਸਨ। ਇਕ ਕਾਂਗਰਸ ਦਾ ਟ੍ਰੇਡ ਯੂਨੀਅਨ ਦਾ ਉੱਘਾ ਵਰਕਰ ਜਗਜੀਤ ਸਿੰਘ ਵੀ ਉਸ ਇਕੱਠ ਵਿੱਚ ਮੌਜੂਦ ਸੀ। ਜਗਜੀਤ ਸਿੰਘ ਨੇ ਮਿਸ਼ਰਾ ਕਮਿਸ਼ਨ ਵਿੱਚ ਆਪਣਾ ਹਲਫੀਆ ਬਿਆਨ ਦੇ ਕੇ ਉਸ ਵਕਤ ਜੋ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਬਾਹਰ ਦੇ ਹਾਲਾਤ ਸਨ, ਬਿਆਨ ਕੀਤੇ ਹਨ।

ਜਗਜੀਤ ਸਿੰਘ ਨੇ ਦੱਸਿਆ ਕਿ ਉਸ ਇਕੱਠ ਵਿੱਚ ਬਹੁਤ ਸਾਰੇ ਸਿੱਖ ਵੀ ਮੌਜੂਦ ਸਨ ਅਤੇ ਪੂਰਾ ਇਕੱਠ ਗਹਿਰੇ ਸ਼ੋਕ ਵਿੱਚ ਸੀ। ਉਸ ਵੇਲੇ ਜੋ ਸਿੱਖ ਉਥੇ ਮੌਜੂਦ ਸਨ, ਉਨ੍ਹਾਂ ਉੱਪਰ ਹਮਲੇ ਹੋਣ ਦੇ ਖ਼ਤਰੇ ਦੇ ਬਿਲਕੁਲ ਆਸਾਰ ਨਹੀਂ ਸਨ ਅਤੇ ਨਾ ਹੀ ਇਹੋ ਜਿਹਾ ਖ਼ਤਰਾ ਸਾਨੂੰ ਉਥੇ ਖੜੇ ਹਿੰਦੂਆਂ ਕੋਲੋਂ ਮਹਿਸੂਸ ਹੋਇਆ। ਇਕ ਹੋਰ ਸਿੱਖ ਕੁਲਦੀਪ ਸਿੰਘ ਮਕਾਨੀ ਜੋ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਨਜ਼ਦੀਕ ਸਫਦਰਜੰਗ ਇੰਕਲੇਵ ਰਹਿੰਦੇ ਹਨ, ਉਨ੍ਹਾਂ ਨੇ ਵੀ ਆਪਣਾ ਹਲਫ਼ੀਆ ਬਿਆਨ ਮਿਸ਼ਰਾ ਕਮਿਸ਼ਨ ਅਤੇ ਨਾਨਾਵਤੀ ਕਮਿਸ਼ਨ ਦੇ ਅੱਗੇ ਦਰਜ ਕੀਤਾ ਹੈ। ਕੁਲਦੀਪ ਸਿੰਘ ਨੇ ਕਿਹਾ ਕਿ ਉਹ ਸ਼ਾਮ ਨੂੰ ਤਕਰੀਬਨ 4 ਵਜੇ ਦਵਾਈ ਲੈਣ ਇੰਸਟੀਚਿਊਟ ਗਏ ਅਤੇ ਉਨ੍ਹਾਂ ਨੇ ਵੇਖਿਆ ਕਿ ਉਥੇ ਭਾਰੀ ਇਕੱਠ ਸੀ ਤੇ ਉਸ ਇਕੱਠ ਵਿੱਚ ਕਈ ਸਿੱਖ ਵੀ ਮੌਜੂਦ ਸਨ। ਉਸ ਵਕਤ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਮਹਿਸੂਸ ਨਹੀਂ ਸੀ ਹੋਇਆ।

**ਪਹਿਲਾਂ ਭੜਕਾਹਟ ਨਹੀਂ ਸੀ :** ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਿੱਲੀ ਹਵਾਈ ਅੱਡੇ 'ਤੇ ਸ਼ਾਮ ਨੂੰ 4.30 ਵਜੇ ਪੁੱਜੇ ਅਤੇ ਸਿੱਧਾ ਉਹ ਆਲ ਇੰਡੀਆ ਇੰਸਟੀਚਿਊਟ ਲਈ ਰਵਾਨਾ ਹੋ ਗਏ। ਇੰਸਟੀਚਿਊਟ ਦੇ ਚੌਰਾਹੇ 'ਤੇ ਪੁੱਜਣ ਤੋਂ ਪਹਿਲਾਂ ਹੀ ਸਿਨੇਮਾ ਨੇੜਲੇ ਚੌਰਾਹੇ 'ਤੇ 15-20 ਬੰਦਿਆਂ ਦਾ ਇਕੱਠ ਰਾਸ਼ਟਰਪਤੀ ਦੀ ਕਾਨਵਾਈ ਦਾ ਇੰਤਜ਼ਾਰ ਕਰ ਰਿਹਾ ਸੀ। ਇਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਸੋਟੀਆਂ ਅਤੇ ਸਰੀਏ ਸਨ। ਇਨ੍ਹਾਂ ਨੇ ਰਾਸ਼ਟਰਪਤੀ ਦੀ ਕਾਨਵਾਈ ਉੱਪਰ ਹਮਲਾ ਕਰ ਦਿੱਤਾ। ਰਾਸ਼ਟਰਪਤੀ ਦੀ ਕਾਰ ਤਾਂ ਅੱਗੇ ਨਿਕਲ ਗਈ ਪਰ ਉਸ ਤੋਂ ਪਿੱਛੇ ਵਾਲੀ ਕਾਰ ਦੇ ਸ਼ੀਸ਼ੇ ਤੋੜ ਦਿੱਤੇ ਗਏ। ਇਨ੍ਹਾਂ ਨੇ ਜਲਦੀਆਂ ਹੋਈਆਂ ਮਸ਼ਾਲਾਂ ਫੜੀਆਂ ਹੋਈਆਂ ਸਨ ਅਤੇ ਕਾਰ ਵਿੱਚ ਮਸ਼ਾਲਾਂ ਸੁੱਟਣ ਦੀ ਕੋਸ਼ਿਸ਼ ਕੀਤੀ। ਇਸ ਕਾਰ ਵਿੱਚ ਰਾਸ਼ਟਰਪਤੀ ਦੇ ਪ੍ਰੈੱਸ ਸਕੱਤਰ ਸ: ਤਰਲੋਚਨ ਸਿੰਘ ਵੀ ਮੌਜੂਦ ਸਨ। ਕਾਰ ਦੇ ਡਰਾਈਵਰ ਨੇ ਬੜੀ ਸੋਚ-ਵਿਚਾਰ ਨਾਲ ਕਾਰ ਤੇਜ਼ ਕਰਕੇ ਇਕ ਪਾਸੇ ਕੱਢ ਲਈ ਤੇ ਕਾਰ ਰਾਸ਼ਟਰਪਤੀ ਦੀ ਕਾਨਵਾਈ ਤੋਂ ਬਾਹਰ ਨਿਕਲ ਗਈ ਅਤੇ ਸ: ਤਰਲੋਚਨ ਸਿੰਘ ਨੇ ਡਰਾਈਵਰ ਨੂੰ ਕਿਹਾ ਕਿ ਤੂੰ ਸਿੱਧਾ ਰਾਸ਼ਟਰਪਤੀ ਭਵਨ ਪੁੱਜ ਜਾ ਅਤੇ ਇਹ ਕਾਰ ਉਸ ਛੋਟੇ ਜਿਹੇ ਹਜੂਮ ਤੋਂ ਬਚ ਕੇ ਨਿਕਲਣ ਤੋਂ ਬਾਅਦ ਸਹੀ ਸਲਾਮਤ ਰਾਸ਼ਟਰਪਤੀ ਭਵਨ ਪੁੱਜ ਗਈ ਤੇ ਰਸਤੇ ਵਿੱਚ ਹੋਰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਸੀ, ਨਾ ਕੋਈ ਦੰਗਾਈ ਤੇ ਨਾ ਕੋਈ ਹਮਲਾ। ਨਾਨਾਵਤੀ ਕਮਿਸ਼ਨ ਦੇ ਸਾਹਮਣੇ ਸ: ਤਰਲੋਚਨ ਸਿੰਘ ਨੇ ਇਹ ਸਾਰਾ ਵਾਕਿਆ ਆਪਣੇ ਬਿਆਨ ਵਿੱਚ ਦੱਸਿਆ ਹੈ।

ਜਦੋਂ ਤਕਰੀਬਨ ਅੱਧੇ ਘੰਟੇ ਤੋਂ ਬਾਅਦ ਰਾਸ਼ਟਰਪਤੀ ਇੰਸਟੀਚਿਊਟ ਤੋਂ ਬਾਹਰ ਨਿਕਲੇ ਤਾਂ ਉਥੇ ਇਸ ਵਾਰ ਇੰਸਟੀਚਿਊਟ ਦੇ ਚੌਰਾਹੇ 'ਤੇ ਉਨ੍ਹਾਂ ਦੀ ਕਾਨਵਾਈ ਉੱਤੇ ਫਿਰ ਹਮਲਾ ਹੋਇਆ। ਉਸ ਵੇਲੇ ਉਥੇ ਆਸ-ਪਾਸ ਭਾਰੀ ਗਿਣਤੀ ਵਿੱਚ ਪੁਲਿਸ ਫੋਰਸ, ਪੁਲਿਸ ਅਧਿਕਾਰੀ ਤੇ ਇੰਦਰਾ ਗਾਂਧੀ ਦੀ ਵਜ਼ਾਰਤ ਦੇ ਕਾਫ਼ੀ ਮੰਤਰੀ ਵੀ ਮੌਜੂਦ ਸਨ। ਜਦੋਂ ਰਾਸ਼ਟਰਪਤੀ ਦੀ ਕਾਰ ਇੰਸਟੀਚਿਊਟ ਦੇ ਅੰਦਰ ਗਈ, ਉਦੋਂ ਹੀ ਪੁਲਿਸ ਨੂੰ ਪਹਿਲੇ ਹਮਲੇ ਦੀ ਜਾਣਕਾਰੀ ਹੋ ਗਈ ਸੀ ਪਰ ਫਿਰ ਵੀ ਪੁਲਿਸ ਨੇ ਉਨ੍ਹਾਂ ਦੰਗਾਈਆਂ ਉੱਤੇ ਨਾ ਤਾਂ ਕੋਈ ਕਾਰਵਾਈ ਕੀਤੀ। ਦੂਜੀ ਵਾਰ ਜਦੋਂ ਹਮਲਾ ਹੋਇਆ, ਉਸ ਵਕਤ ਵੀ ਉਹ ਹੀ ਮੁੱਠੀ ਭਰ ਲੋਕੀ ਸਨ ਜੋ ਪਹਿਲੇ ਹਮਲੇ ਵਿੱਚ ਸ਼ਾਮਲ ਸਨ। ਸ: ਜਗਜੀਤ ਸਿੰਘ ਮੁਤਾਬਿਕ ਉਸ ਸਮੇਂ ਸਾਰੇ ਲੋਕੀਂ ਰਾਸ਼ਟਰਪਤੀ ਉੱਤੇ ਹੋਏ ਹਮਲੇ ਦੀ ਨਿੰਦਿਆ ਕਰ ਰਹੇ ਸਨ। ਇਹ 20-25 ਲੋਕ ਹੀ ਸਨ ਜੋ ਕਿ ਇਸ ਹਮਲੇ ਵਿੱਚ ਸ਼ਾਮਿਲ ਸਨ। ਇਸ ਤੋਂ ਬਾਅਦ ਉਨ੍ਹਾਂ ਲੋਕਾਂ ਨੇ ਜਾ ਕੇ ਆਈ.ਐਨ.ਏ. ਮਾਰਕੀਟ ਵਿੱਚ ਸਿੱਖਾਂ ਦੀਆਂ ਟੈਕਸੀਆਂ ਨੂੰ ਅੱਗ ਲਗਾਉਣੀ ਸ਼ੁਰੂ ਕਰ ਦਿੱਤੀ। ਉਸ ਵਕਤ ਵੀ ਇੰਸਟੀਚਿਊਟ ਨੇੜਲੇ ਇਕੱਠ ਵਿੱਚ ਕਾਫੀ ਸਿੱਖ ਅਜੇ ਵੀ ਸ਼ਾਮਲ ਸਨ। ਇਕੱਠ ਵਿੱਚ ਖੜੇ ਹਿੰਦੂਆਂ ਨੇ ਸਿੱਖਾਂ ਨੂੰ ਕਿਹਾ ਕਿ ਇੰਜ ਜਾਪਦਾ ਹੈ ਕਿ ਇਹ ਗੜਬੜੀ ਕਰਨਗੇ, ਤੁਸੀਂ ਆਪਣੇ ਘਰਾਂ ਨੂੰ ਚਲੇ ਜਾਓ। ਅਜਿਹਾ ਕੋਈ ਵੀ ਵਾਕਿਆ ਸਾਡੇ ਕੋਲ ਨਹੀਂ ਆਇਆ, ਜਿਥੇ ਕਿ ਇਨ੍ਹਾਂ ਸਿੱਖਾਂ 'ਤੇ ਘਰਾਂ ਨੂੰ ਵਾਪਸ ਜਾਂਦਿਆਂ ਕੋਈ ਹਮਲਾ ਹੋਇਆ ਹੋਵੇ। ਜਗਜੀਤ ਸਿੰਘ ਨੇ ਵੀ ਇਹ ਦੱਸਿਆ ਕਿ ਇੱਥੋਂ ਬਾਹਰ ਨਿਕਲਣ ਤੋਂ ਬਾਅਦ ਉਸ ਦੇ ਸ਼ਕਰਪੁਰ, ਜੋ ਮੈਡੀਕਲ ਇੰਸਟੀਚਿਊਟ ਤੋਂ ਤਕਰੀਬਨ 15 ਕਿਲੋਮੀਟਰ ਦੀ ਦੂਰੀ 'ਤੇ ਹੈ, ਸਥਿਤ ਘਰ ਜਾਣ ਤੱਕ ਰਸਤੇ ਵਿੱਚ ਕੋਈ ਵਾਕਿਆ ਨਹੀਂ ਹੋਇਆ।

**ਮੈਂ ਵੀ ਉਸ ਦਿਨ ਸ਼ਾਮ ਨੂੰ ਦਿੱਲੀ ਵਿੱਚ ਕਈ ਜਗ੍ਹਾ 'ਤੇ ਗਿਆ ਸ਼ਾਮ ਨੂੰ ਤਕਰੀਬਨ 6-7 ਵਜੇ ਤੱਕ ਹੋਰ ਕਿਤੇ ਵੀ ਕੋਈ ਵਾਕਿਆ ਨਜ਼ਰ ਨਹੀਂ ਆਇਆ। ਸਿਰਫ਼ ਇਕ ਇਹੋ ਹੀ ਹਜੂਮ ਸੀ ਜੋ ਇੰਸਟੀਚਿਊਟ ਤੋਂ ਇਕੱਠੇ ਹੋ ਕੇ ਬਾਅਦ ਵਿੱਚ ਅਲਾਇਦਾ-ਅਲਾਇਦਾ ਫੈਲ ਗਏ। ਉਸ ਤੋਂ ਬਾਅਦ ਹੌਲੀ-ਹੌਲੀ ਦੰਗਾਈਆਂ ਦੀ ਗਿਣਤੀ ਵਧਦੀ ਗਈ। ਲੋਕਾਂ ਨੂੰ ਬਾਹਰੋਂ ਬੱਸਾਂ-ਟਰੱਕਾਂ ਵਿੱਚ ਲਿਆਂਦਾ ਗਿਆ ਤੇ ਇਸ ਦੇ ਬਾਅਦ ਇਹ ਚਾਰੇ ਦਿਸ਼ਾਵਾਂ ਵਿੱਚ ਫੈਲ ਗਏ ਅਤੇ 7-8 ਵਜੇ ਤੱਕ ਆਸ-ਪਾਸ ਦੇ ਇਲਾਕਿਆਂ ਵਿੱਚ ਇਨ੍ਹਾਂ ਨੇ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਗਾਉਣੀ, ਕਾਰਾਂ ਤੇ ਸਕੂਟਰਾਂ ਨੂੰ ਜਲਾਣਾ ਸ਼ੁਰੂ ਕਰ ਦਿੱਤਾ ਅਤੇ ਸਿੱਖਾਂ ਨੂੰ ਕੁੱਟਿਆ-ਮਾਰਿਆ। ਇਹ ਕਤਲ ਕਰਨ ਦੀਆਂ ਘਟਨਾਵਾਂ ਬੜੀ ਸੋਚੀ-ਸਮਝੀ ਸਾਜ਼ਿਸ਼ ਨਾਲ 1 ਨਵੰਬਰ, 1984 ਨੂੰ ਸ਼ੁਰੂ ਹੋਈਆਂ।**



ਮੈਂ ਵੀ ਉਸ ਦਿਨ ਸ਼ਾਮ ਨੂੰ ਦਿੱਲੀ ਵਿੱਚ ਕਈ ਜਗ੍ਹਾ 'ਤੇ ਗਿਆ ਸ਼ਾਮ ਨੂੰ ਤਕਰੀਬਨ 6-7 ਵਜੇ ਤੱਕ ਹੋਰ ਕਿਤੇ ਵੀ ਕੋਈ ਵਾਕਿਆ ਨਜ਼ਰ ਨਹੀਂ ਆਇਆ। ਸਿਰਫ਼ ਇਕ ਇਹੋ ਹੀ ਹਜੂਮ ਸੀ ਜੋ ਇੰਸਟੀਚਿਊਟ ਤੋਂ ਇਕੱਠੇ ਹੋ ਕੇ ਬਾਅਦ ਵਿੱਚ ਅਲਾਇਦਾ-ਅਲਾਇਦਾ ਫੈਲ ਗਏ। ਉਸ ਤੋਂ ਬਾਅਦ ਹੌਲੀ-ਹੌਲੀ ਦੰਗਾਈਆਂ ਦੀ ਗਿਣਤੀ ਵਧਦੀ ਗਈ। ਲੋਕਾਂ ਨੂੰ ਬਾਹਰੋਂ ਬੱਸਾਂ-ਟਰੱਕਾਂ ਵਿੱਚ ਲਿਆਂਦਾ ਗਿਆ ਤੇ ਇਸ ਦੇ ਬਾਅਦ ਇਹ ਚਾਰੇ ਦਿਸ਼ਾਵਾਂ ਵਿੱਚ ਫੈਲ ਗਏ ਅਤੇ 7-8 ਵਜੇ ਤੱਕ ਆਸ-ਪਾਸ ਦੇ ਇਲਾਕਿਆਂ ਵਿੱਚ ਇਨ੍ਹਾਂ ਨੇ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਗਾਉਣੀ, ਕਾਰਾਂ ਤੇ ਸਕੂਟਰਾਂ ਨੂੰ ਜਲਾਣਾ ਸ਼ੁਰੂ ਕਰ ਦਿੱਤਾ ਅਤੇ ਸਿੱਖਾਂ ਨੂੰ ਕੁੱਟਿਆ-ਮਾਰਿਆ। ਇਹ ਕਤਲ ਕਰਨ ਦੀਆਂ ਘਟਨਾਵਾਂ ਬੜੀ ਸੋਚੀ-ਸਮਝੀ ਸਾਜ਼ਿਸ਼ ਨਾਲ 1 ਨਵੰਬਰ, 1984 ਨੂੰ ਸ਼ੁਰੂ ਹੋਈਆਂ।

**ਸੋਚੀ-ਸਮਝੀ ਸਾਜ਼ਿਸ਼ :** ਸਭ ਤੋਂ ਪਹਿਲਾਂ ਹਮਲਾ ਰਾਸ਼ਟਰਪਤੀ ਉੱਤੇ ਕਰਨਾ ਇਕ ਸੋਚੀ-ਸਮਝੀ ਸਾਜ਼ਿਸ਼ ਸੀ। ਇਸ ਵਿੱਚ ਤਿੰਨ ਤਰ੍ਹਾਂ ਦੇ ਸਨੇਹਾ ਸਾਫ਼ ਮੌਜੂਦ ਸੀ। ਪਹਿਲਾ ਇਹ ਕਿ ਕਿਸੇ ਵੀ ਸਿੱਖ ਨੂੰ ਨਾ ਬਖ਼ਸ਼ਿਆ ਜਾਏ ਭਾਵੇਂ ਉਹ ਕਿੰਨੀ ਉੱਚੀ ਪਦਵੀ 'ਤੇ ਮੌਜੂਦ ਹੈ। ਜੇਕਰ ਰਾਸ਼ਟਰਪਤੀ 'ਤੇ ਹਮਲਾ ਕਰਨ ਵਾਲੇ 'ਤੇ ਕੋਈ ਕਾਰਵਾਈ ਨਹੀਂ ਹੋਈ ਤਾਂ ਆਮ ਸਿੱਖਾਂ 'ਤੇ ਹਮਲਾ ਕਰਨ ਵਾਲੇ 'ਤੇ ਕੀ ਕਾਰਵਾਈ ਹੋਵੇਗੀ ਅਤੇ ਤੀਜਾ ਸੁਨੇਹਾ ਪੁਲਿਸ ਫ਼ੋਰਸ ਨੂੰ ਸੀ ਕਿ ਉਹ ਚੁੱਪਚਾਪ ਰਹਿਣਗੇ ਅਤੇ ਇਸ ਤਰ੍ਹਾਂ ਦੇ ਹਮਲੇ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕਰਨਗੇ।

**ਇਕ ਹੋਰ ਮਕਸਦ :** ਇਕ ਮਕਸਦ ਰਾਸ਼ਟਰਪਤੀ ਨੂੰ ਡਰਾਉਣਾ ਵੀ ਸੀ। ਇਨ੍ਹਾਂ ਹਮਲਿਆਂ ਤੋਂ ਬਾਅਦ ਰਾਸ਼ਟਰਪਤੀ ਨੂੰ ਕਿਹਾ ਗਿਆ ਕਿ ਜੇ ਤੁਸੀਂ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾ ਦੇਵੋਂਗੇ ਤਾਂ ਲੋਕਾਂ ਦਾ ਗੁੱਸਾ ਠੰਡਾ ਹੋ ਜਾਏਗਾ। ਇਸ ਗੱਲ 'ਤੇ ਗਿਆਨੀ ਜੀ ਵੀ ਮਾਤ ਖਾ ਗਏ। ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹੀ ਤਾਂ ਅਸਲੀ ਕਤਲੇਆਮ ਸ਼ੁਰੂ ਹੋਇਆ। ਗਿਆਨੀ ਜ਼ੈਲ ਸਿੰਘ 1984 ਦੇ ਸਿੱਖ ਕਤਲੇਆਮ ਨੂੰ ਲੈ ਕੇ ਆਪਣੇ-ਆਪ ਨੂੰ ਬਹੁਤ ਜ਼ਿਆਦਾ ਬੇਵਸ ਮਹਿਸੂਸ ਕਰਦੇ ਹਨ। ਰਾਸ਼ਟਰਪਤੀ ਦੇ ਅਹੁਦੇ ਤੋਂ ਹਟਣ ਦੇ ਬਾਅਦ ਮੇਰੇ ਨਾਲ ਹੋਈਆਂ 3-4 ਮੁਲਾਕਾਤਾਂ ਵਿੱਚ ਉਨ੍ਹਾਂ ਨੇ ਜੋ ਗੱਲਾਂ ਕੀਤੀਆਂ, ਉਨ੍ਹਾਂ ਤੋਂ ਇਹ ਗੱਲ ਸਾਫ਼ ਜ਼ਾਹਰ ਹੁੰਦੀ ਸੀ। ਮੈਂ ਖ਼ੁਦ ਗਿਆਨੀ ਜ਼ੈਲ ਸਿੰਘ ਨੂੰ ਪੰਜਾਬ ਦੇ ਹਾਲਾਤ ਲਈ ਜ਼ਿੰਮੇਵਾਰ ਸਮਝਦਾ ਸਾਂ ਅਤੇ ਉਨ੍ਹਾਂ ਨੂੰ ਮਿਲਣ ਲਈ ਤਿਆਰ ਨਹੀਂ ਸਾਂ।

1990 ਵਿੱਚ ਅਸੀਂ ਪੰਜਾਬ ਵਿੱਚ ਚੋਣਾਂ ਕਰਾਉਣ ਸੰਬੰਧੀ 'ਪੰਜਾਬ ਕਮੇਟੀ' ਬਣਾਈ ਸੀ। ਉਸ ਦੇ ਮੈਂਬਰ ਵਜੋਂ ਜਦੋਂ ਮੈਂ ਗਿਆਨੀ ਜੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ ਵੀ.ਪੀ. ਸਿੰਘ ਅਤੇ ਰਾਜੀਵ ਗਾਂਧੀ ਨਾਲ ਆਪਣੇ ਤੌਰ 'ਤੇ ਗੱਲ ਕਰਨ ਕਿ ਪੰਜਾਬ ਵਿੱਚ ਚੋਣਾਂ ਕਰਵਾਉਣ ਨਾਲ ਹਾਲਾਤ ਸੁਧਰਨਗੇ। ਉਸ ਦੇ ਬਾਅਦ ਮੈਂ ਉਨ੍ਹਾਂ ਨੂੰ 4-5 ਵਾਰੀ ਫਿਰ ਮਿਲਿਆ। ਹਰ ਮੁਲਾਕਾਤ ਵਿੱਚ ਘੰਟਿਆਂ ਤੱਕ ਉਹ ਮੇਰੇ ਨਾਲ ਇਹੋ ਹੀ ਗੱਲਾਂ ਕਰਦੇ ਸਨ ਕਿ ਨਵੰਬਰ 84 ਵਿੱਚ ਉਹ ਬੇਵੱਸ ਸਨ ਅਤੇ ਕੁਝ ਨਹੀਂ ਕਰ ਸਕੇ ਜਦੋਂ ਕਿ ਮੈਂ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਨਹੀਂ ਸਾਂ ਪਰ ਉਨ੍ਹਾਂ ਦਾ 4-5 ਮੁਲਾਕਾਤਾਂ ਵਿੱਚ ਘੰਟਿਆਂ ਤੱਕ ਇਕੋ ਗੱਲ ਕਰਨਾ, ਉਨ੍ਹਾਂ ਦੀ ਬੇਵਸੀ ਦਾ ਅਹਿਸਾਸ ਦਰਸਾਉਂਦਾ ਹੈ ਅਤੇ ਇਹ ਵੀ ਦਿਖਾਉਂਦਾ ਹੈ ਕਿ ਉਹ ਇਨਸਾਨ ਕਿੰਨਾ ਪਛਤਾ ਰਿਹਾ ਸੀ। ਆਖ਼ਰੀ ਵਾਰ ਮੇਰੀ ਮੁਲਾਕਾਤ ਉਨ੍ਹਾਂ ਨਾਲ ਉਦੋਂ ਹੋਈ ਜਦੋਂ ਉਹ ਐਕਸੀਡੈਂਟ ਤੋਂ ਪਹਿਲਾਂ ਬਿਮਾਰ ਸਨ। ਉਸ ਵਕਤ ਡਾਕਟਰਾਂ ਨੇ ਉਨ੍ਹਾਂ ਨੂੰ ਜ਼ਿਆਦਾ ਲੋਕਾਂ ਦਾ ਮਿਲਣਾ ਮਨਾ ਕੀਤਾ ਹੋਇਆ ਸੀ ਪਰ ਫਿਰ ਵੀ ਗਿਆਨੀ ਜੀ ਨੇ ਮੈਨੂੰ ਆਪਣੇ ਮੰਜੇ ਦੇ ਕੋਲ ਬਿਠਾ ਲਿਆ ਤੇ ਫਿਰ ਉਹ ਹੀ ਗੱਲਾਂ ਸ਼ੁਰੂ ਕਰ ਦਿੱਤੀਆਂ। ਅਸੀਂ ਇਹ ਸਾਰਾ ਰਾਸ਼ਟਰਪਤੀ 'ਤੇ ਹਮਲੇ ਦਾ ਵਾਕਿਆ ਤੇ ਹਲਫ਼ੀਆ ਬਿਆਨ ਮਿਸ਼ਰਾ ਕਮਿਸ਼ਨ ਅਤੇ ਨਾਨਾਵਤੀ ਕਮਿਸ਼ਨ ਸਾਹਮਣੇ ਪੇਸ਼ ਕੀਤੇ ਸਨ ਪਰ ਦੋਵੇਂ ਕਮਿਸ਼ਨਾਂ ਨੇ ਇਹ ਗੱਲ ਅਣਗੌਲੀ ਕਰ ਦਿੱਤੀ। ਅੱਜ ਵੀ ਸਾਨੂੰ ਇਸ ਸਵਾਲ ਦਾ ਜਵਾਬ ਨਹੀਂ ਮਿਲਿਆ ਕਿ ਰਾਸ਼ਟਰਪਤੀ 'ਤੇ ਹਮਲਾ ਕਰਨ ਵਾਲੇ ਕਿਵੇਂ ਬਚ ਗਏ ਤੇ ਇਸ ਹਮਲੇ ਦੇ ਆਦੇਸ਼ ਕਿਸ ਨੇ ਦਿੱਤੇ ਸਨ?

# ਨਵੰਬਰ-84 ਦੀ ਸਿੱਖ ਨਸਲਕੁਸ਼ੀ ਖਿਲਾਫ ਰੋਸ ਮਾਰਚ




**ਨਵੀ ਦਿੱਲੀ/ਬਿਊਰੋ ਨਿਊਜ਼ :** 'ਨਵੰਬਰ-84' ਦੀ ਸਿੱਖ ਨਸਲਕੁਸ਼ੀ ਦੇ ਇਨਸਾਫ਼ ਲਈ ਪ੍ਰਧਾਨ ਮੰਤਰੀ ਦਫ਼ਤਰ 'ਚ ਪੀੜਤਾਂ ਨੇ ਮੰਗ ਪੱਤਰ ਦਿੱਤਾ ਹੈ। ਇਸ ਤੋਂ ਪਹਿਲਾਂ "ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ" ਵਲੋਂ ਜੰਤਰ ਮੰਤਰ ਵਿਖੇ ਰੋਸ ਪ੍ਰਦਰਸ਼ਨ ਕਰਦਿਆਂ ਸੰਨ1984 ਦੀ ਸਿੱਖ ਨਸਲਕੁਸ਼ੀ ਦੇ ਇਨਸਾਫ਼ 'ਚ ਹੋ ਰਹੀ ਦੇਰੀ ਲਈ ਕਾਂਗਰਸ ਦੇ ਨਾਲ-ਨਾਲ ਕੇਂਦਰ ਦੀ ਮੋਦੀ ਸਰਕਾਰ ਨੂੰ ਵੀ ਕਸੂਰਵਾਰ ਗਰਦਾਨਿਆ ਹੈ। ਰਾਹਤ ਕਮੇਟੀ ਦੇ ਮੁਖੀ ਜਥੇ. ਕੁਲਦੀਪ ਸਿੰਘ ਨੇ ਜੰਤਰ ਮੰਤਰ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਕਤਲੇਆਮ ਨੂੰ ਅੰਜਾਮ ਦੇਣ ਵਾਲੀ ਕਾਂਗਰਸ ਪਾਸੋਂ ਤਾਂ ਸਾਨੂੰ ਪਹਿਲਾਂ ਹੀ ਕੋਈ ਉਮੀਦ ਨਹੀਂ ਪਰ ਕੇਂਦਰ ਦੀ ਮੌਜੂਦਾ ਮੋਦੀ ਸਰਕਾਰ ਵੀ ਸਿੱਖਾਂ ਨੂੰ ਇਨਸਾਫ਼ ਦਿਵਾਉਣ ਪ੍ਰਤੀ ਗੰਭੀਰ ਨਜ਼ਰ ਨਹੀਂ ਆ ਰਹੀ ਹੈ। ਭੋਗਲ ਨੇ ਦੱਸਿਆ ਕਿ ਪਿਛੋਕੜ 'ਚ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਸੰਸਦ 'ਚ ਆਖਿਆ ਸੀ ਕਿ ਜਦ ਕਦੇ ਵੀ ਭਾਜਪਾ ਦੀ ਪੂਰਨ ਬਹੁਮਤ ਵਾਲੀ ਸਰਕਾਰ ਕੇਂਦਰ 'ਚ ਬਣੇਗੀ ਤਾਂ ਇਸ ਨਸਲਕੁਸ਼ੀ ਲਈ ਸਿੱਖਾਂ ਨੂੰ ਪਹਿਲ ਦੇ ਆਧਾਰ 'ਤੇ ਇਨਸਾਫ਼ ਦਿਵਾਇਆ ਜਾਵੇਗਾ ਪਰ ਅਫ਼ਸੋਸ ਹੈ ਕਿ ਭਾਜਪਾ ਦੀ ਪੂਰਨ ਬਹੁਮਤ ਵਾਲੀ ਸਰਕਾਰ ਦੇ ਸਾਢੇ 4 ਸਾਲ ਬੀਤ ਜਾਣ ਦੇ ਬਾਵਜੂਦ ਸਿੱਖਾਂ ਨੂੰ ਇਨਸਾਫ਼ ਵਾਸਤੇ ਖ਼ੱਜਲ-ਖੁਆਰ ਹੋਣਾ ਪੈ ਰਿਹਾ ਹੈ। ਜੰਤਰ ਮੰਤਰ 'ਤੇ ਰੋਸ ਪ੍ਰਦਰਸ਼ਨ ਤੋਂ ਪਹਿਲਾਂ ਇਤਿਹਾਸਕ ਗੁ. ਬੰਗਲਾ ਸਾਹਿਬ ਵਿਖੇ ਅਰਦਾਸ ਕੀਤੀ ਗਈ ਤੇ ਮਾਰਚ ਦੇ ਰੂਪ 'ਚ ਜੰਤਰ ਮੰਤਰ ਪੁੱਜਣ ਤੋਂ ਪਹਿਲਾ ਦਿੱਲੀ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਮਨਜਿੰਦਰ ਸਿੰਘ ਸਿਰਸਾ ਤੇ ਹੋਰਨਾਂ ਨੇ ਵੀ ਇਸ ਮੁੱਦੇ ਬਾਰੇ ਆਪਣੇ ਵਿਚਾਰ ਰੱਖੇ।

## ਸ਼ਿਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ. ਦੇ ਹਿਊਮਨ ਰਾਈਟਸ ਵਿੰਗ ਦਾ ਪੁਨਰਗਠਨ

**ਲੰਡਨ/ਬਿਊਰੋ ਨਿਊਜ਼ :** ਸ਼ਿਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ. ਨੇ ਆਪਣੇ ਹਿਊਮਨ ਰਾਈਟਸ ਵਿੰਗ ਦਾ ਪੁਨਰਗਠਨ ਕਰਕੇ ਸ. ਕੁਲਵੰਤ ਸਿੰਘ ਮੁਠੱਡਾ ਨੂੰ ਪ੍ਰਧਾਨ, ਸ. ਪ੍ਰੀਤਕਮਲ ਸਿੰਘ ਤਾਤਲਾ ਤੇ ਸ. ਹਰਿੰਦਰ ਸਿੰਘ ਹੈਰੀ ਨੂੰ ਜੁਆਇੰਟ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਵਿੰਗ ਦੀ ਮੀਟਿੰਗ ਬੁਲਾ ਕੇ ਬਾਕੀ ਦੇ ਹੋਰ ਅਹੁਦੇਦਾਰ ਚੁਣੇ ਜਾਣਗੇ। ਇਸ ਬਾਰੇ ਪਾਰਟੀ ਦੇ ਪ੍ਰੈਸ ਸਕੱਤਰ ਸ. ਜਗਤਾਰ ਸਿੰਘ ਵਿਰਕ ਨੇ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਸੰਨ 2000 ਤੋਂ ਸਥਾਪਤ ਪਾਰਟੀ ਦੇ ਮੈਂਬਰ ਬਣਨ ਲਈ ਯੂਕੇ. ਨਿਵਾਸੀ ਸਿੱਖਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਅਕਤੂਬਰ 2015 ਤੋਂ ਦੇਸ਼ ਵਿਦੇਸ਼ ਵਿੱਚ ਵਸਦੀ ਸਿੱਖ ਕੌਮ ਸਾਨੂੰ ਭਰਪੂਰ ਸਹਿਯੋਗ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪ੍ਰਵਾਨਿਤ ਵਿਧਾਨ ਅਤੇ ਇੰਗਲੈਂਡ ਦੇ ਕਨੂੰਨਾਂ ਅਨੁਸਾਰ ਲੋਕਤੰਤਰਿਕ ਢੰਗ ਨਾਲ ਕੌਮੀ ਹੱਕਾਂ ਲਈ ਸੰਘਰਸ਼ ਕਰਦੇ ਹੋਏ ਸਿਧਾਂਤਕ ਸਾਂਝ ਵਾਲੇ ਮੁੱਦਿਆਂ ਉਤੇ ਹਰ ਪਾਰਟੀ ਅਤੇ ਸਖਸ਼ੀਅਤ ਨਾਲ ਸਹਿਯੋਗ ਕਰਨ ਲਈ ਵਚਨਬੱਧ ਹਾਂ। ਪਾਰਟੀ ਦੇ ਮੈਂਬਰ ਬਣਨ ਲਈ ਵਾਟਸਐਪ ਨੰਬਰ 074050-27827 sadauk2000@gmail.com 'ਤੇ ਸੰਪਰਕ ਕਰੋ ਜੀ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਲਈ ਬਾਦਲ ਪਿਓ-ਪੁੱਤ ਦੋਸ਼ੀ : ਬ੍ਰਹਮਪੁਰਾ

**ਖਡੂਰ ਸਾਹਿਬ/ਬਿਊਰੋ ਨਿਊਜ਼ :**
ਮਾਝਾ ਖੇਤਰ ਦੇ ਬਾਗ਼ੀ ਟਕਸਾਲੀ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਆਗੂ ਬਿਕਰਮ ਮਜੀਠੀਆ ਖਿਲਾਫ ਬਹੁਤ ਹੀ ਸੰਗੀਨ ਇਲਜ਼ਾਮ ਆ ਕੇ ਪੰਜਾਬ ਦੀ ਰਾਜਨੀਤੀ ਵਿਚ ਭੂਚਾਲ ਲਿਆ ਦਿੱਤਾ ਹੈ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਸ੍ਰੀ ਬ੍ਰਹਮਪੁਰਾ ਨੇ ਕਿਹਾ, ਕਿ "ਅਕਾਲੀ ਦਲ ਦੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਰਗਾੜੀ ਵਿਖੇ ਬੇਦੋਸ਼ੇ ਸਿੱਖਾਂ 'ਤੇ ਗੋਲੀਆਂ ਚਲਾਉਣ ਲਈ ਸਿੱਧੇ ਤੌਰ 'ਤੇ ਪਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਦੋਵੇਂ ਪਿਓ-ਪੁੱਤ ਜ਼ਿੰਮੇਵਾਰ ਹਨ।" ਜ਼ਿਲ੍ਹੇ ਦੇ ਕਸਬਾ ਚੋਹਲਾ ਸਾਹਿਬ 'ਚ ਭਰਵਾਂ ਇਕੱਠ ਕਰਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਅਸਤੀਫ਼ਿਆਂ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸ ਮੰਗ ਦੇ ਮੰਨੇ ਜਾਣ ਤਕ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ।



ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਕਾਬੂ ਨਾ ਕਰਕੇ ਸਜ਼ਾਵਾਂ ਨਾ ਦੇਣ ਦਾ ਸੰਗਤ ਵਿਚ ਭਾਰੀ ਰੋਸ ਹੈ ਜਿਸ ਦਾ ਖਮਿਆਜਾ ਅਕਾਲੀ ਦਲ ਪਿਛਲੀਆਂ ਚੋਣਾਂ ਵਿਚ ਭੁਗਤ ਚੁੱਕਿਆ ਹੈ। ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਭੰਗ ਕੀਤੀ ਹੈ।ਇਕੱਠ ਵਿਚ ਰਣਜੀਤ ਸਿੰਘ ਬ੍ਰਹਮਪੁਰਾ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ।

ਸ੍ਰੀ ਬ੍ਰਹਮਪੁਰਾ ਨੇ ਸੇਵਾ ਸਿੰਘ ਸੇਖਵਾਂ ਨੂੰ ਅਕਾਲੀ ਦਲ ਵਿਚੋਂ ਕੱਢਣ ਬਾਰੇ ਕਿਹਾ ਕਿ ਫ਼ੈਸਲਾ ਵਾਪਸ ਲੈਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ ਅਤੇ ਸ੍ਰੀ ਸੇਖਵਾਂ ਨੂੰ ਵੀ ਮੁੜ ਪਾਰਟੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਸਾਬਕਾ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ ਦਿੱਤੇ ਮਾਣ-ਸਤਿਕਾਰ ਨੂੰ ਯਾਦ ਕਰਦਿਆਂ ਸ੍ਰੀ ਬ੍ਰਹਮਪੁਰਾ ਨੇ ਕਿਹਾ, ਕਿ "ਸ੍ਰੀ ਬਾਦਲ ਨੇ ਮੇਰੇ ਕਹਿਣ 'ਤੇ ਬਹੁਤ ਸਾਰੇ ਕੰਮ ਕੀਤੇ ਪਰ ਡੇਰਾ ਸਾਧ ਨੂੰ ਮੁਆਫ਼ੀ ਦੇਣ, ਬਰਗਾੜੀ ਕਾਂਡ ਜਿਹੇ ਮੁੱਦਿਆਂ 'ਤੇ ਉਹ ਕੁਝ ਨਹੀਂ ਬੋਲੇ।" ਉਨ੍ਹਾਂ ਕਿਹਾ ਕਿ ਖਣਨ, ਭੂਮੀ, ਕੇਬਲ, ਸ਼ਰਾਬ ਆਦਿ ਮਾਫੀਏ ਕਰਕੇ ਸਰਕਾਰ ਦੇ ਬਦਨਾਮ ਹੋਣ ਬਾਰੇ ਵੀ ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਨੂੰ ਸੁਚੇਤ ਕੀਤਾ ਸੀ ਪਰ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਆਪਣੇ ਸੰਘਰਸ਼ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਬਾਦਲਾਂ ਨੇ ਅਕਾਲ ਤਖ਼ਤ ਸਾਹਿਬ ਤਕ ਨੂੰ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ। ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਨਾ ਕੀਤੇ ਜਾਣ 'ਤੇ ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਜੇਕਰ ਉਹ ਖ਼ੁਦ ਸ੍ਰੀ ਬਾਦਲ ਦੀ ਥਾਂ 'ਤੇ ਮੁੱਖ ਮੰਤਰੀ ਹੁੰਦੇ ਤਾਂ ਅਜਿਹਾ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾਵਾਂ ਦਿੰਦੇ। ਕੁਝ ਦਿਨ ਪਹਿਲਾਂ ਉਨ੍ਹਾਂ ਦਾ ਸਾਥ ਛੱਡ ਦੇਣ ਦਾ ਦਾਅਵਾ ਕਰਨ ਵਾਲੇ ਕਈ ਆਗੂਆਂ 'ਤੇ ਸ਼ਬਦੀ ਹਮਲੇ ਕਰਦਿਆਂ ਉਨ੍ਹਾਂ ਕਿਹਾ ਕਿ ਜਿਹੜੇ ਉਨ੍ਹਾਂ ਦੇ ਨਹੀਂ ਬਣੇ, ਉਹ ਪਾਰਟੀ ਦੇ ਕਿਵੇਂ ਬਣਨਗੇ। ਇਸ ਮੌਕੇ ਉਨ੍ਹਾਂ ਦੇ ਲੜਕੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ, ਪ੍ਰੇਮ ਸਿੰਘ ਗੋਇੰਦਵਾਲ, ਕੈਪਟਨ ਸਰਵਣ ਸਿੰਘ, ਗੋਪਾਲ ਸਿੰਘ ਜਾਣੀਆਂ, ਹਰਭਜਨ ਸਿੰਘ ਜਵੰਦਪੁਰ ਅਤੇ ਸਾਬਕਾ ਡੀਐਸਪੀ ਰਤਨ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205



# ਸਿੱਖ ਇਤਿਹਾਸ ਅਤੇ ਦਿਵਾਲੀ

**ਪ੍ਰੋ. ਬਲਵਿੰਦਰਪਾਲ ਸਿੰਘ**

ਭਾਰਤ ਦੇ ਇਤਿਹਾਸ ਵਿਚ ਜਿਥੇ ਦਿਵਾਲੀ ਦਾ ਮਹੱਤਵ ਹੈ, ਉਥੇ ਸਿੱਖ ਇਤਿਹਾਸ ਵਿਚ 'ਦਿਵਾਲੀ' ਦੀ ਵਿਸ਼ੇ ਅਹਿਮੀਅਤ ਹੈ। ਇਸ ਤਿਉਹਾਰ ਦਾ ਮੂਲ ਨਾਂ ਦੀਪਾਵਲੀ ਹੈ, ਜਿਸ ਦਾ ਅਰਥ ਹੈ ਇਕ ਅਜਿਹਾ ਮੌਕਾ ਜਦੋਂ ਭਰਪੂਰ ਦੀਪ, ਜਿਨ੍ਹਾਂ ਨੂੰ ਪੰਜਾਬੀ 'ਚ ਦੀਵੇ ਕਿਹਾ ਜਾਂਦਾ ਹੈ, ਜਗਾਏ ਜਾਣ ਅਤੇ ਉਨ੍ਹਾਂ ਦੀ ਰੌਸ਼ਨੀ ਵਿਚੋਂ ਅਧਿਆਤਮਕ ਖੁਸ਼ੀ ਪ੍ਰਾਪਤ ਕੀਤੀ ਜਾਵੇ। ਸਿੱਖ ਇਤਿਹਾਸ ਵਿਚ ਦਿਵਾਲੀ ਦਾ ਸਬੰਧ ਭਾਵੇਂ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਤੋਂ ਹੀ ਮੰਨਿਆ ਜਾਂਦਾ ਹੈ ਪਰ ਵਿਸ਼ੇਸ਼ ਕਰਕੇ ਇਸ ਤਿਉਹਾਰ ਦਾ ਸਬੰਧ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਹੈ। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗ੍ਰੰਥ 'ਮਹਾਨ ਕੋਸ਼' ਦੇ ਪੰਨਾ 476 'ਤੇ ਦਰਜ ਹਵਾਲੇ ਮੁਤਾਬਕ ਸਿੱਖਾਂ ਵਿਚ ਇਹ ਦੀਵੇ ਬਾਲਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ, ਕਿਉਂਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਿਵਾਲੀ ਵਾਲੇ ਦਿਨ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਪਧਾਰੇ ਸਨ। ਇਸ ਵਾਸਤੇ ਖੁਸ਼ੀ ਵਿਚ ਰੌਸ਼ਨੀ ਕੀਤੀ ਗਈ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਤਾਂ ਗੁਰੂ ਹਰਗੋਬਿੰਦ ਸਾਹਿਬ ਨੇ ਕੌਮ ਦੀ ਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਲਈਆਂ।

ਗੁਰੂ ਘਰ ਵਿਰੋਧੀ ਚੰਦੂ ਨੇ ਇਸ ਬਾਬਤ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਭੜਕਾਇਆ, ਜਿਸ 'ਤੇ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ। ਜਦੋਂ ਜਹਾਂਗੀਰ ਬਾਦਸ਼ਾਹ ਨੂੰ ਸਾਈਂ ਮੀਆਂ ਮੀਰ ਅਤੇ ਮਲਕਾ ਨੂਰ ਜਹਾਨ ਤੋਂ ਗੁਰੂ ਸਾਹਿਬ ਦੀ ਅਗੰਮੀ ਸ਼ਖਸੀਅਤ ਬਾਰੇ ਪਤਾ ਲੱਗਾ ਤਾਂ ਉਸ ਨੇ ਉਨ੍ਹਾਂ ਦੀ ਪ੍ਰੇਰਣਾ ਸਦਕਾ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਐਲਾਨ ਕਰ ਦਿੱਤਾ ਅਤੇ ਗੁਰੂ ਸਾਹਿਬ ਦੇ ਕਹਿਣ 'ਤੇ ਬਾਕੀ ਰਾਜਸੀ ਕੈਦੀ (52 ਬਾਗੀ ਹਿੰਦੂ ਰਾਜੇ) ਵੀ ਜਹਾਂਗੀਰ ਨੂੰ ਰਿਹਾਅ ਕਰਨੇ ਪਏ। ਇਸੇ ਕਰਕੇ ਗੁਰੂ ਹਰਗੋਬਿੰਦ ਸਾਹਿਬ ਨੂੰ ਬੰਦੀ ਛੋੜ ਅਤੇ ਇਸ ਦਿਹਾੜੇ ਨੂੰ ਬੰਦੀ ਛੋੜ ਪੁਰਬ ਕਿਹਾ ਜਾਂਦਾ ਹੈ। ਗੁਰੂ ਹਰਗੋਬਿੰਦ ਸਾਹਿਬ ਜਦੋਂ ਦਿਵਾਲੀ ਵਾਲੇ ਦਿਨ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤਾਂ ਸਿੱਖਾਂ ਨੇ ਦੀਪਮਾਲਾ ਕਰਕੇ, ਆਤਿਸ਼ਬਾਜ਼ੀ ਚਲਾ ਕੇ ਅਤੇ ਮਠਿਆਈ ਵੰਡ ਕੇ ਖੁਸ਼ੀਆਂ ਦਾ ਪ੍ਰਗਟਾਵਾ ਕੀਤਾ। ਇਸੇ ਇਤਿਹਾਸਕ ਯਾਦ ਨੂੰ ਮੁੱਖ ਰੱਖ ਕੇ ਸਿੱਖ ਹਰ ਸਾਲ ਦਿਵਾਲੀ ਮਨਾਉਂਦੇ ਹਨ।

ਦਿਵਾਲੀ ਪੁਰਬ ਦਾ ਸਬੰਧ ਭਾਈ ਮਨੀ ਸਿੰਘ ਦੀ ਸ਼ਹੀਦੀ ਨਾਲ ਵੀ ਹੈ। ਸਿੱਖਾਂ ਵਿਚ ਇਸ ਦਿਹਾੜੇ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਸਰਬੱਤ ਖਾਲਸਾ ਦੇ ਰੂਪ ਵਿਚ ਇਕੱਤਰ ਹੋ ਕੇ ਗੁਰਮਤੇ ਦੇ ਰੂਪ ਵਿਚ ਮਹੱਤਵਪੂਰਨ ਫੈਸਲੇ ਲੈਣ ਦੀ ਪ੍ਰਥਾ ਬਣ ਗਈ ਸੀ। ਮੁਗਲ ਹਕੂਮਤ ਨੂੰ ਸਿੱਖਾਂ ਦੀ ਇਹ ਪ੍ਰਥਾ ਆਪਣੇ ਲਈ ਚੈਲਿੰਜ ਜਾਪਦੀ ਸੀ, ਜਿਸ ਕਰਕੇ ਉਸ ਨੇ ਦਿਵਾਲੀ ਤਿਉਹਾਰ ਦੌਰਾਨ ਸਿੱਖਾਂ ਦੇ ਇਕੱਠ 'ਤੇ ਅੰਮ੍ਰਿਤਸਰ ਵਿਖੇ ਪਾਬੰਦੀ ਲਗਾ ਦਿੱਤੀ। ਸਿੱਖਾਂ ਦੇ ਕਹਿਣ 'ਤੇ ਭਾਈ ਮਨੀ ਸਿੰਘ ਨੇ ਮੁਗਲ ਹਕੂਮਤ ਪਾਸੋਂ ਦਿਵਾਲੀ ਦੇ ਦਿਵਸ 'ਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਿੱਖਾਂ ਦਾ ਧਾਰਮਿਕ ਇਕੱਠ ਕਰਨ ਲਈ ਆਗਿਆ ਲੈ ਲਈ। ਇਸ ਬਦਲੇ 10,000 ਰੁਪਏ ਠੇਕਾ ਲਾਹੌਰ ਦੇ ਸੂਬੇ ਖਾਨ ਬਹਾਦਰ ਨੂੰ ਦੇਣਾ ਮਿਥਿਆ ਗਿਆ। ਭਾਈ ਰਤਨ ਸਿੰਘ ਭੰਗੂ ਇਸ ਸੰਬੰਧ ਵਿਚ ਲਿਖਦੇ ਹਨ-

ਦੁਆਲੀ ਕੋ ਥੋ ਮੇਲਾ ਲਾਯਾ,<br>
ਤੁਰਕਨ ਨੇ ਥੋ ਟਕਾ ਚੁਕਾਯਾ।।<br>
ਦਸ ਹਜ਼ਾਰ ਰੁਪੱਯਾ ਠਹਿਰਾਯਾ,<br>
ਟਕਨ ਖਾਤਰ ਤਿਨ ਦਰੋਗਾ ਬਹਾਯਾ॥ (ਪੰਥ ਪ੍ਰਕਾਸ਼ ਪੰਨਾ 296)

ਜਦੋਂ ਭਾਈ ਮਨੀ ਸਿੰਘ ਨੂੰ ਪਤਾ ਲੱਗਾ ਕਿ ਮੁਗਲ ਹਕੂਮਤ ਦੇ ਇਕੱਠ 'ਤੇ ਅਚਾਨਕ ਹਮਲਾ ਕਰਕੇ ਸਿੱਖਾਂ ਦੇ ਕਤਲੇਆਮ ਦੀ ਵਿਉਂਤਬੰਦੀ ਕਰ ਰਹੀ ਹੈ ਤਾਂ ਉਨ੍ਹਾਂ ਨੇ ਵੱਖ-ਵੱਖ ਥਾਵਾਂ 'ਤੇ ਸੁਨੇਹੇ ਭੇਜ ਕੇ ਸਿੱਖਾਂ ਨੂੰ ਦਿਵਾਲੀ ਵਾਲੇ ਦਿਨ ਅੰਮ੍ਰਿਤਸਰ ਇਕੱਤਰ ਹੋਣ ਤੋਂ ਰੋਕ ਦਿੱਤਾ। ਨਤੀਜਾ ਇਹ ਹੋਇਆ ਕਿ ਦਿਵਾਲੀ ਵਾਲੇ ਦਿਨ ਇਕੱਠ ਨਾ ਹੋ ਸਕਿਆ ਅਤੇ ਭਾਈ ਮਨੀ ਸਿੰਘ ਨੇ ਮੁਗਲ ਖਜ਼ਾਨੇ ਵਿਚ ਟੈਕਸ ਦੀ ਰਕਮ ਜਮ੍ਹਾ ਨਾ ਕਰਵਾਈ। ਮੁਗਲ ਹਕੂਮਤ ਨੇ ਇਸ ਬਹਾਨੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਪਰ ਭਾਈ ਸਾਹਿਬ ਨੇ ਸਿੱਖੀ ਸਿਦਕ ਨੂੰ ਨਿਭਾਉਂਦਿਆਂ ਇਸਲਾਮ ਕਬੂਲਣ ਤੋਂ ਨਾਂਹ ਕਰ ਦਿੱਤੀ ਅਤੇ ਮੁਗਲ ਹਾਕਮ ਨੂੰ ਦ੍ਰਿੜ੍ਹਤਾ ਨਾਲ ਜੁਆਬ ਦਿੱਤਾ-

ਮੈਂ ਬੰਦ ਬੰਦ ਅਬ ਚਹੋਂ ਕਟਾਯਾ,<br>
ਇਮ ਕਹਿ ਕੈ ਉਨ ਇਮੈ ਅਲਾਯਾਂ।।<br>
ਅਬ ਪੈਸੇ ਹਮ ਪੈ ਕਛੁ ਨਾਹੀ,<br>
ਲੈ ਜਾਨ ਹਮਾਰੀ ਨਗਦੀ ਮਾਹੀ॥ (ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 298)

ਕਾਜ਼ੀ ਨੇ ਭਾਈ ਸਾਹਿਬ ਦਾ ਜੁਆਬ ਸੁਣ ਕੇ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਸੰਨ 1791 ਬਿਕਰਮੀ ਅਰਥਾਤ ਸੰਨ 1734 ਈ. ਨੂੰ ਲਾਹੌਰ ਦੇ ਨਾਖਾਸ ਚੌਕ ਵਿਚ ਸ਼ਹੀਦ ਕਰ ਦਿੱਤੇ ਗਏ। ਇਸ ਤਰ੍ਹਾਂ ਭਾਈ ਸਾਹਿਬ ਦੀ ਸ਼ਹੀਦੀ ਦਿਵਾਲੀ ਮਨਾਉਣ ਦੇ ਸੰਬੰਧ ਵਿਚ ਹੋਈ। ਸੰਨ1745 ਈ. ਦੀ ਦਿਵਾਲੀ ਸਮੇਂ ਸਰਬੱਤ ਖਾਲਸਾ ਨੇ ਗੁਰਮਤਾ ਕੀਤਾ ਕਿ ਸਾਰੇ ਜਥਿਆਂ ਨੂੰ 25 ਰੈਜਮੈਂਟਾਂ ਵਿਚ ਵੰਡ ਕੇ ਨਵਾਬ ਕਪੂਰ ਸਿੰਘ ਨੂੰ ਮੁੱਖ ਸੇਵਾਦਾਰ ਥਾਪ ਦਿੱਤਾ ਜਾਵੇ। ਸਰਦਾਰ ਹਰੀ ਸਿੰਘ ਭੰਗੀ, ਸ. ਨੌਧ ਸਿੰਘ ਸ਼ੁਕਰਚੱਕੀਆਂ, ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਜੈ ਸਿੰਘ ਕਨ੍ਹਈਆ ਇਨ੍ਹਾਂ ਰੈਜਮੈਂਟਾਂ ਵਿਚੋਂ ਪ੍ਰਸਿੱਧ ਜਰਨੈਲ ਸਨ, ਜਿਨ੍ਹਾਂ ਨੇ ਪੰਜਾਬ ਨੂੰ ਮੁਗਲਾਂ ਅਤੇ ਵਿਦੇਸ਼ੀ ਜਰਵਾਣਿਆਂ ਤੋਂ ਮੁਕਤ ਕਰਵਾਉਣ ਅਤੇ ਖਾਲਸਾ ਰਾਜ ਦੀ ਸਿਰਜਣਾ ਦਾ ਮਾਹੌਲ ਕਾਇਮ ਕਰਵਾਉਣ ਵਿਚ ਫੈਸਲਾਕੁੰਨ ਰੋਲ ਅਦਾ ਕੀਤਾ।

ਸੰਨ 1759-60 ਈ. ਵਿਚ ਜਦੋਂ ਅਬਦਾਲੀ ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਸਥਾਨ 'ਤੇ ਮਰਹੱਟਿਆਂ ਨਾਲ ਲੜਾਈ ਵਿਚ ਉਲਝਿਆ ਹੋਇਆ ਸੀ ਤਾਂ ਪਿੱਛੋਂ 7 ਨਵੰਬਰ 1760 ਈ. ਦੀ ਦਿਵਾਲੀ ਸਮੇਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਇਕੱਠਿਆਂ ਹੋ ਕੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ। ਸਿੱਟੇ ਵਜੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਲ ਖਾਲਸੇ ਦੇ ਦਸ ਹਜ਼ਾਰ ਸਿੰਘਾਂ ਨੇ ਲਾਹੌਰ ਨੂੰ ਘੇਰ ਲਿਆ ਅਤੇ ਇਥੋਂ ਦੇ ਗਵਰਨਰ ਮੀਰ ਮੁਹੰਮਦ ਨੇ ਤੀਹ ਹਜ਼ਾਰ ਦਾ ਨਜ਼ਰਾਨਾ ਦੇ ਕੇ ਖਾਲਸੇ ਨੂੰ ਵਾਪਸ ਮੋੜਿਆ।

ਸਿੱਖ ਇਤਿਹਾਸ ਵਿਚ ਦਿਵਾਲੀ ਦੀ ਅਹਿਮੀਅਤ ਦਾ ਸੰਬੰਧ ਅਹਿਮਦ ਸ਼ਾਹ ਅਬਦਾਲੀ ਦੀ ਘਟਨਾ ਨਾਲ ਵੀ ਹੈ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨਾਲ ਪੰਜਾਬ ਵਿਚ ਮੁਗਲਾਂ ਦਾ ਰਾਜ ਪ੍ਰਬੰਧ ਬੁਰੀ ਤਰ੍ਹਾਂ ਵਿਗੜ ਗਿਆ ਸੀ ਅਤੇ ਨਾਲ ਹੀ ਖਾਲਸਾ ਪੰਥ ਦੀ ਸੈਨਿਕ ਸ਼ਕਤੀ ਵੀ ਦਿਨੋ-ਦਿਨ ਵਧਦੀ ਜਾ ਰਹੀ ਸੀ। ਦਲ ਖਾਲਸਾ ਦੇ ਜਰਨੈਲਾਂ ਨੇ ਸੰਨ 1761 ਈ. ਵਿਚ ਆਪਣੀ ਤਾਕਤ ਨੂੰ ਇਕੱਠਾ ਕਰਨ ਲਈ ਦਿਵਾਲੀ ਵਾਲੇ ਦਿਨ ਸਰਬੱਤ ਖਾਲਸਾ ਬੁਲਾਇਆ, ਜਿਸ ਵਿਚ ਗੁਰਮਤਾ ਕੀਤਾ ਗਿਆ ਕਿ ਅਬਦਾਲੀ ਦੇ ਮੁਖਬਰਾਂ ਨੂੰ ਪੂਰੀ ਤਰ੍ਹਾਂ ਮੁਕਾ ਦਿੱਤਾ ਜਾਵੇ।

ਜਦੋਂ ਅਬਦਾਲੀ ਦੇ ਮੁੱਖ ਸੂਹੀਏ ਆਕਿਲ ਦਾਸ ਜੰਡਿਆਲਾ ਜੋ ਕਿ ਗੁਰੂ ਅਮਰਦਾਸ ਜੀ ਦੇ ਮੰਜੀਦਾਰ ਹਿੰਦਾਲ ਦਾ ਉਤਰਾਧਿਕਾਰੀ ਸੀ ਅਤੇ ਸਿੱਖ ਕੌਮ ਦਾ ਵਿਰੋਧੀ ਸੀ, ਨੂੰ ਸਿੰਘਾਂ ਦੇ ਇਸ ਗੁਰਮਤੇ ਬਾਰੇ ਪਤਾ ਲੱਗਾ ਤਾਂ ਉਹ ਉਥੋਂ ਭੱਜ ਗਿਆ ਅਤੇ ਅਬਦਾਲੀ ਨੂੰ ਕਾਬਲ ਵਿਖੇ ਖਬਰ ਭਿਜਵਾ ਦਿੱਤੀ। ਸਿੰਘਾਂ ਨੂੰ ਭਾਵੇਂ ਇਸ ਹਮਲੇ ਦੌਰਾਨ ਆਕਿਲ ਦਾਸ ਨਾ ਮਿਲਿਆ, ਪਰ ਉਹ ਲਾਹੌਰ ਦੇ ਗਵਰਨਰ ਉਮੇਦ ਖਾਨ ਤੋਂ ਨਜ਼ਰਾਨਾ ਲੈ ਕੇ ਅੰਮ੍ਰਿਤਸਰ ਵਾਪਸ ਆ ਗਏ ਅਤੇ ਇਸ ਜਿੱਤ ਦੀ ਖੁਸ਼ੀ ਵਿਚ ਉਨ੍ਹਾਂ ਨੇ ਅਕਾਲ ਤਖਤ ਸਾਹਿਬ 'ਤੇ ਗੁਰਮਤਾ ਕਰਕੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦਾ ਖਿਤਾਬ ਦਿੱਤਾ। ਆਕਿਲ ਦਾਸ ਦੇ ਸੱਦੇ 'ਤੇ ਅਹਿਮਦ ਸ਼ਾਹ ਅਬਦਾਲੀ ਨੇ ਛੇਵੀਂ ਵਾਰ ਸੰਨ 1762 ਈ. ਵਿਚ ਭਾਰਤ 'ਤੇ ਹਮਲਾ ਕੀਤਾ ਅਤੇ ਉਸ ਨੇ ਕੁੱਪ ਰਹੀੜੇ ਦੇ ਸਥਾਨ 'ਤੇ ਸਿੱਖਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਕੀਤਾ। ਤਕਰੀਬਨ ਤੀਹ ਹਜ਼ਾਰ ਸਿੰਘ, ਉਨ੍ਹਾਂ ਦੇ ਬਾਲ-ਬੱਚੇ ਅਤੇ ਔਰਤਾਂ ਮਾਰੀਆਂ ਗਈਆਂ। ਏਨੇ ਵੱਡੀ ਪੱਧਰ 'ਤੇ ਹੋਏ ਕਤਲੇਆਮ ਕਰਕੇ ਹੀ ਇਸ ਘਟਨਾ ਨੂੰ ਸਿੱਖ ਕੌਮ ਦਾ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਇਸ ਤੋਂ ਬਾਅਦ ਅਬਦਾਲੀ ਨੇ ਅੰਮ੍ਰਿਤਸਰ ਪਹੁੰਚ ਕੇ ਦਰਬਾਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰ ਦਿੱਤਾ। ਇਸ ਘੱਲੂਘਾਰੇ ਕਾਰਨ ਸਿੰਘਾਂ ਦੇ ਦਿਲਾਂ ਵਿਚ ਰੋਹ ਪੈਦਾ ਹੋ ਗਿਆ। ਉਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਮੋੜਵਾਂ ਉੱਤਰ ਦੇਣ ਲਈ ਦਿਵਾਲੀ ਵਾਲੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਰਬੱਤ ਖਾਲਸਾ ਬੁਲਾਇਆ।

ਜਦੋਂ ਇਸ ਇਕੱਠ ਦਾ ਅਬਦਾਲੀ ਨੂੰ ਲਾਹੌਰ ਵਿਖੇ ਪਤਾ ਲੱਗਾ ਤਾਂ ਉਹ ਬਹੁਤ ਹੈਰਾਨ ਹੋਇਆ। ਉਹ ਤਾਂ ਇਹ ਸਮਝਦਾ ਸੀ ਕਿ ਕੁਪ ਰਹੀੜੇ ਦੇ ਕਤਲੇਆਮ ਕਾਰਨ ਸਿੰਘ ਉੱਠ ਨਹੀਂ ਸਕਣਗੇ। ਪਰ ਸਿੰਘਾਂ ਨੇ ਏਨੇ ਵੱਡੇ ਇਕੱਠ ਨੂੰ ਦੇਖ ਕੇ ਉਹ ਕਾਫੀ ਸਹਿਮ ਗਿਆ ਅਤੇ ਉਸ ਨੇ ਦਲ ਖਾਲਸੇ ਨਾਲ ਸਮਝੌਤਾ ਕਰਨ ਲਈ ਆਪਣੇ ਪ੍ਰਤੀਨਿਧ ਭੇਜੇ ਅਤੇ ਸਿੰਘਾਂ ਨੇ ਅਬਦਾਲੀ ਦੇ ਇਸ ਸੱਦੇ ਨੂੰ ਠੁਕਰਾ ਦਿੱਤਾ। ਨਤੀਜੇ ਵਜੋਂ ਅਬਦਾਲੀ ਨੂੰ ਆਪਣੀ ਤਾਕਤ ਸਥਾਪਤ ਕਰਨ ਲਈ ਸਿੰਘਾਂ ਨਾਲ ਮਜਬੂਰੀ ਵਿਚ ਯੁੱਧ ਕਰਨਾ ਪਿਆ। ਸਿੰਘਾਂ ਨੇ ਹਮਲੇ ਕਰਨ ਵਿਚ ਪਹਿਲ ਕੀਤੀ ਅਤੇ ਅਬਦਾਲੀ ਨੂੰ ਕਰਾਰੇ ਹੱਥ ਦਿਖਾਏ। ਰਾਤ ਦੇ ਹਨੇਰੇ ਦਾ ਫਾਇਦਾ ਉਠਾ ਕੇ ਏਸ਼ੀਆ ਦਾ ਜੇਤੂ ਜਰਨੈਲ ਅਹਿਮਦ ਸ਼ਾਹ ਅਬਦਾਲੀ ਲਾਹੌਰ ਭੱਜ ਗਿਆ।

ਸੰਨ 1765 ਈ. ਦੀ ਦਿਵਾਲੀ ਨੂੰ ਜਦੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਰਬੱਤ ਖਾਲਸਾ ਬੁਲਾਇਆ ਗਿਆ ਤਾਂ ਉਸ ਵਿਚ ਮਤਾ ਪਾਸ ਕਰਕੇ ਦਿੱਲੀ ਉੱਪਰ ਹਮਲਾ ਕਰਕੇ ਉਥੋਂ ਦੇ ਹਾਕਮ ਨਜੀਬ-ਉਲ-ਦੌਲਾ ਤੋਂ ਨਜ਼ਰਾਨਾ ਲਿਆ ਗਿਆ। ਜਦੋਂ ਤੱਕ ਬਾਬਾ ਸਾਹਿਬ ਸਿੰਘ ਜੀ ਬੇਦੀ (ਸੰਨ 1795-1801 ਈ.) ਤੱਕ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹੇ ਤਾਂ ਦਿਵਾਲੀ ਵਾਲੇ ਦਿਨ ਸਰਬੱਤ ਖਾਲਸਾ ਦੀ ਪਰੰਪਰਾ ਬਰਕਰਾਰ ਰਹੀ, ਜਿਸ ਵਿਚ ਸਿੱਖ ਜਰਨੈਲ ਹੁੰਮ-ਹੁੰਮਾ ਕੇ ਪੁੱਜਦੇ ਰਹੇ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਜਦੋਂ ਬਾਬਾ ਸਾਹਿਬ ਸਿੰਘ ਬੇਦੀ ਨੇ ਅਕਾਲੀ ਫੂਲਾ ਸਿੰਘ ਨੂੰ ਅਕਾਲ ਤਖਤ ਸਾਹਿਬ ਦੀ ਸੇਵਾਦਾਰੀ ਸੌਂਪੀ ਤਾਂ ਸਰਬੱਤ ਖਾਲਸਾ ਦੀ ਪਰੰਪਰਾ ਖਤਮ ਕਰ ਦਿੱਤੀ ਗਈ, ਕਿਉਂਕਿ ਉਸ ਸਮੇਂ ਖਾਲਸਾ ਰਾਜ ਕਾਇਮ ਹੋ ਚੁੱਕਿਆ ਸੀ ਅਤੇ ਸਿੱਖ ਸੰਗਠਿਤ ਹੋ ਚੁੱਕੇ ਸਨ ਪਰ ਇਸ ਦੇ ਬਾਵਜੂਦ ਦਿਵਾਲੀ ਦੌਰਾਨ ਸ੍ਰੀ ਦਰਬਾਰ ਸਾਹਿਬ ਵਿਚ ਇਕੱਠੇ ਹੋਣ ਅਤੇ ਸੰਗਤ ਦਰਸ਼ਨ ਦੀ ਪਰੰਪਰਾ ਬਰਕਰਾਰ ਰਹੀ। ਖਾਲਸਾ ਰਾਜ ਸਮੇਂ ਅੰਮ੍ਰਿਤਸਰ ਵਿਖੇ ਦਿਵਾਲੀ ਵਾਲੇ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਮਾਲ ਮੰਡੀ ਦਾ ਪ੍ਰਬੰਧ ਕਰਵਾਇਆ, ਜਿਸ ਦੀ ਰੀਤ ਹੁਣ ਤੱਕ ਚੱਲੀ ਆ ਰਹੀ ਹੈ। ਇਹ ਮੇਲਾ ਹੁਣ ਵੀ ਵੇਖਣਯੋਗ ਹੈ। ਅੰਗਰੇਜ਼ਾਂ ਸਮੇਂ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਮਹੰਤਾਂ ਦੇ ਹੱਥ ਰਿਹਾ, ਜਿਸ ਕਰਕੇ ਸਿੱਖਾਂ ਵਿਚ ਅੰਮ੍ਰਿਤਸਰ ਵਿਖੇ ਦਿਵਾਲੀ ਮਨਾਉਣ ਦਾ ਉਤਸ਼ਾਹ ਖਤਮ ਹੋ ਗਿਆ ਪਰ ਜੈਤੋ ਅਤੇ ਚਾਬੀਆਂ ਦੇ ਮੋਰਚਾ ਜਿੱਤਣ ਉਪਰੰਤ ਬਾਬਾ ਖੜਕ ਸਿੰਘ ਦੀ ਅਗਵਾਈ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਿਵਾਲੀ ਵਾਲੇ ਦਿਨ ਦੁਬਾਰਾ ਸਿੰਘ ਇਕੱਠੇ ਹੋਣੇ ਸ਼ੁਰੂ ਹੋ ਗਏ। ਇਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋ ਚੁੱਕੀ ਸੀ ਅਤੇ ਗੁਰਦੁਆਰਾ ਪ੍ਰਬੰਧ ਸਿੱਖਾਂ ਦੇ ਹੱਥ ਵਿਚ ਸੀ। ਇਸ ਸਮੇਂ ਤੋਂ ਲੈ ਕੇ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਅਤੇ ਕੰਪਲੈਕਸ ਵਿਚ ਦਿਵਾਲੀ ਮਨਾਉਣ ਦਾ ਪ੍ਰਬੰਧ ਅਤੇ ਸੰਗਤਾਂ ਦਾ ਇਕੱਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਕਰਦੀ ਹੈ।

**ਗੁਰੂ ਹਰਗੋਬਿੰਦ ਸਾਹਿਬ ਜਦੋਂ ਦਿਵਾਲੀ ਵਾਲੇ ਦਿਨ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤਾਂ ਸਿੱਖਾਂ ਨੇ ਦੀਪਮਾਲਾ ਕਰਕੇ, ਆਤਿਸ਼ਬਾਜ਼ੀ ਚਲਾ ਕੇ ਅਤੇ ਮਠਿਆਈ ਵੰਡ ਕੇ ਖੁਸ਼ੀਆਂ ਦਾ ਪ੍ਰਗਟਾਵਾ ਕੀਤਾ। ਇਸੇ ਇਤਿਹਾਸਕ ਯਾਦ ਨੂੰ ਮੁੱਖ ਰੱਖ ਕੇ ਸਿੱਖ ਹਰ ਸਾਲ ਦਿਵਾਲੀ ਮਨਾਉਂਦੇ ਹਨ।**


Happy Diwali
Valley Real Estate Center
ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।
ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।
Better Deal will be given from New Builders to Book New home in Mountain House, Tracy, Manteca and lathrop
For agriculture and almond Farm,office building,Farm House and for Truck Yard in Tracy, Manteca, Lathrop and Stockton
ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
Ranjit S Mangat
Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700
gbsingh84@gmail.com
Ranjit S Mangat
(Lic: 01922089)

# GURDWARA SAHIB ALHAMBRA

## 101 SOUTH CHAPEL AVE. ALHAMBRA CA 91801

## ਮਹਾਨ ਬੰਦੀ ਛੋੜ (ਦਿਵਾਲੀ) ਸਮਾਗਮ

## 7 ਨਵੰਬਰ, 2018 ਦਿਨ ਬੁੱਧਵਾਰ

ਗੁਰਦੁਆਰਾ ਅਲਹੰਬਰਾ ਵਿਖੇ ਮਹਾਨ ਬੰਦੀ ਛੋੜ (ਦਿਵਾਲੀ) ਸਮਾਗਮ 7 ਨਵੰਬਰ, 2018 ਬੁੱਧਵਾਰ ਸ਼ਾਮੀਂ 6:00 ਤੋਂ 9:00 ਵਜੇ ਤੱਕ ਅਖੰਡ ਗੁਰਬਾਣੀ ਕੀਰਤਨ ਪਰਵਾਹ ਚੱਲਦਾ ਰਹੇਗਾ।

1. ਜਿਸ ਵਿਚ ਸੰਗਤਾਂ ਦੀ ਸੇਵਾ ਹਿੱਤ 15 ਸਟਾਲ ਵੱਖਰੇ-ਵੱਖਰੇ ਪਕਵਾਨਾਂ ਦੇ ਅਤੇ ਇਕ ਸਟਾਲ ਬੱਚਿਆਂ ਦੇ ਖਿਡਾਉਣਿਆਂ ਦਾ ਲੱਗ ਰਿਹਾ ਹੈ।

**ਲੰਗਰ ਸੇਵਾ**

2. ਸਵ. ਸ: ਸੇਵਾ ਸਿੰਘ ਜੀ ਦੇ ਸਪੁੱਤਰ ਸ: ਸੁਰਿੰਦਰ ਸਿੰਘ ਜੀ, ਬੀਬੀ ਪਰਮਜੀਤ ਕੌਰ ਜੀ ਅਤੇ ਸਮੂਹ ਪਰਿਵਾਰ ਵਲੋਂ

*ਸਰਬੱਤ ਗੁਰੂ ਪਿਆਰ ਵਾਲੀਆਂ ਸੰਗਤਾਂ ਨੂੰ ਪਹੁੰਚਣ ਲਈ ਹਾਰਦਿਕ ਸੱਦਾ ਭੇਜ ਰਹੇ ਹਾਂ ਜੀ। ਆਪ ਜੀ ਨੇ ਪਹੁੰਚ ਕੇ ਆਪਣਾ ਪਿਆਰ ਬਖਸ਼ਣਾ।*

**ਵਿਸ਼ੇਸ਼ ਧਿਆਨਯੋਗ :**

ਗੁਰਦੁਆਰਾ ਅਲਹੰਬਰਾ ਵਿਖੇ ਹਰ ਐਤਵਾਰ ਪੰਜਾਬੀ ਗੁਰਮਤਿ ਸਕੂਲ ਵਿਚ ਪੰਜਾਬੀ ਕਲਾਸਾਂ, ਸਿੱਖ ਮਾਰਸ਼ਲ ਆਰਟ (ਗੱਤਕੇ) ਦੀਆਂ ਕਲਾਸਾਂ ਅਤੇ ਹਰ ਸ਼ਨੀਵਾਰ 11:00 ਤੋਂ 01:00 ਵਜੇ ਤੱਕ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਆਰੰਭ ਹਨ।

**ਬੇਨਤੀ ਕਰਤਾ : ਗੁਰੂ-ਘਰ ਦੇ ਸਮੂਹ ਸੇਵਾਦਾਰ ਅਤੇ ਸਾਧ ਸੰਗਤ।**

ਹੋਰ ਜਾਣਕਾਰੀ ਲਈ ਫੋਨ :- ਭਾਈ ਰਘਬੀਰ ਸਿੰਘ ਜੀ 626-833-8240, ਭਾਈ ਸੁਖਦੇਵ ਸਿੰਘ ਜੀ 818-462-3301

ਦੇਸ਼ ਵਿਦੇਸ਼ ਵਿਚ ਵਸਦੇ ਸਮੂਹ ਭਾਈਚਾਰੇ ਨੂੰ

## ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ

## ਲੱਖ ਲੱਖ ਵਧਾਈਆਂ

# IMPERIAL

Truck & Trailer Repair and Tire Services

**ONE STOP CENTER FOR TRUCKERS**

• ਟਰਾਂਸਮਿਸ਼ਨ • ਰੀਅਰ ਐਂਡ • ਕਲੱਚ • ਬਰੇਕਸ ਤੇ ਸਸਪੈਂਸ਼ਨ
• ਆਇਲ ਚੇਂਜ • ਆਲਟਰਨੇਟਰ ਤੇ ਸਟਾਟਰ

We Guarantee the lowest, prices and the highest quality on the market



Ph.: 510.770.0515 • Fax: 510.781.0100

3138 Depot Road • Hayward, CA 94545

ਸਾਬਾ ਕਾਹਲੋਂ 510.938.7479

ਦਵਿੰਦਰ ਗਿੱਲ 510.825.7820

ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥

# HOLLYWOOD SIKH TEMPLE

(GURDWARA VERMONT - 323-665-7707)

## CELEBRATING 549TH PARKASH UTSAV OF

# SRI GURU NANAK DEV JI

**Sunday Dec. 2, 2018**
**7am To 5pm**

**Friendship Auditorium,**
3201 Riverside Dr.
Los Angeles, CA 90027



7am - 9am: ASA-DI-VAAR, 9am - 11am: Kirtan by Children Jathas
11am - 5pm: Kirtan by renowned Ragi Jathas & Ragis from all over S. California



Bhai Harjinder Singh ji



Sant Anoop Singh Ji



Bhai Ajit Singh Ji

**BREAKFAST SEWA BY: BHAI KANHAIYA DAL**

**FOR PUNJABI BAZAR, CONTACT:**
*(Vendors, Please Bring Your Own Canopies.*
*Tables Will Be Provided By Us.*
S. Bhupinder Singh Dhillon ...323-514-6347
S. Baljinder Singh Multani .....213-249-8099
S. Gurdev Singh........................323-304-4871

**RAGI JATHAS PLEASE CONTACT:**
S. Santokh Singh.............310 569 9506
S. Baldev Singh Johal.....661 965 5937

**VALET PARKING & SHUTTLE AVAILABLE**

**MANAGEMENT COMMITTEE:**

Dr. Amarjit Singh Marwah (Chairman) • S. Baldev Singh Johal (President) • S. Bhupinder Singh Dhillon (V.P.) • S. Santokh Singh (Gen. Secy.) S. Ronak Singh (Add. Secy.) • S. Nirmal Sehmbey (Membership Chairman) • S. Baljinder Singh Multani (V.P. Finance) • S. Gurdev Singh (Treasurer), S. Gulbagh Singh (Add. Treasurer) • S. Amarjit Singh (Langar Inc.) • S. Sarbjit Padda (Maintenance) • Manjinder Singh Sagoo (Video)

For all other information, please call: S. Baldev Singh Johal (661) 965-5937 • S. Bhupinder Singh Dhillon (323) 514-6347 • S. Santokh Singh (310) 569-9506
Visit our website: www.HollywoodSikhTemple.org • E-mail: info@HollywoodSikhTemple.org , 323-665-7707

47833

ੴ ੴ

# BANDI CHHOD DIWAS AND DIWALI CELEBRATIONS



## On 7 NOVEMBER 2018
## At
## SIKH GURDWARA OF LOS ANGELES
## 7640 LANKERSHIM BLVD, NORTH HOLLYWOOD

**Schedule Of Katha Kirtan will be follow as**

- **Rehras Sahib ji** 6.30 pm - 7.00 pm
- **Bhai surijit Singh ji** 7.00 pm - 8.00 pm
  **Bhai Jatinder Singh ji jot** 8.00 pm - 9.15 pm
- **Bhai Ravinderjit singh ji Rasia** 9.15 pm - 10.00 pm

**{SPACIAL LANGER STAL CHOLE BHATURE AND JALEBI ,GOL GAPE ,CHAT PAPRI }**

Guru Ka langar Seva By Ravi Grewal And Family

**You are requested to join the congregation with your family and friends and recieve the blessings of Guru Sahib ji**

FOR MORE INFORMATION :-

Mukhtiar s Kamboj 626-893-5959 kuldip S Brar 818-645-3098 Harmander Grewal (818)606-7894

Manjit S Pandher 818-398-9262 Harjit S Saini 323-321-1679 Gurudwara Sahib 818-765-9399

Karamjit S Rathor 818-625-6370 Ravi Grewal 818-748-1348



PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores


jus TV
wishes you
HAPPY
Diwali
Festival of lights
jus ONE HD
jus PUNJABI HD
jus HINDI HD
Watch JUS channels worldwide on
dish
sling TELEVISION
Jio
sky
VISION asia
Time Warner Cable
Spectrum
YUPPTV
verizon FiOS
Frontier COMMUNICATIONS
CABLEVISION
For Advertisements Inquiries CALL: +1-718-752-9293
www.jusbroadcasting.com

# ਹਕੂਮਤੀ ਛਲਾਵਿਆਂ ਨੇ ਭਵਿੱਖ ਸਿਰਜਕ ਸੜਕਾਂ ਤੇ ਰੋਲ਼ੇ

## ✪ ਸਾਂਝੇ ਅਧਿਆਪਕ ਮੋਰਚੇ ਨੇ ਪਰਵਾਸੀ ਪੰਜਾਬੀਆਂ ਨੂੰ ਮਦਦ ਲਈ ਲਾਈ ਗੁਹਾਰ ✪ ਸਰਕਾਰ ਲਿਫਣ ਦੇ ਰੌਂਅ ਚ, ਪਰ ਅੜੀਆਂ ਕਾਇਮ ✪ ਅਧਿਆਪਕ ਮੋਰਚੇ 'ਤੇ ਦ੍ਰਿੜ੍ਹ

ਪਟਿਆਲਾ/ਅਮਨਦੀਪ ਹਾਂਸ :

ਹਕੂਮਤੀ ਲਾਰਿਆਂ ਨਾਲ ਟੱਕਰ ਲੈਣ ਲਈ ਬੀਤੀ 7 ਅਕਤੂਬਰ ਤੋਂ ਸ਼ਾਹੀ ਸ਼ਹਿਰ ਪਟਿਆਲਾ ਵਿੱਚ ਸਾਂਝਾ ਅਧਿਆਪਕ ਮੋਰਚਾ (26 ਅਧਿਆਪਕ ਜਥੇਬੰਦੀਆਂ ਦੇ ਸਾਂਝੇ ਮੰਚ) ਦੀ ਅਗਵਾਈ ਵਿਚ 8886 ਰਮਸਾ/ਐੱਸਐੱਸਏ ਅਤੇ ਸਰਕਾਰ ਵੱਲੋਂ ਚਲਾਏ ਆਦਰਸ਼ ਸਕੂਲਾਂ ਦੇ ਅਧਿਆਪਕਾਂ ਵੱਲੋਂ ਪੂਰੀਆਂ ਤਨਖਾਹਾਂ ਨਾਲ ਪੱਕਾ ਕਰਨ ਦੀ ਮੰਗ ਨੂੰ ਲੈ ਕੇ ਲੱਗਿਆ ਹੋਇਆ ਹੈ। ਕਿਸਾਨ, ਮਜ਼ਦੂਰ, ਠੇਕੇ ਤੇ ਹੋਰ ਭਰਤੀ ਹੋਏ ਵਿਭਾਗਾਂ ਦੇ ਸਮਰਥਨ ਨਾਲ ਜਾਨ ਹੂਲਵੇਂ ਸੰਘਰਸ਼ ਤੋਂ ਬਾਅਦ ਇਹਨਾਂ ਅਧਿਆਪਕਾਂ ਨੂੰ ਪੱਕਾ ਕਰਨ ਦਾ ਐਲਾਨ ਤਾਂ ਪੰਜਾਬ ਸਰਕਾਰ ਨੇ ਕਰ ਦਿੱਤਾ ਪਰ ਉਨ੍ਹਾਂ ਦੀ ਤਨਖਾਹ ਵਿਚ 65 ਪ੍ਰਤੀਸ਼ਤ ਕਟੌਤੀ ਕਰ ਦਿੱਤੀ। ਅਧਿਆਪਕ ਪੂਰੀ ਤਨਖਾਹ ਲੈਣ ਲਈ ਡਟੇ ਹੋਏ ਹਨ, ਆਮ ਲੋਕ ਵੀ ਸਮਰਥਨ ਵਿਚ ਹਨ, ਸੰਘਰਸ਼ ਕਰ ਰਹੇ ਅਧਿਆਪਕਾਂ ਨੂੰ ਸਜ਼ਾ ਵਜੋਂ ਜਾਂ ਕਹਿ ਲਈਏ ਕਿ ਡਰਾ ਕੇ ਸੰਘਰਸ਼ ਖਤਮ ਕਰਨ ਖਾਤਰ ਸਰਕਾਰ ਨੇ ਦਰਜਨਾਂ ਕੱਚੇ ਪੱਕੇ ਅਧਿਆਪਕਾਂ ਨੂੰ ਸਸਪੈਂਡ ਤੇ ਤਬਾਦਲੇ ਦੀ ਸਜ਼ਾ ਦੇ ਦਿਤੀ, ਪਰ ਇਹਨਾਂ ਦੇ ਹੱਕ ਵਿਚ ਕਈ ਪਿੰਡਾਂ ਵਿਚ ਆਮ ਲੋਕ ਸੜਕ ਉਤੇ ਆ ਗਏ ਹਨ, ਕਈ ਪਿੰਡਾਂ ਦੇ ਲੋਕਾਂ ਨੇ ਤਾਂ ਸਕੂਲ ਨੂੰ ਹੀ ਤਾਲੇ ਜੜ ਦਿੱਤੇ, ਤੇ ਸਰਕਾਰ ਨੂੰ ਸੁਨੇਹਾ ਦਿੱਤਾ ਕਿ ਜੇ ਧੱਕੇ ਨਾਲ ਹੱਕ ਮੰਗ ਰਹੇ ਅਧਿਆਪਕਾਂ ਨੂੰ ਨੌਕਰੀਓਂ ਕੱਢਿਆ ਜਾਵੇਗਾ, ਜਾਂ ਬਦਲੀ ਕੀਤੀ ਜਾਵੇਗੀ, ਤਾਂ ਆਮ ਲੋਕ ਉਹਨਾਂ ਦਾ ਸਾਥ ਦੇਣਗੇ। ਇਸ ਸੰਘਰਸ਼ ਦੀ ਖੂਬਸੂਰਤੀ ਇਹ ਹੈ ਕਿ ਅਧਿਆਪਕ ਲਹਿਰ ਦੇ ਇਸ ਸ਼ਾਨਦਾਰ ਤੇ ਜਾਨਦਾਰ ਵੇਗ ਨੇ ਸੱਤਰਵਿਆਂ ਦਾ ਗੌਰਮਿੰਟ ਟੀਚਰਜ਼ ਯੂਨੀਅਨ ਦਾ ਦੌਰ ਚੇਤੇ ਕਰਾ ਦਿੱਤਾ ਹੈ।



ਸਰਕਾਰ ਦੇ ਰਹੀ ਢੀਠਤਾਈ ਦਾ ਸਬੂਤ : ਅਧਿਆਪਕਾਂ ਦੇ ਹੱਕ ਵਿਚ ਇਕ ਪਾਸੇ ਪੰਜਾਬ ਭਰ ਵਿਚੋਂ ਹੀ ਨਹੀ, ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਵਲੋਂ ਵੀ ਹਾਅ ਦਾ ਨਾਅਰਾ ਮਾਰਿਆ ਜਾ ਰਿਹਾ ਹੈ, ਪਰ ਫੇਰ ਵੀ ਕੈਪਟਨ ਸਰਕਾਰ ਪੂਰੀ ਢੀਠਤਾਈ ਦਾ ਸਬੂਤ ਦੇ ਰਹੀ ਹੈ। ਮੁੱਖ ਮੰਤਰੀ, ਸਿੱਖਿਆ ਮੰਤਰੀ, ਸਿੱਖਿਆ ਸਕੱਤਰ ਵੰਨ-ਸੁਵੰਨੇ ਬਿਆਨ ਦੇ ਕੇ ਲੋਕ ਰੋਹ ਦਾ ਨਿਸ਼ਾਨਾ ਬਣ ਰਹੇ ਹਨ। ਇਹ ਲੋਕ ਲਗਾਤਾਰ ਬਿਆਨ ਦਾਗ ਰਹੇ ਹਨ ਕਿ 94 ਪ੍ਰਤੀਸ਼ਤ ਅਧਿਆਪਕਾਂ ਦੀ ਸਹਿਮਤੀ ਨਾਲ ਹੀ ਤਨਖਾਹਾਂ ਵਿਚ ਕਟੌਤੀ ਵਾਲਾ ਫੈਸਲਾ ਕੀਤਾ ਗਿਆ, ਪਰ 94 ਫੀਸਦੀ ਦੀ ਸਹਿਮਤੀ ਬਾਰੇ ਸਰਕਾਰੀ ਖੇਮਾ ਕੋਈ ਸਬੂਤ ਨਹੀਂ ਦੇ ਸਕਿਆ।

ਸਰਕਾਰ ਸਿੱਖਿਆ ਵਿਭਾਗ ਦਾ ਬੇੜਾ ਗਰਕ ਕਰਨ ਤੁਰੀ : ਪਟਿਆਲੇ ਚ ਲੱਗੇ ਸਾਂਝੇ ਅਧਿਆਪਕ ਮੋਰਚੇ ਚ ਡਟੇ ਆਗੂਆਂ ਨੇ ਗੱਲ ਕਰਦਿਆਂ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਹੈ ਤੇ ਭਾਵੇਂ ਕੇਂਦਰ ਸਰਕਾਰ , ਦੋਵਾਂ ਦੀ ਗੈਰ ਦਿਆਨਤਦਾਰੀ ਹੁਣਹੋਰ ਵੱਧ ਸਪੱਸ਼ਟ ਰੂਪ ਵਿਚ ਸਾਹਮਣੇ ਆ ਚੁੱਕੀ ਹੈ ਕਿ ਇਸ ਨੂੰ ਕਿਸੇ ਅਧਿਆਪਕ ਦੇ ਮਰ ਜਾਣ ਦੀ ਪ੍ਰਵਾਹ ਨਹੀਂ ਹੈ, ਸਗੋਂ ਦੇਸ਼ ਪੱਧਰ 'ਤੇ ਲਾਗੂ ਕੀਤੀ ਜਾ ਰਹੀ ਨਵੀਂ ਸਿੱਖਿਆ ਨੀਤੀ ਪੰਜਾਬ ਸਰਕਾਰ ਦਾ ਵੀ ਮੁੱਖ ਏਜੰਡਾ ਹੈ। 86ਵੀਂ ਸੰਵਿਧਾਨਕ ਸੋਧ (2002) ਰਾਹੀਂ ਨਵਉਦਾਰਵਾਦੀ ਦਖਲਅੰਦਾਜ਼ੀ ਨੂੰ ਸਵੀਕਾਰਦਿਆਂ ਕੇਂਦਰੀ ਹਕੂਮਤ ਨੇ ਸਿੱਖਿਆ ਖੇਤਰ ਵਿਚ ਫੰਡ ਵੰਡ ਘਟਾਈ ਰਾਹੀਂ 'ਸਿੱਖਿਆ ਸਭ ਲਈ ਦੀ ਸੰਵਿਧਾਨਕ ਜ਼ਿੰਮੇਵਾਰੀ ਤਿਆਗ ਦਿੱਤੀ ਹੈ। ਸੰਸਾਰ ਬੈਂਕ ਦੀਆਂ ਢਾਚਾਂਗਤ ਲੋੜਾਂ ਤਹਿਤ ਸਰਵ ਸਿੱਖਿਆ ਅਭਿਆਨ ਵਿਚ ਠੇਕੇ 'ਤੇ ਅਧਿਆਪਕਾਂ ਦੀ ਭਰਤੀ, ਬਹੁ ਗਰੇਡ ਸਿੱਖਿਆ ਪ੍ਰਣਾਲੀ (ਜਿਸ ਤਹਿਤ ਇਕ ਅਧਿਆਪਕ ਕਈ ਜਮਾਤਾਂ ਨੂੰ ਪੜ੍ਹਾਏਗਾ) ਵੱਡੀ ਪੱਧਰ 'ਤੇ ਗੈਰ ਮਿਆਰੀ ਸਕੂਲ ਤੇ ਸਕੂਲਾਂ ਨੂੰ ਗੈਰ ਸਰਕਾਰੀ ਸੰਸਥਾਵਾਂ ਨੂੰ ਸੌਂਪਣ ਰਾਹੀਂ ਸਕੂਲੀ ਸਿੱਖਿਆ ਦਾ ਭੱਠਾ ਬਿਠਾਇਆ ਜਾ ਰਿਹਾ ਹੈ। ਸਿੱਟੇ ਵਜੋਂ ਪ੍ਰਾਈਵੇਟ ਸਕੂਲਾਂ, ਸ਼ੋਸ਼ਣ ਦੇ ਅੱਡਿਆਂ ਦਾ ਜੰਗਲ ਉਸਰ ਰਿਹਾ ਹੈ। ਨਵੀਂ ਸਿੱਖਿਆ ਨੀਤੀ 2016/18 ਨੇ ਦੋ ਸਮਾਨਅੰਤਰ ਸਕੂਲਾਂ ਦਾ ਮੁੱਢਲੀ ਸਿੱਖਿਆ ਵਿਚ ਮਾਡਲ ਉਸਾਰਨਾ ਸ਼ੁਰੂ ਕਰ ਦਿੱਤਾ ਹੈ। ਪਹਿਲਾ-ਮੈਰਿਟ ਵਿਚ ਆਉਂਦੇ ਵਿਦਿਆਰਥੀਆਂ ਲਈ ਤਾਂ ਕਿ ਉਹ ਉੱਚ ਸਿੱਖਿਆ ਵਿਚ ਦਾਖਲਾ ਲੈ ਸਕਣ ਤੇ ਦੂਜਾ- ਕਮਜ਼ੋਰ ਵਿਦਿਆਰਥੀਆਂ ਲਈ ਤਾਂ ਕਿ ਉਹ ਹੁਨਰਮੰਦ ਸਿੱਖਿਆ ਹਾਸਲ ਕਰਕੇ ਸੰਸਾਰ ਪੂੰਜੀ ਦੇ ਪੁਰਜ਼ੇ ਬਣ ਸਕਣ। ਸਿੱਖਿਆ ਅਧਿਕਾਰ ਕਾਨੂੰਨ 2009 ਰਾਹੀਂ 25 ਪ੍ਰਤੀਸ਼ਤ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਦਾਖਲੇ ਦਾ ਛੁਣਛੁਣਾ ਦੇ ਕੇ 2016 ਤੱਕ ਡੇਢ ਲੱਖ ਸਕੂਲਾਂ ਨੂੰ ਜਾਂ ਤਾਂ ਮਰਜ ਕਰ ਦਿੱਤਾ, ਜਾਂ ਬੰਦ ਕੀਤਾ ਜਾ ਰਿਹਾ ਹੈ ਅਤੇ ਮਾਪਿਆਂ ਨੂੰ ਹੇਠਲੇ ਪੱਧਰ ਦੇ ਪ੍ਰਾਈਵੇਟ ਸਕੂਲਾਂ 'ਚ ਬੱਚਿਆਂ ਨੂੰ ਦਾਖਲ ਕਰਾਉਣ ਵੱਲ ਧੱਕ ਦਿੱਤਾ ਗਿਆ ਹੈ। ਹੁਣ ਹਾਲਤ ਇਹ ਹੈ ਕਿ ਹੇਠਲੇ ਗਰੀਬ ਤਬਕੇ ਦੇ ਸਿਰਫ 10 ਪ੍ਰਤੀਸ਼ਤ ਬੱਚੇ ਹੀ ਉੱਚ ਸਿੱਖਿਆ ਲਈ ਬਾਹਰਵੀਂ ਜਮਾਤ ਤੋਂ ਬਾਅਦ ਅੱਗੇ ਲੰਘ ਰਹੇ ਹਨ। 6 ਪ੍ਰਤੀਸ਼ਤ ਪਛੜੇ ਕਬੀਲਿਆਂ, 8 ਪ੍ਰਤੀਸ਼ਤ ਅਨੁਸੂਚਿਤ ਜਾਤਾਂ, 9 ਪ੍ਰਤੀਸ਼ਤ ਮੁਸਲਿਮ ਤੇ 10 ਪ੍ਰਤੀਸ਼ਤ ਦੂਜੀਆਂ ਪਛੜੀਆਂ ਸ਼੍ਰੇਣੀਆਂ ਦੇ ਬੱਚੇ ਹੀ ਉੱਚ ਸਿੱਖਿਆ ਲਈ ਦਾਖਲਾ ਲੈ ਪਾਉਂਦੇ ਹਨ। ਇਹੀ ਹਿੰਦਸੇ ਅਗਲੀ ਮਿਲਣ ਵਾਲੀ ਰਿਜਰੇਵਸ਼ਨ 'ਤੇ ਲਾਗੂ ਹੁੰਦੇ ਹਨ। 'ਵਿਚਾਰਾ ਰਾਖਵਾਕਰਨ' ਉਂਝ ਹੀ ਜਨਰਲ ਕੈਟਾਗਿਰੀਆਂ ਦਾ ਨਿਸ਼ਾਨਾ ਬਣਿਆ ਹੋਇਆ ਹੈ। ਲੜਕੀਆਂ ਤੇ ਅਪੰਗਾਂ ਦੇ ਮਾਮਲੇ 'ਚ ਇਹ ਅੰਕੜਾ ਹੋਰ ਵੀ ਨੀਵਾਂ ਹੈ।

ਮੌਜੂਦਾ ਦੌਰ ਵਿਚ ਸਮੁੱਚੇ ਮੁਲਕ ਅੰਦਰ ਜੋ ਹਾਲਾਤ ਬਣ ਰਹੇ ਹਨ, ਉਨ੍ਹਾਂ ਵਿਚ ਦੇਸ਼ ਦੀ ਜਵਾਨੀ ਥੋਕ ਪੱਧਰ 'ਤੇ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੀ ਹੈ। ਕਾਲਜਾਂ, ਯੂਨੀਵਰਸਿਟੀਆਂ, ਇੱਥੋਂ ਤੱਕ ਕਿ ਕਿੱਤਾ ਕਾਲਜਾਂ ਵਿਚ ਦਾਖਲੇ ਘਟ ਰਹੇ ਹਨ। ਮੈਡੀਕਲ ਕਾਲਜਾਂ ਵਿਚ ਸੀਟਾਂ ਖਾਲੀ ਰਹਿ ਰਹੀਆਂ ਹਨ। ਹੁਣ ਤਾਂ ਬਾਰਵੀ ਤੋਂ ਬਾਅਦ 16-17 ਦੀ ਉਮਰ ਵਿਚ ਜਵਾਨੀ ਪਰਵਾਸ ਕਰ ਰਹੀ ਹੈ। ਪੂਰਾ ਮੁਲਕ ਨਵੀਆਂ ਆਰਥਿਕ ਨੀਤੀਆਂ ਤਹਿਤ ਠੇਕਾ ਸਿਸਟਮ ਦੇ ਹਵਾਲੇ ਕੀਤਾ ਜਾ ਰਿਹਾ ਹੈ। ਸਿੱਖਿਆ ਖੇਤਰ ਵਿਚ ਵੱਖ ਵੱਖ ਸੁਸਾਇਟੀਆਂ ਬਣਾ ਕੇ ਅਧਿਆਪਕਾਂ ਦੀ ਉਜਰਤ 'ਤੇ ਡਾਕਾ ਮਾਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੀ ਪਿਛਲੀ ਬਾਦਲ ਸਰਕਾਰ ਨੇ ਤਾਂ ਪੱਕੀ ਭਰਤੀ 'ਤੇ ਪੂਰੇ ਸਕੇਲ ਦੀ ਥਾਂ ਜਦੋਂ ਕਾਨੂੰਨ ਹੀ ਇਹ ਬਣਾ ਦਿੱਤਾ ਕਿ ਭਰਤੀ 10300 ਰੁਪਏ 'ਤੇ ਉੱਕਾ ਪੁੱਕਾ ਤੇ ਤਿੰਨ ਸਾਲ ਲਈ ਤੇ ਉਸ ਤੋਂ ਬਾਅਦ ਸਮਾਂ ਆਉਣ ਤੇ ਫਿਰ ਦੇਖਾਂਗੇ। 8886 ਰਮਸਾ/ਐੱਸਐੱਸਏ ਅਧਿਆਪਕਾਂ ਨੂੰ ਸਕੂਲਾਂ ਵਿਚ 8-8/10-10 ਸਾਲ ਕੰਮ ਕਰਨ ਉਪਰੰਤ ਹੁਣ ਜਦੋਂ ਸੰਘਰਸ਼ ਕਰਕੇ ਹਾਸਲ ਕੀਤਾ 42300 ਰੁਪਏ ਪੂਰੀ ਤਨਖਾਹ ਦਾ ਸਕੇਲ ਤਾਂ ਪੱਕੇ ਕਰਨ ਦੀ ਆੜ ਵਿਚ ਕੈਪਟਨ ਸਰਕਾਰ ਨੇ 15300 ਰੁਪਏ ਕਰ ਦਿੱਤਾ ਤਾਂ ਸਪੱਸ਼ਟ ਹੈ ਕਿ ਗੁੱਸੇ ਦੇ ਲਾਂਬੂ ਉੱਠਣੇ ਹੀ ਸਨ। ਆਪਣੇ ਆਪ ਨੂੰ ਵੈੱਲਫੇਅਰ ਸਟੇਟ ਅਤੇ ਨਮੂਨੇ ਦਾ ਨੌਕਰੀਦਾਤਾ ਅਖਵਾਉਂਦੀ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਆਖ਼ਿਰ ਮਰਨ ਵਰਤ ਵਰਗਾ ਸਿਰੇ ਦਾ ਰੋਸ ਐਕਸ਼ਨ ਕਰਨ ਲਈ ਕਿਉਂ ਮਜਬੂਰ ਹੋਣਾ ਪਿਆ ? ਇਸ 'ਆਦਰਸ਼ ਨੌਕਰੀਦਾਤਾ' ਸਰਕਾਰ ਨੇ ਸਭ ਤੋਂ ਵੱਧ ਜੱਗੋਂ ਤੇਰ੍ਹਵੀਂ ਰਮਸਾ ਤੇ ਸਰਵ ਸਿੱਖਿਆ ਅਧਿਅਨ ਸਕੀਮਾਂ ਅਧੀਨ ਪਿਛਲੇ 10-10 ਸਾਲਾਂ ਤੋਂ ਕੰਮ ਕਰ ਰਹੇ ਉਨ੍ਹਾਂ ਯੋਗਤਾ ਪ੍ਰਾਪਤ ਅਧਿਆਪਕਾਂ ਨਾਲ ਕੀਤੀ ਹੈ ਜੋ ਮੌਜੂਦਾ ਸਮੇਂ 42800 ਰੁਪਏ ਤੱਕ ਮਾਸਕ ਤਨਖਾਹ ਲੈ ਰਹੇ ਹਨ, ਪਰ ਰੈਗੂਲਰ ਹੋਣ ਲਈ ਪਹਿਲੇ ਤਿੰਨ ਸਾਲ ਦੇ ਪਰਖ ਕਾਲ ਦੇ ਸਮੇਂ ਦੌਰਾਨ ਉਹਨਾਂ ਨੂੰ ਸਿਰਫ ਮੁੱਢਲਾ ਪੇ-ਬੈਂਡ 10300 ਰੁਪਏ ਹੀ ਮਿਲੇਗਾ। ਨਾ ਗਰੇਡ ਪੇਅ, ਨਾ ਉਸ ਉਪਰ ਮਿਲਣ ਵਾਲਾ ਮਹਿੰਗਾਈ ਭੱਤਾ, ਨਾ ਮੋਬਾਇਲ ਭੱਤਾ, ਨਾ ਮੈਡੀਕਲ ਭੱਤਾ, ਨਾ ਮਕਾਨ ਕਿਰਾਇਆ ਭੱਤਾ ਅਤੇ ਨਾ ਹੀ ਅੰਤਿਮ ਰਿਲੀਫ ਵਗੈਰਾ। ਅਧਿਆਪਕਾਂ ਦਾ ਰੋਹ ਦੇਖਦਿਆਂ ਸਿਖਿਆ ਮੰਤਰੀ ਜਿਸ ਬਾਰੇ ਸੁਣਿਆ ਹੈ ਕਿ ਉਹ ਸਿਰਫ ਬਾਰਵੀਂ ਪਾਸ ਹੈ, ਨੇ 'ਫਰਾਖਦਿਲੀ' ਦਿਖਾਉਂਦਿਆਂ ਅਧਿਆਪਕਾਂ ਵਿਚਲੀ ਕਮਜ਼ੋਰ ਕੜੀ ਨੂੰ ਲੌਲੀਪੌਪ ਦਿਖਾਉਂਦਿਆਂ 10300 ਰੁਪਏ ਵਿਚ ਵਾਧਾ ਕਰਕੇ ਇਸ ਨੂੰ 15000 ਰੁਪਏ ਕਰਨ ਦਾ 'ਮਾਅਰਕਾ' ਮਾਰਿਆ ਹੈ ਪਰ ਅਧਿਆਪਕਾਂ ਨੇ ਇਸ ਨੂੰ ਮਨਜ਼ੂਰ ਨਹੀਂ ਕੀਤਾ। ਸਿਖਿਆ ਸਕੱਤਰ ਕ੍ਰਿਸ਼ਨ ਕੁਮਾਰ ਤਾਂ ਸਰੇਆਮ ਧਮਕੀਆਂ ਦੇ ਰਿਹਾ ਹੈ, ਤੇ ਧਮਕੀਆਂ ਉਤੇ ਅਮਲ ਵੀ ਕਰ ਰਿਹਾ ਹੈ, ਹਰ ਰੋਜ਼ ਸੰਘਰਸ਼ ਵਿਚ ਸ਼ਾਮਲ ਅਧਿਆਪਕਾਂ ਚੋਂ ਚੁਣ ਚੁਣ ਕੇ ਤਬਾਦਲੇ, ਸਸਪੈਂਡ ਕਰਨ ਦੇ ਫੁਰਮਾਨ ਸੁਣਾ ਰਿਹਾ ਹੈ। ਸਾਂਝੇ ਮੋਰਚੇ ਦੀਆਂ ਬਾਕੀ ਮੰਗਾਂ ਵਿਚ ਹੁਣ ਇਹ ਮੰਗ ਵੀ ਸ਼ਾਮਲ ਹੋ ਗਈ ਹੈ ਕਿ ਸਿੱਖਿਆ ਸਕੱਤਰ ਨੂੰ ਬਦਲਿਆ ਜਾਵੇ।

ਸਾਂਝੇ ਮੋਰਚੇ ਨੇ ਪਰਵਾਸੀ ਪੰਜਾਬੀਆਂ ਤੋਂ ਮੰਗੀ ਮਦਦ : ਪਟਿਆਲੇ ਵਿਚ ਹੱਕੀ ਮੰਗਾਂ ਨੂੰ ਲੈ ਕੇ ਲੱਗੇ ਸਾਂਝੇ ਅਧਿਆਪਕ ਮੋਰਚੇ ਵਿਚ ਡਟੇ ਆਗੂ ਦਵਿੰਦਰ ਪੂਨੀਆ ਨੇ ਇਸ ਅਦਾਰੇ ਜ਼ਰੀਏ ਪਰਵਾਸੀ ਪੰਜਾਬੀਆਂ ਤੋਂ ਸਹਿਯੋਗ ਮੰਗਿਆ ਹੈ, ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਜਿਥੇ ਵੀ ਕਿਤੇ ਜਾ ਵਸਣ, ਪਰ ਆਪਣੀ ਜੰਮਣ ਭੋਇੰ ਦੀ ਖੁਸ਼ਹਾਲੀ ਲਈ ਆਪਣੇ ਖੂਨ ਪਸੀਨੇ ਦੀ ਕਮਾਈ ਵਿੱਚੋਂ ਦਸਵੰਧ ਕੱਢਦੇ ਹੀ ਹਨ, ਇਸ ਤੋਂ ਵੀ ਵੱਡੀ ਗੱਲ ਕਿ ਪੰਜਾਬ ਦੇ ਹਰ ਫਿਕਰ ਵਿਚ ਉਹਨਾਂ ਦੀ ਵੀ ਰਾਤਾਂ ਦੀ ਨੀਂਦ ਤੇ ਦਿਨ ਦਾ ਚੈਨ ਗੁਆਚਦਾ ਹੈ। ਉਹਨਾਂ ਕਿਹਾ ਕਿ ਸ਼ਾਹੀ ਸ਼ਹਿਰ ਵਿਚ ਸੜਕ ਤੇ ਦਿਨ ਰਾਤ ਹੱਕ ਲਈ ਡਟੇ ਪੰਜਾਬ ਦੇ ਧੀਆਂ ਪੁੱਤਾਂ ਨੂੰ ਇਸ ਵਕਤ ਪਰਵਾਸੀ ਪੰਜਾਬੀਆਂ ਦੇ ਸਮਰਥਨ ਦੀ ਬਹੁਤ ਲੋੜ ਹੈ, ਇਹ ਸਮਰਥਨ ਇਸ ਰੂਪ ਵਿਚ ਮਿਲੇ ਕਿ, ਪਰਵਾਸੀ ਆਪੋ ਆਪਣੇ ਜੱਦੀ ਹਲਕੇ ਦੇ ਸੱਤਾਧਾਰੀ ਧਿਰ ਨਾਲ ਸੰਬੰਧਿਤ ਆਗੂ ਤੱਕ ਸਾਂਝੇ ਮੋਰਚੇ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰੇ, ਤੇ ਕੈਪਟਨ ਅਮਰਿੰਦਰ ਸਿੰਘ ਨੂੰ ਉਹਨਾਂ ਵਲੋਂ ਵੋਟਾਂ ਵੇਲੇ ਕੀਤੇ ਵਾਅਦੇ ਯਾਦ ਕਰਵਾਏ ਜਾਣ, ਜਿਹੋ ਜਿਹੀ ਪਰਵਾਸੀਆਂ ਨੇ ਮੁਹਿੰਮ ਵਿਧਾਨ ਸਭਾ ਚੋਣਾਂ ਵੇਲੇ ਸਿਰਜੀ ਸੀ, ਉਹੋ ਜਿਹੀ ਸਵਾਲਾਂ ਦਾ ਮੀਂਹ ਵਰਾਉਂਦੀ ਮੁਹਿੰਮ ਇਸ ਮੋਰਚੇ ਦੇ ਹੱਕ ਵਿਚ ਛੇੜਨ। ਪੂਨੀਆ ਨੇ ਕਿਹਾ ਕਿ ਪਰਵਾਸੀ ਪੰਜਾਬੀ ਆਪਣੇ ਸੂਬੇ ਦਾ ਭਵਿੱਖ ਸੰਵਰਿਆ ਦੇਖਣਾ ਲੋਚਦੇ ਹਨ, ਤੇ ਜਾਣਦੇ ਹਨ ਕਿ ਅਧਿਆਪਕ ਭਵਿੱਖ ਸਿਰਜਕ ਹੈ, ਜੇ ਭਵਿੱਖ ਸਿਰਜਕ ਨੂੰ ਹੀ ਹਕੂਮਤਾਂ ਨੇ ਸੜਕਾਂ ਤੇ ਰੋਲੀ ਰੱਖਿਆ ਤਾਂ ਫੇਰ ਪੰਜਾਬ ਦਾ ਭਵਿੱਖ ਕੀ ਹੋਊ, ਇਹ ਕਹਿਣ ਦੱਸਣ ਦੀ ਲੋੜ ਹੀ ਬਚਦੀ।

ਕੈਪਟਨ ਆਪਣੇ ਬਿਆਨ ਭੁੱਲ ਭੁਲਾ ਗਏ :ਇਕ ਜਾਣਕਾਰੀ ਮੁਤਾਬਕ ਜਨਰੇਸ਼ਨ ਵਿਭਾਗ ਪੰਜਾਬ ਵਿਚ ਪਿਛਲੇ ਕਰੀਬ 12 ਸਾਲਾਂ ਵਿਚ 2.56 ਲੱਖ ਬੇਰੋਜ਼ਗਾਰ ਨੌਜਵਾਨ ਅਤੇ ਲੜਕੀਆਂ ਨੂੰ ਰਜਿਸਟਰਡ ਕੀਤਾ ਹੈ। ਇਹਨਾਂ ਦੀ ਨਜ਼ਰ ਹੁਣ ਕੈਪਟਨ ਵੱਲੋਂ ਵਿਧਾਨਸਭਾ ਚੋਣਾਂ ਦੇ ਦੌਰਾਨ 2016 ਵਿੱਚ ਤਲਵੰਡੀ ਵਿਚ ਇੱਕ ਰੈਲੀ ਮੌਕੇ ਕੀਤੇ ਗਏ ਉਸ ਵਾਅਦੇ 'ਤੇ ਟਿਕੀ ਹੋਈ ਹੈ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਪੰਜਾਬ ਦੇ ਬੇਰੁਜ਼ਗਾਰ ਨੌਜਵਾਨ ਤੇ ਕੁੜੀਆਂ ਕੋਈ ਫ਼ਿਕਰ- ਚਿੰਤਾ ਨਾ ਕਰਨ, ਉਨ੍ਹਾਂ ਦੀ ਸਰਕਾਰ ਬਣਦੇ ਹੀ ਨੌਕਰੀ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਸਰਕਾਰ ਦੇਵੇਗੀ ਅਤੇ ਉਨ੍ਹਾਂ ਦੀ ਨੌਕਰੀ ਲੈਣ ਦੀ ਉਮਰ ਵੀ ਗੁਆਂਢੀ ਪ੍ਰਦੇਸ਼ ਹਰਿਆਣਾ ਦੇ ਪੈਟਰਨ 'ਤੇ 42 ਸਾਲ ਤੱਕ ਕਰ ਦੇਵੇਗੀ। ਪਰ ਪਟਿਆਲੇ ਚ ਲੱਗੇ 7 ਅਕਤੂਬਰ ਵਾਲੇ ਮੋਰਚੇ ਤੋਂ ਜਾਪਦਾ ਹੈ ਕਿ ਕੈਪਟਨ ਆਪਣੇ ਹੀ ਬਿਆਨ ਭੁੱਲ ਭੁਲਾਅ ਗਏ ਨੇ, ਜਾਂ ਫੇਰ ਜਾਣਬੁੱਝ ਕੇ ਘੇਸਲ ਵੱਟ ਲਈ ਹੈ।

## ਕ੍ਰਿਸ਼ਨ ਕੁਮਾਰ ਦੀ ਸਖ਼ਤੀ ਕੈਪਟਨ ਸਰਕਾਰ ਦੇ ਗਲੇ ਦੀ ਹੱਡੀ ਬਣੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਸਖਤੀ ਨੇ ਕੈਪਟਨ ਸਰਕਾਰ ਨੂੰ ਕਸੂਤਾ ਫਸਾ ਦਿੱਤਾ ਹੈ। ਅਧਿਆਪਕਾਂ ਦੇ ਸੰਘਰਸ਼ ਨੂੰ ਕੁਚਲਣ ਲਈ ਕ੍ਰਿਸ਼ਨ ਕੁਮਾਰ ਵੱਲੋਂ ਸੈਂਕੜੇ ਅਧਿਆਪਕਾਂ ਦੀਆਂ 200-200 ਕਿਲੋਮੀਟਰ ਦੂਰ ਬਦਲੀਆਂ ਤੇ ਮੁਅੱਤਲੀਆਂ ਕਰਨ ਤੋਂ ਬਾਅਦ ਵਿਦਿਆਰਥੀਆਂ ਦੇ ਮਾਪੇ ਵੀ ਸਰਕਾਰ ਖਿਲਾਫ ਡਟ ਗਏ ਹਨ। ਬਠਿੰਡਾ ਤੇ ਮਾਨਸਾ ਜ਼ਿਲ੍ਹੇ ਦੇ ਦਰਜਨਾਂ ਸਕੂਲਾਂ ਨੂੰ ਪਿੰਡਾਂ ਵਾਲਿਆਂ ਨੇ ਜ਼ਿੰਦਰੇ ਮਾਰ ਦਿੱਤਾ ਹਨ ਜਿਸ ਕਰਕੇ ਸਿੱਖਿਆ ਪ੍ਰਬੰਧ ਲੜਖੜਾ ਗਿਆ ਹੈ। ਦਰਅਸਲ ਕ੍ਰਿਸ਼ਨ ਕੁਮਾਰ ਸਖਤੀ ਨਾਲ ਹੁਕਮ ਮਨਵਾਉਣ ਵਾਲੇ ਅਫਸਰ ਵਜੋਂ ਜਾਣੇ ਜਾਂਦੇ ਹਨ। ਪਿਛਲੀ ਅਕਾਲੀ ਦਲ-ਬੀਜੇਪੀ ਦੀ ਸਰਕਾਰ ਵੇਲੇ ਵੀ ਉਨ੍ਹਾਂ ਦੀ ਸਖਤੀ ਨੇ ਕਈ ਪੁਆੜੇ ਖੜ੍ਹੇ ਕਰ ਦਿੱਤੇ ਸਨ। ਇਸ ਕਰਕੇ ਉਸ ਵੇਲੇ ਦੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਨਾਲ ਉਨ੍ਹਾਂ ਦੀ ਖੜਕ ਗਈ ਸੀ। ਸੇਖਵਾਂ ਦੇ ਵਿਰੋਧ ਕਾਰਨ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕ੍ਰਿਸ਼ਨ ਕੁਮਾਰ ਦੀ ਛੁੱਟੀ ਕਰ ਦਿੱਤੀ ਸੀ। ਹਾਲਾਤ ਫਿਰ ਓਹੀ ਬਣ ਗਏ ਹਨ। ਅਧਿਆਪਕ ਜਥੇਬੰਦੀਆਂ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਤੇ ਸਿੱਖਿਆ ਮੰਤਰੀ ਓਪੀ ਸੋਨੀ ਨੂੰ ਹਟਾਉਣ ਦੀ ਮੰਗ ਕਰ ਰਹੀਆਂ ਹਨ। ਸਾਂਝੇ ਅਧਿਆਪਕ ਮੋਰਚੇ ਦੀ ਭਲਕੇ 5 ਨਵੰਬਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਤੈਅ ਹੋਈ ਬੈਠਕ ਮੁਲਤਵੀ ਹੋ ਗਈ ਹੈ। ਅਜਿਹੇ ਵਿੱਚ ਅਧਿਆਪਕਾਂ ਵਿਚ ਕੈਪਟਨ ਸਰਕਾਰ ਖ਼ਿਲਾਫ਼ ਨਾਰਾਜ਼ਗੀ ਤੇ ਬੇਭਰੋਸਗੀ ਦਾ ਮਾਹੌਲ ਪੈਦਾ ਹੋ ਗਿਆ ਹੈ। ਸਾਂਝਾ ਅਧਿਆਪਕ ਸੰਘਰਸ਼ ਕਮੇਟੀ ਦਾ ਕਹਿਣਾ ਹੈ ਕਿ ਹੁਣ ਆਰਪਾਰ ਦੀ ਲੜਾਈ ਦਾ ਐਲਾਨ ਕੀਤਾ ਜਾਏਗਾ। ਸਾਰੇ ਪ੍ਰੋਜੈਕਟ ਠੱਪ ਕਰ ਦਿੱਤੇ ਜਾਣਗੇ। ਮਾਪਿਆਂ ਨਾਲ ਮਿਲ ਕੇ ਸਕੂਲਾਂ ਨੂੰ ਜ਼ਿੰਦਰੇ ਲਾ ਦਿੱਤੇ ਜਾਣਗੇ। ਉਧਰ, ਅਧਿਆਪਕਾਂ ਨੇ ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਮੰਤਰੀ ਮਨਪ੍ਰੀਤ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ, ਬਲਬੀਰ ਸਿੱਧੂ ਨੂੰ ਮਿਲ ਕੇ ਮੈਮੋਰੰਡਮ ਦਿੱਤੇ ਹਨ।



## ਸਿਮਰਨਜੀਤ ਸਿੰਘ ਮਾਨ ਵੱਲੋਂ ਸੰਗਰੂਰ ਹਲਕੇ ਤੋਂ ਲੋਕ ਸਭਾ ਚੋਣ ਲੜਨ ਦਾ ਐਲਾਨ

**ਸੰਗਰੂਰ/ਬਿਊਰੋ ਨਿਊਜ਼ :** ਸਿੱਖ ਕੌਮ ਦੇ ਹਰਮਨਪਿਆਰੇ ਸਿਆਸਤਦਾਨ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਦੇ ਸੰਗਰੂਰ ਹਲਕੇ ਤੋਂ ਸੰਸਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਸ਼ਹਿਰ ਦੇ ਬੱਗੂਆਣਾ ਇਲਾਕੇ ਵਿਚ ਆਪਣੀ ਰਿਹਾਇਸ਼ ਕਰ ਲਈ ਹੈ। ਹਲਕੇ ਦੇ ਆਗੂਆਂ ਅਤੇ ਪਾਰਟੀ ਦੇ ਅਹੁਦੇਦਾਰਾਂ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਅਤੇ ਸੰਗਰੂਰ ਪਾਰਲੀਮੈਂਟ ਹਲਕੇ ਦੇ ਆਗੂਆਂ ਦਾ ਹੁਕਮ ਮੰਨਦਿਆਂ ਉਨ੍ਹਾਂ ਸੰਗਰੂਰ ਹਲਕੇ ਤੋਂ ਇਕ ਵਾਰ ਫਿਰ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ।



ਇਸ ਮੌਕੇ ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਨੂੰ ਪੂਰੀ ਤਰ੍ਹਾਂ ਹਿੰਦੂਤਵ ਰੰਗ ਵਿਚ ਰੰਗ ਕੇ ਕੇਂਦਰੀ ਹਕੂਮਤ ਅਤੇ ਪੰਜਾਬ ਸਰਕਾਰ ਸੂਬੇ ਦੇ ਸੱਭਿਆਚਾਰ, ਸਿੱਖ ਧਾਰਮਿਕ ਪ੍ਰੰਪਰਾਵਾਂ ਬੋਲੀ ਲਿਪੀ ਅਤੇ ਸਿੱਖ ਇਤਿਹਾਸ ਨੂੰ ਮਲੀਆਮੇਟ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਮਾਨਸਰੋਵਰ ਲਈ ਚੀਨ ਤੋਂ ਰਸਤਾ ਲਿਆ ਜਾ ਸਕਦਾ ਹੈ ਤਾਂ ਕਰਤਾਰਪੁਰ ਲਈ ਤਿੰਨ ਕਿਲੋਮੀਟਰ ਦਾ ਟੋਟਾ ਕਿਉਂ ਨਹੀਂ ਲਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਥੋਂ ਪਤਾ ਚਲਦਾ ਹੈ ਕਿ ਦੇਸ਼ 'ਚ ਹਿੰਦੂਤਵ ਸੋਚ ਭਾਰੂ ਹੈ ਪ੍ਰੰਤੂ ਅਕਾਲੀ ਦਲ ਅੰਮ੍ਰਿਤਸਰ ਅਜਿਹੀਆਂ ਨੀਤੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਪਾਰਟੀ ਦੇ ਜਨਰਲ ਸਕੱਤਰ ਜਸਕਰਨ ਸਿੰਘ ਨੇ ਸੰਗਰੂਰ ਹਲਕੇ ਦੇ ਹਿੰਦੂ, ਮੁਸਲਿਮ, ਸਿੱਖ, ਈਸਾਈ, ਕਲੱਬਾਂ, ਸਮਾਜ ਸੇਵੀ ਸੰਸਥਾਵਾਂ, ਸੰਤਾਂ ਮਹਾਂਪੁਰਸ਼ਾਂ ਅਤੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਭਲਾਈ ਲਈ ਸ੍ਰੀ ਮਾਨ ਦਾ ਸਮਰਥਨ ਕਰਨ। ਇਸ ਮੌਕੇ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਜੂਮਾਂ, ਬਰਨਾਲਾ ਦੇ ਪ੍ਰਧਾਨ ਰਣਜੀਤ ਸਿੰਘ ਸੰਘੇੜਾ, ਪ੍ਰੋ. ਮਹਿੰਦਰ ਪਾਲ, ਮਾਸਟਰ ਕਰਨੈਲ ਸਿੰਘ ਆਦਿ ਹਾਜ਼ਰ ਸਨ।

# 12ਵੀਂ ਦੀ ਕਿਤਾਬ ਵਿਚ ਸਿੱਖ ਇਤਿਹਾਸ ਨਾਲ ਛੇੜਛਾੜ ਦਾ ਮੁੱਦਾ ਭਖਿਆ

- **ਸਰਕਾਰੀ ਕਮੇਟੀ ਨੇ ਕਿਹਾ ਨਹੀਂ ਹੋਈ ਛੇੜਛਾੜ**
- **'ਇਤਿਹਾਸ ਦੀ ਕਿਤਾਬ ਵਿਚ ਲਿਖਤਾਂ ਗੁਰੂ ਕਾਲ ਦੇ ਸਭ ਤੋਂ ਨੇੜਲੇ ਹਵਾਲੇ' : ਕ੍ਰਿਪਾਲ ਸਿੰਘ ਹਿਸਟੋਰੀਅਨ**




ਜੋ ਲੋਕ ਸਰਕਾਰੀ ਇਤਿਹਾਸਕ ਕਮੇਟੀ ਵਿਚ ਪ੍ਰਿਥੀਪਾਲ ਸਿੰਘ ਤੇ ਕ੍ਰਿਪਾਲ ਸਿੰਘ ਸ਼ਾਮਲ ਹਨ, ਉਹ ਬਾਦਲ ਤੇ ਕੈਪਟਨ ਦੇ ਖਾਸ ਮਿੱਤਰ ਹਨ :ਗੁਰਤੇਜ ਸਿੰਘ ਆਈਏਐਸ

**ਜਲੰਧਰ/ਬਿਊਰੋ ਨਿਊਜ਼ :**
ਇਸ ਸਮੇਂ 12ਵੀਂ ਦੀ ਕਿਤਾਬ ਵਿਚ ਸਿੱਖ ਇਤਿਹਾਸ ਨਾਲ ਛੇੜਛਾੜ ਦਾ ਮੁੱਦਾ ਭਖਿਆ ਹੋਇਆ ਹੈ। ਸਿੱਖ ਵਿਦਵਾਨ ਮਹਿਸੂਸ ਕਰ ਰਹੇ ਹਨ ਕਿ ਕੈਪਟਨ ਸਰਕਾਰ ਤੇ ਬਾਦਲ ਅਕਾਲੀ ਦਲ ਇਸ ਮਾਮਲੇ ਵਿਚ ਫਰੈਂਡਲੀ ਮੈਚ ਖੇਡ ਰਿਹਾ ਹੈ ਤੇ ਜੋ ਸਰਕਾਰੀ ਪੱਧਰ 'ਤੇ ਸਿੱਖ ਇਤਿਹਾਸ ਕਮੇਟੀ ਹੈ, ਉਸ ਦੇ ਵਿਦਵਾਨ ਸ਼੍ਰੋਮਣੀ ਕਮੇਟੀ ਤੇ ਬਾਦਲ ਅਕਾਲੀ ਦਲ ਨਾਲ ਜੁੜੇ ਹੋਏ ਹਨ। ਸ. ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਜੋ ਲੋਕ ਸਰਕਾਰੀ ਇਤਿਹਾਸਕ ਕਮੇਟੀ ਵਿਚ ਪ੍ਰਿਥੀਪਾਲ ਸਿੰਘ ਤੇ ਕ੍ਰਿਪਾਲ ਸਿੰਘ ਸ਼ਾਮਲ ਹਨ, ਉਹ ਬਾਦਲ ਤੇ ਕੈਪਟਨ ਦੇ ਖਾਸ ਮਿੱਤਰ ਹਨ। ਇਨ੍ਹਾਂ ਲੋਕਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਗੁੰਮਰਾਹ ਕਰਕੇ ਰਾਜੀਵ ਲੌਂਗੋਵਾਲ ਸਮਝੌਤਾ ਕਰਵਾ ਕੇ ਪੰਜਾਬ ਨਾਲ ਦਗਾ ਕਮਾਇਆ ਸੀ। ਇਨ੍ਹਾਂ ਦੀ ਸਾਂਝ ਕਾਂਗਰਸ ਨਾਲ ਵੀ ਸੀ ਤੇ ਅਕਾਲੀ ਦਲ ਨਾਲ ਵੀ। ਹੁਣ ਵੀ ਸਰਕਾਰ ਵਲੋਂ ਬਣਾਈ ਸਿੱਖ ਇਤਿਹਾਸ ਕਮੇਟੀ ਵਿਚ ਇਹੀ ਲੋਕ ਸ਼ਾਮਲ ਹਨ। ਇਹ ਸਿੱਖਾਂ ਨਾਲ ਕੀ ਇਨਸਾਫ ਕਰਨਗੇ। ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਬਾਦਲ ਅਕਾਲੀ ਦਲ ਵਲੋਂ ਸਿਲੇਬਸ ਤੇ ਧਰਨਿਆਂ ਦੇ ਜੋ ਡਰਾਮੇ ਕੀਤੇ ਜਾ ਰਹੇ ਹਨ, ਉਸ ਤੋਂ ਸਿਖ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ। ਸਰਕਾਰੀ ਤੇ ਸ਼੍ਰੋਮਣੀ ਕਮੇਟੀ ਦੇ ਇਤਿਹਾਸਕਾਰ ਕਿਰਪਾਲ ਸਿੰਘ ਤੇ ਪ੍ਰਿਥੀਪਾਲ ਸਿੰਘ ਸਿਖ ਪੰਥ ਨੂੰ ਗੁਮਰਾਹ ਕਰ ਰਹੇ ਹਨ ਕਿ ਇਤਿਹਾਸ ਵਿਚ ਤਬਦੀਲੀਆਂ ਨਹੀਂ ਹੋਈਆਂ।

**ਕੀ ਕਹਿੰਦੀ ਏ ਕੈਪਟਨ ਦੀ ਕਮੇਟੀ :**
ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਦੀ ਇਤਿਹਾਸ ਦੀ ਕਿਤਾਬ ਦੇ ਵਿਵਾਦ ਤੋਂ ਬਾਅਦ ਬਣਾਈ ਸਿੱਖ ਵਿਦਵਾਨਾਂ ਦੀ ਛੇ ਮੈਂਬਰੀ ਵਿਸ਼ੇਸ਼ ਕਮੇਟੀ ਵਿਚੋਂ ਚਾਰ ਮੈਂਬਰਾਂ ਕਮੇਟੀ ਮੁਖੀ ਡਾ. ਕਿਰਪਾਲ ਸਿੰਘ, ਡਾ. ਜੇ ਐੱਸ ਗਰੇਵਾਲ, ਡਾ. ਪ੍ਰਿਥੀਪਾਲ ਸਿੰਘ ਕਪੂਰ ਤੇ ਡਾ. ਇੰਦੂ ਬੰਗਾ ਨੇ ਸਪੱਸ਼ਟ ਕੀਤਾ ਉਨ੍ਹਾਂ ਦਾ ਕਿਸੇ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ ਤੇ ਉਹ ਸਿੱਖ ਗੁਰੂਆਂ ਤੇ ਸਿੱਖ ਧਰਮ ਦਾ ਪੂਰਾ ਸਤਿਕਾਰ ਕਰਦੇ ਹਨ, ਪਰ ਕਿਤਾਬ ਲਿਖਣ ਵੇਲੇ ਸ਼ਰਧਾ ਨਹੀਂ, ਬਲਕਿ ਅਕਾਦਮਿਕ ਖੇਤਰ ਦੇਖਿਆ ਜਾਂਦਾ ਹੈ।

ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਇਤਿਹਾਸਕਾਰਾਂ ਤੇ ਸਿੱਖਿਆ ਮਾਹਿਰਾਂ ਦੀ ਕਮੇਟੀ ਨੇ ਆਪਣੀ ਪਹਿਲੀ ਮੀਟਿੰਗ ਵਿੱਚ ਸਕੂਲ ਬੋਰਡ ਵੱਲੋਂ ਬਣਾਏ ਪਾਠਕ੍ਰਮ ਨੂੰ ਮੁੱਢੋਂ ਰੱਦ ਕਰਦਿਆਂ ਸ਼ਿਫਾਰਸ਼ ਕੀਤੀ ਸੀ ਕਿ ਨਵੀਂ ਕਿਤਾਬ ਪ੍ਰਵਾਨਿਤ ਇਤਿਹਾਸਕ ਸਰੋਤਾਂ ਅਨੁਸਾਰ ਲਿਖਵਾਈ ਜਾਵੇ ਤੇ ਚਾਲੂ ਵਿਦਿਅਕ ਸਾਲ 2018-19 ਲਈ ਪੁਰਾਣਾ ਸਿਲੇਬਸ ਤੇ ਪੁਰਾਣੀ ਕਿਤਾਬ ਹੀ ਜਾਰੀ ਰੱਖੀ ਜਾਵੇ, ਜਿਸ 'ਤੇ ਹੁਣ ਮੁੱਖ ਮੰਤਰੀ ਨੇ ਵੀ ਕਮੇਟੀ ਦੇ ਪਹਿਲੇ ਫ਼ੈਸਲੇ ਨੂੰ ਮਾਨਤਾ ਦਿੰਦਿਆਂ ਫਿਲਹਾਲ ਪੁਰਾਣੀ ਕਿਤਾਬ ਪੜ੍ਹਾਉਣ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਬਾਰ੍ਹਵੀਂ ਦੀ ਇਤਿਹਾਸ ਦੀ ਕਿਤਾਬ ਦੇ ਚੈਪਟਰਾਂ ਦੀ ਸੁਧਾਈ ਕੀਤੀ ਹੈ, ਜੋ ਵੱਖ ਵੱਖ ਸਮੇਂ ਦੇ ਇਤਿਹਾਸਕਾਰਾਂ ਵੱਲੋਂ ਲਿਖੇ ਗ੍ਰੰਥਾਂ 'ਤੇ ਆਧਾਰਿਤ ਹੈ। ਕੁਝ ਰਾਜਸੀ ਲੋਕ ਸਿਰਫ ਗਲਤੀ ਲੱਭਣ ਦੀ ਮਨਸ਼ਾ ਨਾਲ ਹੀ ਕਿਤਾਬ ਵਿਚ ਦਰਜ ਕੁਝ ਕੁ ਤੱਥਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਬੰਧੀ ਸਪੱਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਤੀਜੇ ਅਧਿਆਏ ਵਿਚ ਇਕ ਪੂਰਾ ਹਿੱਸਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਿਰਲੇਖ ਹੇਠ ਹੈ। ਗੁਰਮਤਿ ਸਾਹਿਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿਚੋਂ ਕਵੀ ਸੈਨਾਪਤੀ ਨੇ ਆਪਣੀ ਕਿਤਾਬ ਸ੍ਰੀ ਗੁਰ ਸੋਭਾ ਵਿੱਚ ਕਿਧਰੇ ਵੀ ਸ਼ਹੀਦ ਸ਼ਬਦ ਨਹੀਂ ਵਰਤੇ। ਉਨ੍ਹਾਂ ਕਿਹਾ ਕਿ ਸ਼ਹੀਦ ਫਾਰਸੀ ਦਾ ਲਫ਼ਜ਼ ਹੈ ਤੇ ਸਿੱਖ ਇਤਿਹਾਸ ਵਿੱਚ ਗੁਰੂਆਂ ਲਈ ਜੋਤੀ-ਜੋਤਿ ਸਮਾਉਣਾ ਸ਼ਬਦ ਪ੍ਰਚੱਲਿਤ ਰਿਹਾ ਹੈ। ਉਨ੍ਹਾਂ ਭਾਈ ਗੁਰਦਾਸ ਦੀ ਵਾਰ ਵਿਚੋਂ ਹਵਾਲਾ ਦੇ ਕੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਜੋਤੀ-ਜੋਤਿ ਸਮਾਉਣ ਵਾਲੇ ਸ਼ਬਦ 'ਤੇ ਇਤਰਾਜ਼ ਹੈ ਤਾਂ ਇਹ ਇਤਰਾਜ਼ ਭਾਈ ਗੁਰਦਾਸ 'ਤੇ ਕਰ ਰਹੇ ਹਨ।

ਸ਼੍ਰੋਮਣੀ ਕਮੇਟੀ ਨੇ ਇਹ ਇਤਰਾਜ਼ ਉਠਾਇਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿੱਚੋਂ ਪੰਜ ਪਿਆਰਿਆਂ ਦੇ ਹੁਕਮ ਅਨੁਸਾਰ ਤਾੜੀ ਮਾਰ ਕੇ ਘੋੜੇ 'ਤੇ ਸਵਾਰ ਹੋ ਕੇ ਨਹੀਂ, ਸਗੋਂ ਬਿਨਾਂ ਕਿਸੇ ਨੂੰ ਦੱਸੇ, ਬਿਨਾਂ ਕਿਸੇ ਦੇਖੇ ਹੀ ਉੱਥੋਂ ਨਿਕਲ ਗਏ ਸਨ, ਦਾ ਕ੍ਰਿਪਾਲ ਸਿੰਘ ਨੇ ਜੁਆਬ ਦਿੰਦਿਆਂ ਕਿਹਾ ਕਿ ਚਮਕੌਰ ਸਾਹਿਬ ਦੀ ਜੰਗ ਬਾਰੇ ਸੈਨਾਪਤ ਦੀ ਸ੍ਰੀ ਗੁਰ ਸੋਭਾ ਉੱਤੇ ਆਧਾਰਿਤ ਹੈ। ਉਹ ਗੁਰੂ ਸਾਹਿਬ ਦੇ ਸਮਕਾਲੀ ਸਨ ਤੇ ਦਸਵੇਂ ਗੁਰੂ ਦੇ ਦਰਬਾਰ ਵਿੱਚ 52 ਕਵੀਆਂ ਵਿੱਚੋਂ ਇੱਕ ਸਨ। ਸ਼੍ਰੋਮਣੀ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੇ ਇਤਿਹਾਸ ਬਾਰੇ ਇਤਰਾਜ਼ ਉਠਾਇਆ ਸੀ ਕਿ ਗੁਰੂ ਸਾਹਿਬ ਗੁੱਸੇ ਵਿੱਚ ਆ ਕੇ ਲੁੱਟਾਂ ਮਾਰਾਂ ਕਰਦੇ ਸਨ। ਮਿਸਾਲ ਵਜੋਂ, "ਉਨ੍ਹਾਂ ਨੇ ਪਿੰਡ ਅਲਸਨ ਦੀ ਲੁੱਟ ਕੀਤੀ।"

ਪ੍ਰੋ. ਕਿਰਪਾਲ ਸਿੰਘ ਨੇ ਇਸ ਦਾ ਜਵਾਬ ਦਿੱਤਾ ਕਿ ਪਿੰਡ ਅਲਸਨ ਵਿੱਚ ਰਾਜਾ ਭੀਮ ਚੰਦ ਦੇ ਖੇਤਰ ਵਿੱਚ ਹਮਲਾ ਉਨ੍ਹਾਂ ਦਿਨਾਂ ਵਿੱਚ ਜੰਗ ਦਾ ਹਿੱਸਾ ਸੀ। ਇਸ ਨੂੰ ਹਟਾ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਸੀ ਕਿ 9ਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕਰ ਲਈ ਗਈ ਸੀ, ਨਾ ਕਿ ਗੁਰੂ ਕੀ ਕਾਸ਼ੀ ਤਲਵੰਡੀ ਸਾਬੋ ਵਿਖੇ ਦਸ਼ਮੇਸ਼ ਪਿਤਾ ਵੱਲੋਂ ਕਰਵਾਈ ਸੰਪੂਰਨਤਾ ਦੌਰਾਨ ਸ਼ਾਮਿਲ ਕੀਤੀ ਗਈ ਸੀ। ਸਿੱਖ ਸਕਾਲਰ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਹਰਭਜਨ ਸਿੰਘ ਨੇ ਸਪਸ਼ਟ ਕਿਹਾ ਹੈ ਕਿ ਗੁਰੂ ਦੀ ਬਾਣੀ ਆਨੰਦਪੁਰ ਸਾਹਿਬ ਵਿੱਚ ਸ਼ਾਮਿਲ ਕੀਤੀ ਗਈ ਹੈ। ਡਾ. ਪ੍ਰਿਥੀਪਾਲ ਸਿੰਘ ਕਪੂਰ ਨੇ ਕਿਹਾ ਕਿ ਕੁਝ ਕੁ ਸ਼ਬਦਾਂ ਦੀਆਂ ਤਕਨੀਕੀ ਗ਼ਲਤੀਆਂ ਰਹਿ ਗਈਆਂ ਹਨ ਤੇ ਕੁਝ ਗ਼ਲਤੀਆਂ ਅੰਗਰੇਜ਼ੀ ਦੇ ਖਰੜੇ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਵੇਲੇ ਹੋਈਆਂ ਹਨ। ਉਨ੍ਹਾਂ ਕਿਹਾ ਕਿ ਆਲੋਚਕ ਤੇ ਸਿਆਸਤਦਾਨ ਕਿਤਾਬ ਦੀ ਪੜਚੋਲ ਨਹੀਂ, ਬਲਕਿ ਗਿਣੇ-ਮਿੱਥੇ ਢੰਗ ਨਾਲ ਨਿੰਦਣ ਦਾ ਕੰਮ ਕਰ ਰਹੇ ਹਨ। ਡਾ. ਜੇ ਐੱਸ ਗਰੇਵਾਲ ਨੇ ਦੱਸਿਆ ਕਿ ਨਵਾਂ ਪਾਠਕ੍ਰਮ ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰਾਂ ਸਮੇਤ ਸਮੁੱਚੀ ਕਮੇਟੀ ਦੀ ਸਰਬਸੰਮਤੀ ਨਾਲ ਤਿਆਰ ਹੋਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਿੰਨਾ ਸਿੱਖ ਇਤਿਹਾਸ ਇਸ ਵਾਰ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਪਹਿਲਾਂ ਕਦੇ ਵੀ ਨਹੀਂ ਸੀ। ਡਾ. ਇੰਦੂ ਬੰਗਾ ਨੇ ਕਿਹਾ ਕਿ ਅਜੇ ਕਿਤਾਬ ਤਿਆਰ ਹੋ ਰਹੀ ਹੈ ਤੇ ਇਹ ਕੰਮ ਮੁਕੰਮਲ ਹੋਣ ਤੱਕ ਸਾਰੀਆਂ ਛੋਟੀਆਂ-ਛੋਟੀਆਂ ਤਰੁਟੀਆਂ ਦੂਰ ਕਰ ਦਿੱਤੀਆਂ ਜਾਣਗੀਆਂ।

## ਅਕਾਲੀ ਦਲ ਵਲੋਂ ਰੋਸ ਧਰਨਾ

ਬੀਤੇ ਦਿਨੀਂ ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਵਲੋਂ ਮਿਲ ਕੇ ਦੋ ਦਿਨਾਂ ਤੋਂ ਇੱਥੇ ਵਿਰਾਸਤੀ ਮਾਰਗ ਨੇੜੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਦੀਆਂ ਪੁਸਤਕਾਂ ਵਿਚ ਸਿੱਖ ਇਤਿਹਾਸ ਨਾਲ ਛੇੜ-ਛਾੜ ਕਰਨ ਵਿਰੁੱਧ ਦਿੱਤਾ ਗਿਆ ਤੇ ਬਿਨਾਂ ਕਿਸੇ ਨਤੀਜੇ ਦੇ ਸਮਾਪਤ ਕਰ ਦਿੱਤਾ ਗਿਆ। ਇਸ ਮੌਕੇ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਮਾਮਲੇ ਨੂੰ ਲੈ ਕੇ ਸਮੂਹ ਸਿੱਖ ਜਥੇਬੰਦੀਆਂ ਦੀ ਇਕੱਤਰਤਾ 9 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਮੁੱਖ ਦਫ਼ਤਰ ਵਿਖੇ ਬੁਲਾਉਣ ਦਾ ਐਲਾਨ ਕੀਤਾ।

### ਸੁਖਬੀਰ ਬਾਦਲ ਅਤੇ ਲੌਂਗੋਵਾਲ ਸਮਕਾਲੀ ਇਤਿਹਾਸ ਤੋਂ ਅਣਜਾਣ : ਬਾਜਵਾ

ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸਪੱਸ਼ਟ ਕੀਤਾ ਕਿ ਉਹ ਇਤਿਹਾਸ ਨੂੰ ਕਿਸੇ ਵੀ ਪੱਧਰ ਅਤੇ ਕਿਸੇ ਵੱਲੋਂ ਵੀ ਤਰੋੜ-ਮਰੋੜ ਕੇ ਪੇਸ਼ ਕਰਨ ਦੇ ਖ਼ਿਲਾਫ਼ ਹਨ



ਤੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਮੰਗ ਕੀਤੀ ਹੈ ਕਿ ਉਹ ਖੁਦ ਸ਼੍ਰੋਮਣੀ ਕਮੇਟੀ ਵੱਲੋਂ ਛਾਪੀਆਂ ਗਈਆਂ ਸਿੱਖ ਇਤਿਹਾਸ ਦੀਆਂ ਕਿਤਾਬਾਂ ਵਿਚ ਤੱਥਾਂ ਨੂੰ ਤੋੜਨ-ਮਰੋੜਨ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਿੰਦੀ ਵਿਚ ਪ੍ਰਕਾਸ਼ਤ ਕੀਤੀ ਸਿੱਖ ਇਤਿਹਾਸ ਦੀ ਪੁਸਤਕ, ਜੋ ਸਾਲ 2007 ਵਿਚ ਪ੍ਰਦਰਸ਼ਨਾਂ ਤੋਂ ਬਾਅਦ ਵਾਪਸ ਲਈ ਗਈ ਸੀ, ਦੇ ਸਬੰਧ ਵਿਚ ਪ੍ਰਕਾਸ਼ਕਾਂ ਦੇ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ ਹੈ? ਉਨ੍ਹਾਂ ਕਿਹਾ ਕਿ ਸਤੰਬਰ 2007 ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਇਹ ਮਾਮਲਾ ਸਾਹਮਣੇ ਆਇਆ ਸੀ, ਜਿਸ ਖ਼ਿਲਾਫ਼ ਮੁਜ਼ਾਹਰੇ ਹੋਏ ਸਨ। ਉਸ ਸਮੇਂ ਅਖ਼ਬਾਰਾਂ ਦੀਆਂ ਰਿਪੋਰਟਾਂ ਅਨੁਸਾਰ ਸਿੱਖ ਗੁਰੂਆਂ ਬਾਰੇ ਅਪਸ਼ਬਦ ਲਿਖੇ ਗਏ ਸਨ।

## ਇਤਿਹਾਸ ਦੀਆਂ ਕਿਤਾਬਾਂ ਬਾਰੇ ਅਕਾਲੀਆਂ ਦਾ ਭੰਡੀ ਪ੍ਰਚਾਰ ਬੇਲੋੜਾ : ਕੈਪਟਨ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਕੂਲੀ ਇਤਿਹਾਸ ਦੀਆਂ ਕਿਤਾਬਾਂ ਦੇ ਮੁੱਦੇ 'ਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀਆਂ ਵੱਲੋਂ ਕਾਨੂੰਨ ਵਿਵਸਥਾ ਦੀ ਬੇਲੋੜੀ ਸਮੱਸਿਆ ਪੈਦਾ ਕਰਨ ਲਈ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਮਾਹਰ ਗਰੁੱਪ ਦੁਆਰਾ ਇਨ੍ਹਾਂ ਕਿਤਾਬਾਂ ਦੇ ਜ਼ਾਇਜੇ ਦਾ ਕਾਰਜ ਮੁਕੰਮਲ ਕਰ ਲਏ ਜਾਣ ਤੱਕ ਕੋਰਸ ਵਿੱਚ ਨਵੀਂਆਂ ਕਿਤਾਬਾਂ ਨਾ ਲਾਏ ਜਾਣ ਦੀ ਗੱਲ ਨੂੰ ਸਪੱਸ਼ਟ ਕਰ ਦੇਣ ਦੇ ਬਾਵਜੂਦ ਅਕਾਲੀਆਂ ਵੱਲੋਂ ਬਦਅਮਨੀ ਪੈਦਾ ਕੀਤੀ ਜਾ ਰਹੀ ਹੈ।



ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੁਖਬੀਰ ਦੀ ਇਹ ਕ੍ਰੋਧ ਭਰੀ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਨੂੰ ਦਰਪੇਸ਼ ਗੰਭੀਰ ਸੰਕਟ ਤੋਂ ਧਿਆਨ ਨੂੰ ਲਾਂਭੇ ਖਿੱਚਣ ਦੀ ਕੋਸ਼ਿਸ਼ ਹੈ। ਅਕਾਲੀ ਦਲ ਲੋਕ ਸਭਾ ਚੋਣਾਂ ਤੋਂ ਕੇਵਲ ਕੁਝ ਮਹੀਨੇ ਪਹਿਲਾਂ ਗੰਭੀਰ ਅੰਦਰੂਨੀ ਬਗ਼ਾਵਤ ਦਾ ਸਾਹਮਣਾ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਪਹਿਲਾਂ ਹੀ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐੱਸਈਬੀ) ਨੂੰ 11ਵੀਂ ਅਤੇ 12ਵੀਂ ਦੀਆਂ ਇਤਿਹਾਸ ਦੀਆਂ ਮੌਜੂਦਾ ਕਿਤਾਬਾਂ ਓਨਾ ਚਿਰ ਜਾਰੀ ਰੱਖਣ ਲਈ ਨਿਰਦੇਸ਼ ਦਿੱਤੇ ਹਨ, ਜਿਨ੍ਹਾਂ ਚਿਰ ਮਾਹਰ ਗਰੁੱਪ ਵੱਲੋਂ ਕਿਤਾਬਾਂ ਦੇ ਜ਼ਾਇਜੇ ਸਬੰਧੀ ਲੰਬਿਤ ਪਏ ਕੰਮ ਨੂੰ ਮੁਕੰਮਲ ਨਹੀ ਕਰ ਲਿਆ ਜਾਂਦਾ। ਇਸ ਗਰੁੱਪ ਨੇ ਪਹਿਲਾਂ ਹੀ 11 ਮੀਟਿੰਗਾਂ ਕਰ ਲਈਆਂ ਹਨ ਅਤੇ ਇਸ ਵੱਲੋਂ ਤੱਥਾਂ ਅਤੇ ਧਾਰਮਕ ਵਿਵਰਨ ਬਾਰੇ ਘੋਖ ਕੀਤੀ ਜਾ ਰਹੀ ਹੈ। ਇਸ ਮਾਹਰ ਗਰੁੱਪ ਵਿੱਚ ਉੱਘੇ ਇਤਿਹਾਸਕਾਰ ਹਨ। 11ਵੀਂ ਅਤੇ 12ਵੀਂ ਦੇ ਇਤਿਹਾਸ ਦੇ ਪਾਠਕ੍ਰਮ ਵਿੱਚ ਕਥਿਤ ਗਲਤੀਆਂ ਅਤੇ ਉਕਾਈਆਂ ਦੇ ਸੰਬੰਧ ਵਿੱਚ ਕੁਝ ਲੋਕਾਂ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਦੇ ਕਾਰਨ ਸੂਬਾ ਸਰਕਾਰ ਨੇ 11 ਮਈ, 2018 ਨੂੰ ਇਸ ਗਰੁੱਪ ਦਾ ਗਠਨ ਕੀਤਾ ਸੀ। ਇਹ ਗਰੁੱਪ ਪ੍ਰੋ. ਕ੍ਰਿਪਾਲ ਸਿੰਘ ਦੀ ਅਗਵਾਈ ਵਿੱਚ ਬਣਾਇਆ ਗਿਆ ਸੀ। ਡਾ. ਜੇ ਐੱਸ ਗਰੇਵਾਲ, ਡਾ. ਇੰਦੂ ਬੰਗਾ ਅਤੇ ਡਾ. ਪ੍ਰਿਥੀਪਾਲ ਸਿਂਘ ਕਪੂਰ, ਡਾ. ਬਲਵੰਤ ਸਿੰਘ ਢਿੱਲੋਂ ਅਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਇਸ ਦੇ ਮੈਂਬਰ ਹਨ। ਪਿਛਲੇ ਦੋਵੇਂ ਮੈਂਬਰ ਐੱਸ ਜੀ ਪੀ ਸੀ ਦੀ ਨੁਮਾਇੰਦਗੀ ਕਰਦੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਨੂੰ ਇਹ ਵੀ ਯਾਦ ਕਰਵਾਇਆ ਕਿ ਉਨ੍ਹਾ ਪਹਿਲਾਂ ਹੀ ਮਾਹਰ ਗਰੁੱਪ ਦੇ ਵਿਆਪਕ ਜਾਇਜ਼ੇ ਨੂੰ ਯਕੀਨੀ ਬਣਾਉਣ ਵਾਸਤੇ ਸਿੱਖਿਆ ਮੰਤਰੀ ਨੂੰ ਆਖਿਆ ਹੈ। ਉਨ੍ਹਾ ਸਾਰੀਆਂ ਸ਼ਿਕਾਇਤਾਂ ਅਤੇ ਸੁਝਾਵਾਂ ਨੂੰ ਵਿਚਾਰਨ ਲਈ ਵੀ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਅਕਾਲੀ ਦਲ ਦੇ ਭੰਡੀ ਪ੍ਰਚਾਰ ਤੋਂ ਗੁੰਮਰਾਹ ਨਾ ਹੋਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ 2017-18 ਦੇ ਅਕਾਦਮਿਕ ਵਰ੍ਹੇ ਵਾਲੀਆਂ ਇਤਿਹਾਸ ਦੀਆਂ ਨਿਰਧਾਰਤ ਕਿਤਾਬਾਂ 'ਤੇ ਧਿਆਨ ਕੇਂਦਰਤ ਕਰਨ ਲਈ ਕਿਹਾ ਹੈ।

## ਸਿੱਖ ਆਪਣਾ ਇਤਿਹਾਸ ਸਾਂਭਣ ਤੋਂ ਰਹੇ ਅਸਮਰੱਥ

ਇਸਾਈ ਧਰਮ ਦੇ ਧਾਰਮਿਕ ਇਤਿਹਾਸ 'ਤੇ ਝਾਤ ਮਾਰੀਏ, ਤਾਂ ਇਨ੍ਹਾਂ ਸਾਰਿਆਂ ਵਿੱਚ ਵਿਸ਼ੇਸ਼ਤਾ ਨਜ਼ਰ ਆਉਂਦੀ ਹੈ ਕਿ ਸਾਰੇ ਧਰਮ ਰਾਜਿਆਂ ਦੀ ਛੱਤਰ ਛਾਇਆ ਹੇਠ ਕਈ ਪੁਸ਼ਤਾਂ ਤੱਕ ਦੇਖ-ਰੇਖ ਵਿੱਚ ਵਧੇ ਫੁਲੇ। ਇਸ ਦੇ ਉਲਟ ਸਿੱਖ ਪੰਥ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੀ ਸਿਰਜਣਾ ਤੇ ਉਸ ਤੋਂ ਬਾਅਦ ਅਰਥਾਤ 1699 ਤੋਂ 1801 ਤੱਕ ਲਗਾਤਾਰ ਸੰਘਰਸ਼ਸ਼ੀਲ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਦੌਰਾਨ ਸਾਹਿਤ ਰਚਨਾ ਨੂੰ ਬਲ ਦੇਣ ਲਈ 52 ਕਵੀ ਬਣਾ ਕੇ ਸਿੱਖ ਸਾਹਿਤ ਸਭਾਵਾਂ ਦਾ ਅਗਾਜ਼ ਕੀਤਾ ਸੀ। ਪਰ ਸੰਘਰਸ਼ਸ਼ੀਲ ਦੌਰ ਹੋਣ ਕਾਰਨ ਇਹ ਰੀਤ ਚਾਲੂ ਨਹੀਂ ਰਹਿ ਸਕੀ। ਜਿਸ ਕਾਰਨ ਸਿੱਖ ਸਰੋਕਾਰਾਂ ਵਾਲੇ ਸਾਹਿਤ ਦੀ ਰਚਨਾ ਬਹੁਤ ਘੱਟ ਹੋ ਸਕੀ। 1801 ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਸਥਾਪਨਾ ਪਹਿਲਾ ਪੜਾਅ ਸੀ, ਜਿਸ ਵਿੱਚ ਸਿੱਖਾਂ ਨੂੰ ਆਪਣਾ ਇਤਿਹਾਸ, ਆਪਣਾ ਸਾਹਿਤ ਸੰਭਾਲਣ ਦਾ ਮੌਕਾ ਮਿਲਿਆ। ਪਰ ਇਸ ਦੌਰਾਨ ਡੇਰਾਵਾਦੀ ਸਾਧਾਂ ਸੰਤਾਂ ਤੇ ਵਿਦਵਾਨਾਂ ਤੇ ਬਾਹਮਣਵਾਦੀ ਪ੍ਰਭਾਵ ਹੋਣ ਕਾਰਣ ਸ਼ੁੱਧ ਇਤਿਹਾਸ ਨਹੀਂ ਲਿਖ ਸਕੇ। ਇਹੀ ਕਾਰਨ ਹੈ ਕਿ ਸਾਡੇ ਇਤਿਹਾਸ ਵਿਚ ਰਲਾ ਪਾਏ ਗਏ ਹਨ। ਇਹ ਸ਼ੁੱਧ ਸਿੱਖ ਇਤਿਹਾਸ ਨਹੀਂ ਹੈ। ਸਾਡਾ ਇਤਿਹਾਸ ਜੋ ਯੂਨੀਵਰਸਿਟੀਆਂ ਵਿਚ ਲਿਖਿਆ ਜਾ ਰਿਹਾ, ਉਹ ਸਰਕਾਰੀ ਐਨਕਾਂ ਰਾਹੀਂ ਪੁਣ-ਛਣਕੇ ਹੋਂਦ ਵਿਚ ਆਉਂਦਾ ਹੈ। ਨਾਗਪੁਰ ਵਿਚ ਆਰਐਸਐਸ ਵਾਲੇ ਸਾਡਾ ਇਤਿਹਾਸ ਬਦਲ ਰਹੇ ਹਨ। ਸਿੱਖ ਡੇਰੇਦਾਰ ਮਿੱਥਕ ਇਤਿਹਾਸ ਤੇ ਰਲਾਵਟ ਵਾਲੇ ਇਤਿਹਾਸ ਨੂੰ ਪੇਸ਼ ਕਰਕੇ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਇਤਿਹਾਸ ਦੀ ਖਰਾਬੀ ਉਤੇ ਸਿਆਸਤ ਕਰ ਰਹੇ ਹਨ। ਕਿਸੇ ਵੀ ਕੌਮ ਦਾ ਵਿਕਾਸ ਧਰਮ, ਸਾਹਿਤ, ਇਤਿਹਾਸ ਤੇ ਫਿਲਾਸਫੀ ਤੋਂ ਹੀ ਮਾਪਿਆ ਜਾ ਸਕਦਾ ਹੈ ਕਿ ਉਸ ਦਾ ਭਵਿੱਖ ਕਿੰਨਾ ਕੁ ਉਜਵਲ ਹੈ ਤੇ ਕੌਮ ਦੇ ਲੋਕ ਆਪਣੇ ਵਿਰਸੇ ਦੀ ਰਾਖੀ ਲਈ ਕਿੰਨੇ ਕੁ ਸੁਚੇਤ ਹਨ। ਜਦੋਂ ਕਿਸੇ ਵੀ ਕੌਮ ਨੂੰ ਬਰਬਾਦ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾਂਦੀਆਂ ਹਨ ਜਾਂ ਬਰਬਾਦ ਕੀਤਾ ਜਾਂਦਾ ਹੈ, ਤਾਂ ਸਭ ਤੋਂ ਪਹਿਲਾਂ ਉਸ ਦਾ ਇਤਿਹਾਸ ਤੇ ਸਾਹਿਤ ਨੂੰ ਬਦਲ ਕੇ ਸੱਭਿਆਚਾਰ ਪੱਖੋਂ ਇਹ ਅਹਿਸਾਸ ਕਰਾਇਆ ਜਾਂਦਾ ਹੈ ਕਿ ਤੁਸੀਂ ਸੱਭਿਅਤਾ ਪੱਖੋਂ ਹੀਣੇ ਹੋ ਤੇ ਇਤਿਹਾਸ ਵਿੱਚ ਹੁਣ ਤੱਕ ਘੀਸੀ ਕਰਦੇ ਰਹੇ ਹੋ। ਤੁਹਾਡਾ ਕੋਈ ਇਤਿਹਾਸ, ਸਾਹਿਤ ਨਹੀਂ ਹੈ। ਜੇ ਉਹ ਹੈ, ਹੈਅ ਤਾਂ ਉਹ ਘਟੀਆ ਪੱਧਰ ਦਾ ਹੈ। ਇਸੇ ਨੂੰ ਆਧਾਰ ਬਣਾ ਕੇ ਜੇਤੂ ਤੇ ਫਾਸ਼ੀਵਾਦੀ ਕੌਮਾਂ ਦੂਸਰੀਆਂ ਕੌਮਾਂ ਉੱਪਰ ਆਪਣਾ ਸੱਭਿਆਚਾਰ, ਸਾਹਿਤ ਤੇ ਇਤਿਹਾਸ ਲੱਦਦੀਆਂ ਹਨ। ਜੋ ਹਾਰੀਆਂ ਤੇ ਗੁਲਾਮ ਕੌਮਾਂ ਦਾ ਵਿਰਸਾ ਨਹੀਂ ਹੁੰਦਾ, ਉਹ ਵੀ ਉਨ੍ਹਾਂ ਦੇ ਖਾਤੇ ਵਿੱਚ ਪਾ ਦਿੱਤਾ ਜਾਂਦਾ ਹੈ। ਸਿੱਖ ਕੌਮ ਨਾਲ ਅੱਜ ਇਹੀ ਵਾਪਰ ਰਿਹਾ ਹੈ।

### ਪ੍ਰਵਾਸੀ ਖਾਲਸਾ ਜੀ 'ਤੇ ਵੱਡੀ ਜ਼ਿੰਮੇਵਾਰੀ

ਇਸ ਦਾ ਇਕੋ ਇਕ ਹੱਲ ਪ੍ਰਵਾਸੀ ਖਾਲਸਾ ਜੀ ਤੇ ਵਿਦੇਸ਼ਾਂ ਦੇ ਗੁਰੂ ਘਰਾਂ ਨੂੰ ਆਪਣਾ ਇਤਿਹਾਸ ਸਾਂਭਣਾ ਤੇ ਲਿਖਵਾਉਣਾ ਚਾਹੀਦਾ ਹੈ। ਇਸ ਬਾਰੇ ਇਤਿਹਾਸਕ ਕੇਂਦਰ ਤੇ ਵਾਰ ਰੂਮ ਅਕਾਦਮਿਕ ਤੇ ਨੈਟਵਰਕ ਸੈਂਟਰ ਸਥਾਪਤ ਕਰਨਾ ਚਾਹੀਦਾ। ਜੇ ਅਸੀਂ ਅਜਿਹਾ ਨਾ ਕੀਤਾ ਤਾਂ ਅਸੀਂ ਆਪਣਾ ਵਿਰਸਾ ਤੇ ਵਿਲਖਣ ਹੋਂਦ ਗੁਆ ਬੈਠਾਂਗੇ। ਇਹ ਯਾਦ ਰਖੋ ਆਪਣੇ ਇਤਿਹਾਸ ਸਾਂਭਣ ਦਾ ਉਪਰਾਲਾ ਨਹੀਂ ਕਰੋਗੇ ਤਾਂ ਇਹ ਬਦਲਿਆ ਜਾਵੇਗਾ। ਬਦਲਿਆ ਜਾ ਰਿਹਾ ਹੈ। ਇਹ ਆਪਣੇ ਆਪ ਵਿਚ ਸਾਡੀ ਨਸਲਕੁਸ਼ੀ ਹੈ।

# ਗਦਰੀ ਬਾਬਿਆਂ ਦਾ ਸਭਿਆਚਾਰ ਅਤੇ ਇਨਕਲਾਬ ਚਿੰਤਨ

**ਸਤਨਾਮ ਚਾਨਾ**

"ਹਿੰਦੋਸਤਾਨ ਵਿਚ ਆਦਮੀ ਪੈਦਾ ਕਰਨੇ ਹਨ ਤਾਂ ਗੁਲਾਮੀ ਦੂਰ ਕਰੋ, ਜੇ ਗੁਲਾਮੀ ਨੂੰ ਦੂਰ ਕਰਨਾ ਹੈ ਤਾਂ ਆਦਮੀ ਪੈਦਾ ਕਰੋ" ਇਹ ਕਥਨ ਦੇਸ਼ ਭਗਤਾਂ ਦਾ ਹੈ ਜੋ ਦੋ ਮਹੱਤਵਪੂਰਨ ਪਹਿਲੂਆਂ ਵੱਲ ਧਿਆਨ ਦੁਆਉਂਦਾ ਹੈ। ਪਹਿਲਾ ਇਹ ਕਿ ਕ੍ਰਾਂਤੀਕਾਰੀ ਪਰਿਵਰਤਨ ਲਈ ਆਦਮੀਆਂ ਦੀ ਮਾਨਸਿਕਤਾ ਵੀ ਕਰਾਂਤੀਕਾਰੀ ਤਰਾਸ਼ਣ ਦੀਆਂ ਸੰਭਾਵਨਾਵਾਂ ਵੀ ਹੁੰਦੀਆਂ ਹਨ। ਭਾਵ ਇਹ ਕਿ ਸਮਾਜ ਜਿਸ ਤਰ੍ਹਾਂ ਦਾ ਵੀ ਸਿਰਜਣਾ ਹੋਵੇ ਉਸ ਨੂੰ ਭੌਤਿਕ ਪ੍ਰਸਥਿਤੀਆਂ ਅਤੇ ਮਾਨਸਿਕ ਅਭਿਆਸ ਦੇ ਸੁਮੇਲ ਨਾਲ ਸਿਰਜਿਆ ਜਾ ਸਕਦਾ ਹੈ। ਕਿਉਂਕਿ ਸਮਾਜੀ ਮਾਨਸਿਕਤਾ ਪ੍ਰਭਾਵਿਤ ਕਰਨ ਯੋਗ ਹੈ। ਇਸ ਨੂੰ ਮਨ ਚਾਹਿਆ ਰੂਪ ਦੇਣਾ ਸੰਭਵ ਹੈ। ਉਪਰੋਕਤ ਗ਼ਦਰੀ ਧਾਰਨਾ ਇਕ ਅਜਿਹਾ ਸੱਚ ਹੈ ਜੋ ਮੁੱਢਲੇ ਸਮਾਜੀ ਜੀਵਨ ਤੋਂ ਲੈ ਕੇ ਹੁਣ ਤੱਕ ਦੇ ਵਿਕਾਸ ਵਿਚ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਵਿਚਾਰਧਾਰਕ ਤੇ ਸਭਿਆਚਾਰਕ ਨਜ਼ਰੀਏ ਤੋਂ ਗ਼ਦਰੀ ਭਗਤਾਂ ਦੇ ਸਿੱਖ ਜਾਂ ਕਮਿਊਨਿਸਟ ਹੋਣ ਵਿਚ ਓਨਾਂ ਕੁ ਹੀ ਅੰਤਰ ਹੈ ਜਿੰਨਾ ਕੁ "ਸਾਂਝੀਵਾਲਤਾ" ਤੇ "ਸਮਾਜਵਾਦ" ਦੇ ਸੰਕਲਪਾਂ ਵਿਚ ਹੈ। ਸਾਂਝੀਵਾਲਤਾ ਵਾਲੇ ਪਾਸੇ ਆਸਤਿਕਤਾ ਦਾ ਤੇ ਸਮਾਜਵਾਦ ਵਾਲੇ ਪਾਸੇ ਨਾਸਤਿਕਤਾ ਦਾ, ਜਿਨ੍ਹਾਂ ਨੇ ਸਾਂਝੀਵਾਲਤਾ ਤੇ ਸਮਾਜਵਾਦ ਵਿਚਕਾਰ ਅਮਿੱਟ ਹੱਦਬੰਦੀ ਕੀਤੀ ਹੋਈ ਹੈ। ਫਿਰ ਵੀ, ਗ਼ਦਰੀ ਦੇਸ਼ ਭਗਤਾਂ ਨੇ, ਇਨ੍ਹਾਂ ਸ਼ੂਕਦੇ, ਦੋ ਦਰਿਆਵਾਂ ਦੇ ਉਪਰੋਂ ਦੀ ਪੁੱਲ ਉਸਾਰਨ ਦਾ ਹੰਭਲਾ ਮਾਰਿਆ ਸੀ ਜੋ ਹੋ ਨਹੀਂ ਸਕਿਆ। ਨਤੀਜੇ ਵਜੋਂ ਸਭ ਜਿਉਂ ਦਾ ਤਿਉਂ ਚੱਲਦਾ ਰਿਹਾ। ਪਰ ਗ਼ਦਰ ਦੇ ਪਹਿਲੇ ਪੜਾਅ ਦੀਆਂ ਲਿਖਤਾਂ ਤੋਂ ਗ਼ਦਰੀਆਂ ਦਾ ਦ੍ਰਿੜ੍ਹ ਵਿਸ਼ਵਾਸ ਪ੍ਰਗਟ ਹੁੰਦਾ ਹੈ ਕਿ, "ਧਰਮ, ਸੁੱਖ, ਵਿਦਿਆ ਵਾਸਤੇ ਮੁਲਕ, ਦੁਨੀਆਂ, ਸਾਰੀ ਕੌਮ ਮਿਲ ਕੇ ਕੰਮ ਕਰ ਸਕਦੀ ਹੈ। ਇਹ ਸੱਚਾ ਅਸੂਲ ਹੈ।

ਇਨ੍ਹਾਂ ਪਵਿੱਤਰ ਚੀਜ਼ਾਂ ਵਾਸਤੇ ਸਭਾ, ਸੁਸਾਇਟੀ, ਸਮਾਜ ਬਣਾ ਸਕਦੇ ਹੋ, ਅਜਿਹੀ ਪਾਰਟੀ ਦੀ ਸਭ ਨੂੰ ਲੋੜ ਹੈ। ਇਨ੍ਹਾਂ ਪਵਿੱਤਰ ਚੀਜ਼ਾਂ ਵਾਸਤੇ ਸਭਾ, ਸੁਸਾਇਟੀ, ਸਮਾਜ ਬਣਾ ਸਕਦੇ ਹੋ, ਅਜਿਹੀ ਪਾਰਟੀ ਦੀ ਸਭ ਨੂੰ ਲੋੜ ਹੈ। ਅਜਿਹੀ ਪਾਰਟੀ ਵਿਚ ਸਾਰੇ ਮੱਤਾਂ ਮਤਾਂਤਰਾਂ ਦੇ ਦੇਸ਼ ਭਗਤ ਮਿਲ ਸਕਦੇ ਹਨ। ਅਜਿਹੀ ਗ਼ਦਰੀ ਦੇਸ਼ ਭਗਤ ਧਰਮ ਅਤੇ ਮੱਤ ਨੂੰ ਵੱਖ-ਵੱਖ ਕਰਕੇ ਦੇਖਦੇ ਹਨ। ਉਹ ਧਰਮ ਨੂੰ "ਆਚਰਣ ਦੀ ਕੁੰਜੀ" ਸਮਝਦੇ ਸਨ।" ਗ਼ਦਰੀ ਧਰਮ ਵਿਦਿਆ ਅਤੇ ਸੁੱਖ ਦੇ ਸੁਮੇਲ ਨੂੰ ਰਾਜਨੀਤੀ ਦਾ ਗਿਆਨ ਅਤੇ ਆਧਾਰ ਬਣਾ ਕੇ ਕ੍ਰਾਂਤੀ ਦੀ ਵਿਧੀ ਬਿਆਨ ਕਰਦਿਆਂ ਉਹ ਕਹਿੰਦੇ ਹਨ ਕਿ, "ਸੱਚਾਈ ਰਾਜਨੀਤੀ ਦਾ ਗਿਆਨ ਤੇ ਕੁਰਬਾਨੀ ਇਹੋ ਜਿਹੇ ਬਰੂਦੀ ਗੈਸ ਹਨ ਜੋ ਬਾਦਸ਼ਾਹਾਂ ਦੇ ਕਿਲਿਆਂ ਨੂੰ ਢਾਹ ਕੇ ਮਿੱਟੀ ਵਿਚ ਮਿਲਾ ਦਿੰਦੇ ਹਨ। ਸੱਚਾਈ ਵਿਦਿਆ ਦੇ ਕੁਰਬਾਨੀ ਦੇ ਤੀਰ ਐਸੇ ਹਨ ਜੋ ਫੌਲਾਦ ਦੇ ਪਹਾੜਾਂ ਨੂੰ ਵੀ ਚੀਰ ਕੇ ਰੱਖ ਦਿੰਦੇ ਹਨ। ਸੱਚਾਈ ਵਿਦਿਆ ਅਤੇ ਕੁਰਬਾਨੀ ਇਹੋ ਜਿਹੀਆਂ ਖੂਬੀਆਂ ਹਨ ਕਿ ਇਨ੍ਹਾਂ ਖੂਬੀਆਂ ਦੇ ਰੱਖਣ ਵਾਲਾ ਦੁਸ਼ਮਣ ਦੀ ਨੰਗੀ ਤਲਵਾਰ ਦੇ ਸਾਹਮਣੇ ਹਿੱਕ ਠੋਸ ਕੇ ਕਹਿੰਦਾ ਹੈ, "ਹਾਂ ਮੈਂ ਆਪਣੇ ਦੇਸ਼ ਦੀ



ਅਜ਼ਾਦੀ ਦਾ ਬੀੜਾ ਚੁੱਕਿਆ ਹੈ...।" ਇਨਸਾਨ ਦੀਆਂ ਇਨ੍ਹਾਂ ਖੂਬੀਆਂ ਦੀ ਰਚਣਹਾਰ, ਉਸ ਦੀ ਆਪਣੀ ਹੀ ਜੀਵਨ ਜਾਂਚ ਹੁੰਦੀ ਹੈ, ਅਥਵਾ ਉਸ ਦਾ ਆਪਣਾ ਸਭਿਆਚਾਰ ਹੁੰਦਾ ਹੈ।

ਇਤਿਹਾਸ ਨੇ ਅਨੇਕਾਂ ਹੀ ਪੁਰਾਣੇ ਸਭਿਆਚਾਰ ਕੁਮਲਾ ਕੇ ਜ਼ਮੀਨ ਦੇ ਡਿੱਗਦੇ ਅਤੇ ਨਵੇਂ ਸਭਿਆਚਾਰ ਪੁੰਗਰਦੇ, ਵਿਗਸਦੇ ਅਤੇ ਖਿੜਦੇ ਦੇਖੇ ਹਨ। ਅਸਲ ਵਿਚ ਇਹ ਸਾਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਦੀਆਂ ਤੰਦਾਂ ਦੇ ਟੁੱਟਣ-ਗੰਢਣ ਦਾ, ਅਰੁਕ ਚੱਕਰ ਹੈ, ਜਿਹੜਾ ਸਭਿਆਚਾਰਕ ਪਰਿਵਰਤਨਾਂ ਰਾਹੀਂ ਪ੍ਰਗਟ ਹੁੰਦਾ ਹੈ। ਸਾਮਾਜਿਕ ਰਿਸ਼ਤੇ ਨਿਰੰਤਰ ਪਰਿਵਰਨ ਵਿਚ ਰਹਿੰਦੇ ਹਨ ਤੇ ਨਤੀਜੇ ਵਜੋਂ ਸਾਮਾਜਿਕ ਸੂਝ ਵੀ ਵਿਗਸਦੀ ਜਾਂਦੀ ਹੈ ਜਿਸ ਦੇ ਅੰਤਿਮ ਸਿੱਟੇ ਵਜੋਂ ਵਿਚਾਰਧਾਰਕ ਦੇ ਪ੍ਰਭਾਵ ਕਾਰਨ ਵਾਪਰਦੇ ਹਨ ਪਰ ਹਰ ਵਿਚਾਰਧਾਰਾ ਸਭਿਆਚਾਰਕ ਪਰਿਵਰਤਨ ਲਿਆਉਣ ਦੇ ਸਮਰੱਥ ਨਹੀਂ ਹੁੰਦੀ ਜਿਸ ਕਰਕੇ ਹਰ ਦਾਰਸ਼ਨਿਕ ਜਾਂ ਗਿਆਨੀ ਨਵੇਂ ਸਭਿਆਚਾਰ ਦਾ ਸ਼ਿਲਾਨਿਆਸ ਕਰਨ ਦੇ ਯੋਗ ਨਹੀਂ ਹੁੰਦਾ। ਬੀਤੇ ਉੱਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਹਰ ਸਮਾਜ ਨੇ ਅਣਗਿਣਤ ਵਿਚਾਰਧਾਰਾ ਦੇ ਸਿੱਧੀ ਸਾਦੀ ਹੋਣ ਜਾਂ ਗਹਿਰ ਗੰਭੀਰ ਹੋਣ ਦੀ ਕੋਈ ਭੂਮਿਕਾ ਨਹੀਂ। ਸਿੱਧੀ ਸਾਦੀ ਵਿਚਾਰਧਾਰਾ ਅਤਿਅੰਤ ਭਾਵਪੂਰਨ ਸਭਿਆਚਾਰ ਸਿਰਜ ਸਕਦੀ ਹੈ, ਜਦੋਂ ਕਿ ਗਹਿਰ ਗੰਭੀਰ ਵਿਚਾਰਧਾਰਾ, ਸਭਿਆਚਾਰ ਨਹੀਂ ਵੀ ਸਿਰਜ ਸਕਦੀ। ਸਭਿਆਚਾਰਾਂ ਦੀ ਇਤਿਹਾਸ ਰੇਖਾ ਦਰਸਾਉਂਦੀ ਹੈ ਕਿ ਸਭਿਆਚਾਰਾਂ ਦੀ ਸਿਰਜਣਾ ਅਤੇ ਉਨ੍ਹਾਂ ਦਾ ਪਸਾਰ ਕਰਨ ਵਿਚ ਧਾਰਮਿਕ ਵਿਚਾਰਧਾਰਾਵਾਂ ਨੇ ਵਧੇਰੇ ਨਿਪੁੰਨਤਾ ਦਿਖਾਈ ਹੈ। ਭਾਵੇਂ ਕਿ ਵਿਗਿਆਨਕ ਦ੍ਰਿਸ਼ਟੀਕੋਣ ਨੇ ਧਰਮ ਨੂੰ "ਪੁੱਠੀ ਸਾਮਾਜਿਕ ਚੇਤਨਾ" ਵੀ ਕਿਹਾ ਹੈ ਅਤੇ "ਮਨੁੱਖੀ ਹੋਂਦ ਦੀ ਖਿਆਲੀ ਅਨੁਭੂਤੀ" ਵੀ ਗਰਦਾਨਿਆ ਹੈ। ਪਰ ਸੱਚਾਈ ਇਹ ਹੈ ਕਿ ਗਰਦਾਨਗੀ ਜਾਂ ਨਿੰਦਾ ਮੁਹਿੰਮ ਨਾਲ ਜਨ-ਚੇਤਨਾ ਨੂੰ "ਛਲਾਵੇਦਾਰ ਖੁਸ਼ੀ ਦੇ ਭੁਲਚਾਵੇ ਤੋਂ "ਓਨੀ ਦੇਰ ਅਜ਼ਾਦ ਨਹੀਂ ਕਰਾਇਆ ਜਾ ਸਕਦਾ ਜਿੰਨੀ ਦੇਰ ਉਸ ਦੇ ਬਦਲ ਵਿਚ ਕੋਈ ਸਾਰਥਕ ਸਭਿਆਚਾਰ ਹੋਂਦ ਵਿਚ ਨਹੀਂ ਆ ਜਾਂਦਾ ਹੈ ਜਨ ਸਮੂਹਾਂ ਦੀ ਉਮੰਗ ਪੂਰੀ ਕਰਨ ਵਾਲਾ ਹੋਵੇ ਗ਼ਦਰ ਸਾਹਿਤ ਵਿਚ ਕ੍ਰਾਂਤੀਕਾਰੀ ਸੰਘਰਸ਼ ਦੇ ਕਿਸੇ ਵੀ ਹੋਰ ਪਹਿਲੂ ਨਾਲੋਂ, ਸਾਮਾਜਿਕ ਯੋਗਤਾ ਉੱਪਰ ਵਧਰੇ ਬਲ ਦਿੱਤਾ ਗਿਆ ਹੈ, ਜਿਸ ਨੂੰ ਉਹ ਕੌਮੀ ਇਖ਼ਲਾਕ ਤੇ ਕੌਮੀ ਆਦਰਸ਼ ਵੀ ਕਹਿੰਦੇ ਹਨ। ਗ਼ਦਰੀ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਜੇਕਰ ਕੋਈ ਕੌਮ ਹਾਰ ਵੀ ਜਾਵੇ ਤਾਂ ਵੀ ਉਸ ਦੇ "ਆਗੂਆਂ ਅਤੇ ਵਿਚਾਰਵਾਨਾਂ ਸਾਹਮਣੇ ਸਭ ਤੋਂ ਵੱਡਾ ਹਲ ਇਹੀ ਹੈ ਕਿ ਅਜਿਹੇ ਸਮੇਂ ਤੇ ਹਾਲਾਤ ਵਿਚ ਕੌਮੀ ਫ਼ਖਰ ਤੇ ਸਵੈਮਾਣ ਤੇ ਉੱਤਮ ਖ਼ਿਆਲਾਂ ਨੂੰ ਕੌਮ ਦੇ ਦਿਲ ਵਿਚ, ਜਿਸ ਤਰ੍ਹਾਂ ਵੀ ਹੋ ਸਕਦਾ ਹੋਵੇ, ਕਿਸੇ ਨਾ ਕਿਸੇ ਤਰ੍ਹਾਂ ਸੁਰਜੀਤ ਰੱਖਿਆ ਜਾਵੇ।" ਇਹ ਕੌਮਾਂ ਦੇ ਗੌਰਵਮਈ ਸਭਿਆਚਾਰ ਦੀ ਮਹਾਨਤਾ ਦਾ ਟੁੰਭਵਾਂ ਵਿਗਿਆਨ ਹੈ।"

ਗਦਰੀ ਬਾਬਿਆਂ ਨੇ ਭਾਰਤੀ ਸੰਸਕ੍ਰਿਤੀ ਦੇ ਪ੍ਰਸੰਗ ਵਿਚ ਸਮਾਜ ਦੀ ਮਾਨਸਿਕ ਅਵਸਥਾ ਦਾ ਦੁੱਖਦਾਈ ਚਿੱਤਰ ਪੇਸ਼ ਕੀਤਾ ਹੈ। ਗ਼ਦਰ ਸਾਹਿਤ ਵਿਚ ਕਿਹਾ ਗਿਆ ਹੈ ਕਿ "ਪੁਰਾਣੇ ਤੇ ਥੋਥੇ ਰਿਵਾਜ਼ ਵਿਚ ਅਤੇ ਰਹਿਣਾ ਅਤੇ ਭੇਡਚਾਰੀ ਕਰੀ ਜਾਣ ਨਾਲ ਕਦੇ ਸਾਡੀ ਤਰੱਕੀ ਨਹੀਂ ਹੋ ਸਕਦੀ... (ਪਰ) ਸਾਨੂੰ ਤਾਂ ਸਦਾ ਇਹੋ ਡਰ ਰਹਿੰਦਾ ਹੈ ਕਿ ਜੇ ਕਿਤੇ ਅਸੀਂ ਕੋਈ ਪੁਰਾਣਾ ਰਿਵਾਜ਼ ਜਿਸ ਦੀ ਕੀ ਮੌਜੂਦਾ ਜ਼ਮਾਨੇ ਨੂੰ ਲੋੜ ਨਹੀਂ ਛੱਡ ਦਿੱਤਾ ਤਾਂ ਸਾਡੇ ਉੱਤੇ ਤਾਂ ਉਸ ਰਸਮ ਦੇ ਦੇਵਤੇ ਦੀ ਕਰੋਪੀ ਹੋ ਜਾਏਗੀ। ਅਸੀਂ ਦੇਵਤਿਆਂ ਦੀਆਂ ਕਰੋਪੀਆਂ ਤੋਂ ਏਨੇ ਡਰੇ ਹੋਏ ਹਾਂ ਕਿ ਅਸੀਂ ਦੇਵਤੇ ਦੀ ਨਰਾਜ਼ਗੀ ਕਦੀ ਨਹੀਂ ਸਹਾਰ ਸਕਦੇ ਪਰ ਮਰਨਾ ਕਬੂਲ ਕਰ ਸਕਦੇ ਹਾਂ।... ਸਾਡੀ ਵਿਚ ਹੀਆ ਹੀ ਨਹੀਂ ਪੈਦਾ ਕਿ ਅਸੀਂ ਬਿਲਕੁਲ ਸਾਫ਼ ਲਫ਼ਜ਼ਾਂ ਵਿਚ ਉਸੇ ਭੈੜੇ ਰਸਮੋਂ ਰਿਵਾਜ਼ ਨੂੰ ਦੱਬੀ ਜਾਣ ਤੋਂ ਇਨਕਾਰ ਕਰ ਦੇਈਏ। ਸੱਚਮੁੱਚ ਇਨਕਾਰ ਕਰਨਾ ਤਾਂ ਦੁੱਖਾਂ ਦੇ ਪਹਾੜ ਸਹੇੜਨੇ ਹਨ ਤੇ ਦਰ ਬਦਰ ਦੇ ਧੱਕੇ ਖਾਣੇ ਹਨ। ਸੱਚ ਦੀ ਸੇਵਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ"... "ਕੋਈ ਧਾਰਮਿਕ ਮਰਿਯਾਦਾ, ਕੋਈ ਸਾਮਾਜਿਕ ਰਹੁ-ਰੀਤ ਜਿਹੜੀ ਕੌਮ ਜਾਂ ਦੇਸ਼ ਨੂੰ ਤਰੱਕੀ ਕਰਨ ਨਹੀਂ ਦਿੰਦੀ ਉਹ ਤਿਆਗ ਦੇਣੀ ਚਾਹੀਦੀ ਹੈ...।" ਅਜਿਹੇ ਤਿਆਗ ਦੀ ਇੱਛਾ ਕਰ ਲੈਣ ਜਾਂ ਸਲਾਹ ਦੇ ਦੇਣ ਨਾਲ ਹੀ ਲੋਕ ਆਪਣੀ ਸਦੀਆਂ ਪੁਰਾਣੀ ਜੀਵਨ ਜਾਂਚ ਬਦਲ ਨਹੀਂ ਲੈਂਦੇ। ਜਨ ਸਾਧਾਰਨ ਦੀ ਮਾਨਸਿਕਤਾ ਨੂੰ ਵੇਲਾ ਵਿਆਹ ਚੁੱਕੀ ਮਰਿਯਾਦਾ ਖਾਰਜ ਕਰਨ ਲਈ ਤਿਆਰ ਕਰਨਾ ਕਿੰਨਾ ਕਠਿਨ ਹੈ, ਉਸ ਦਾ ਸਹੀ ਅੰਦਾਜ਼ਾ ਸ਼ਾਇਦ ਗ਼ਦਰੀ ਬਾਬੇ ਹੀ ਲਗਾ ਸਕਦੇ ਸਨ।




ਉਨ੍ਹਾਂ ਦਾ ਨਤੀਜਾ ਸੀ ਕਿ, "ਲੋਕ ਸੇਵਾ ਬੜੀ ਉਖੀ (ਔਖੀ) ਘਾਟੀ ਹੈ, ਲੋਕਾਂ ਦੇ ਬਰਖਿਲਾਫ਼ ਜਾਣਾ ਤਾਂ ਜੋ ਲੋਕ ਭੈੜੀਆਂ ਰੀਤਾਂ ਤੇ ਮੁਰਦੇ ਰਸਮੋ-ਰਿਵਾਜ਼ ਨੂੰ ਤਿਆਗ ਦੇਣ ਅਤੇ ਆਪ ਲੋਕ ਲੱਜਿਆ ਵਿਰੁੱਧ ਰੂਪ ਹੋਣਾ ਇਕ ਬੜੀ ਕਠਿਨ ਸੇਵਾ ਹੈ... ਇਸ ਸੇਵਾ ਵਿਚ ਆਮ ਲੋਕ, ਸੇਵਕ ਨੂੰ ਨਹੀਂ ਸਮਝ ਸਕਿਆ ਕਰਦੈ...ਇਹ ਬੜੀ ਔਖੀ ਹੈ, ਉਨ੍ਹਾਂ ਲੋਕਾਂ ਦੀ ਹੀ ਬਰਖਿਲਾਫ਼ ਹੋਣਾ, ਜਿਨ੍ਹਾਂ ਦੀ ਸੇਵਾ ਕੀਤੀ ਜਾਵੇ...।" ਗ਼ਦਰੀ ਬਾਬਿਆਂ ਦੇ ਇਸ ਵਿਖਿਆਨ ਤੋਂ ਸਹਿਜੇ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਵਿਨਾਸ਼ਕਾਰੀ ਸਭਿਆਚਾਰ ਨੂੰ ਬਦਲਣ ਜਾਂ ਉਸਦੇ ਸਮਾਨਾਂਤਰ ਸਭਿਆਚਾਰ ਸਿਰਜਣ ਦੇ ਖਿਲਾਫ ਉਹ ਲੋਕ ਹੀ ਬੇਤਰਸ ਲੜਾਈ ਕਰਦੇ ਹਨ ਜਿਨ੍ਹਾਂ ਦੀ ਜ਼ਿੰਦਗੀ ਉਸ ਸਭਿਆਚਾਰ ਨੇ ਤਰਸਯੋਗ ਅਤੇ ਦੁਖਦਾਈ ਬਣਾ ਰੱਖੀ ਹੁੰਦੀ ਹੈ। ਕੀ ਉਨ੍ਹਾਂ ਨੂੰ ਆਪਣੇ ਦੁਖਦਾਈ ਜੀਵਨ ਨਾਲ ਮੁਹੱਬਤ ਹੋ ਗਈ ਹੁੰਦੀ ਹੈ ? ਬੱਸ ਇਹੀ ਹੈ ਕਿ ਉਹ ਜੰਦਰਾ ਜਿਸ ਦੀ ਕੁੰਜੀ ਲੱਭਣ ਦਾ ਯਤਨ ਕਰ ਰਹੇ ਹਾਂ। ਗ਼ਦਰੀ ਸਾਹਿਤ ਦੇ ਉਪਰੋਕਤ ਹਵਾਲੇ ਅੱਖਾਂ ਖੋਲ੍ਹ ਦੇਣ ਵਾਲੇ ਦੋ ਪੱਖ ਉਭਰਦੇ ਹਨ। ਪਹਿਲਾਂ ਇਹ ਕਿ ਸਭਿਆਚਾਰ ਭਾਵੇਂ ਦੁਖਦਾਈ ਹੋਵੇ ਭਾਵੇਂ ਸੁਖਦਾਈ, ਸਮਾਜੀ ਮਾਨਸਿਕਤਾ ਉੱਪਰ ਉਸ ਦੀ ਪਕੜ ਇੰਨੀ ਪੀਡੀ ਹੁੰਦੀ ਹੈ ਕਿ ਅੱਜ ਤੱਕ ਉਸ ਦੀਆਂ ਸਾਰੀਆਂ ਗੰਢਾਂ ਕੋਈ ਨਹੀਂ ਖੋਲ੍ਹ ਸਕਿਆ। ਦੂਜਾ ਇਹ ਹੈ ਕਿ ਸਮਾਜ ਆਪਣੇ ਘਸਟੇ ਪਿਟੇ ਤੇ ਨਕਾਰਾ ਹੋ ਚੁੱਕੇ ਸਭਿਆਚਾਰ ਨੂੰ ਕੇਵਲ ਇਸ ਵਹਿਮ ਕਾਰਨ ਹੀ ਨਹੀਂ ਤਿਆਗਦਾ ਕਿ ਜਿਹੜੇ ਦੁੱਖ ਉਹ ਵਰਤਮਾਨ ਸਭਿਆਚਾਰ ਵਿਚ ਭੋਗ ਰਿਹਾ ਹੈ, ਉਸ ਨਾਲੋਂ ਕਿਤੇ ਵੱਡਾ, 'ਦੁੱਖਾਂ ਦਾ ਪਹਾੜ' ਉਸ ਉੱਪਰ ਡਿੱਗ ਪੈਣਾ ਹੈ। ਇਸ ਕਰਕੇ, 'ਦੁੱਖਾਂ ਦੇ ਵੱਡੇ ਪਹਾੜ' ਸਾਹਵੇਂ, ਉਸ ਦੇ ਉਹ ਦੁੱਖ, ਉਸ ਨੂੰ ਦੁੱਖ ਲੱਗਣੋਂ ਹੱਟ ਜਾਂਦੇ ਹਨ, ਜਿਹੜੇ ਉਹ ਰੋਜ਼ਾਨਾ ਜੀਵਨ ਵਿਚ ਭੋਗ ਰਿਹਾ ਹੁੰਦਾ ਹੈ। ਗ਼ਦਰੀ ਦੇਸ਼ ਭਗਤਾਂ ਨੇ ਇਸ ਪ੍ਰਕਾਰ ਦੀ ਮਾਨਸਿਕਤਾ ਅਤੇ ਵਿਵਹਾਰ ਨੂੰ ਅਤਿਅੰਤ ਗਹਿਰਾਈ ਨਾਲ ਲਿਆ ਸੀ। ਉਹ ਲਿਖਦੇ ਹਨ ਕਿ, "ਬੁਜ਼ਦਿਲ ਉਹ ਹੈ ਜੋ ਆਪਣੀ ਅਜ਼ਾਦੀ ਦੀ ਖਾਤਰ ਹੱਥ ਪੈਰ ਨਾ ਹਿਲਾਏ ਅਤੇ ਬੇਵਕੂਫ਼ ਉਹ ਹੈ ਜੋ ਆਪਣੇ ਉੱਪਰ ਜ਼ੁਲਮ ਹੁੰਦੇ ਹੋਏ ਮਲੂਮ ਨਾ ਕਰੇ।" ਅਥਵਾ, ਮਨੁੱਖ ਦੇ ਦੁੱਖਾਂ ਵਿਚ 'ਬੇਵਕੂਫ਼ੀ' ਦੀ ਅਹਿਮ ਭੂਮਿਕਾ ਹੈ ਅਤੇ ਨਾਲ ਦੀ ਨਾਲ ਉਹ "ਦ੍ਰਿੜ੍ਹ ਵਿਸ਼ਵਾਸ" ਨੂੰ ਕਰਾਂਤੀਕਾਰੀ ਗਤੀਵਿਧੀਆਂ ਦਾ ਅਧਾਰ ਮੰਨਦੇ ਸਨ। ਸਾਮਾਜਿਕ ਪਰਿਵਰਤਨ ਲਈ ਜੂਝ ਰਹੇ ਵਿਅਕਤੀ ਦੀ ਮਾਨਸਿਕ ਬਣਤਰ ਬਾਰੇ ਉਹ ਲਿਖਦੇ ਹਨ ਕਿ "...ਆਪ ਦੁੱਖ ਉਠਾਉਣੇ ਤਾਂ ਜੋ ਲੋਕ ਸੁਖੀ ਹੋਣ ਕੋਈ ਮਾਮੂਲੀ ਆਦਰਸ਼ ਨਹੀਂ ਹੈ ਅਤੇ ਇਸ ਆਦਰਸ਼ ਨੂੰ ਸਿਰ ਚਾੜ੍ਹਨ ਲਈ ਕਿਸੇ ਤਕੜੇ ਮੁੱਲ ਦੀ ਲੋੜ ਹੈ...ਆਦਮੀ ਦੀ ਜ਼ਿੰਦਗੀ ਦਾ ਆਧਾਰ ਉਸ ਦੇ ਦ੍ਰਿੜ੍ਹ ਵਿਸ਼ਵਾਸ ਉੱਤੇ ਹੀ ਨਿਰਭਰ ਹੈ...ਮਨ ਦੀ ਤਾਕਤ ਦੇ ਦ੍ਰਿੜ੍ਹ ਵਿਸ਼ਵਾਸ ਦੀ ਮਦਦ ਨਾਲ ਆਦਮੀ ਆਪਣੇ ਵਿਚ ਇਕ ਤਰ੍ਹਾਂ ਦੀ ਸ਼ਕਤੀ ਪੈਦਾ ਕਰਦਾ ਹੈ...ਹਾਂ ਬਹੁਤ ਸਾਰੇ ਪੁਰਸ਼ ਇਸ ਲਈ ਨਹੀਂ ਕਾਮਯਾਬ ਹੁੰਦੇ ਕਿ ਉਨ੍ਹਾਂ ਦਾ ਸੁਭਾਵਿਕ ਗੁਣ ਤੇ ਆਚਰਣ ਚੰਗੇ ਨਹੀਂ ਹੁੰਦੇ।'... ਅਸਲ ਵਿਚ, ਕਿਸੇ ਵਿਅਕਤੀ ਜਾਂ ਵਿਅਕਤੀ ਦੇ ਸਮੂਹ ਦੇ ਕਿਰਦਾਰ ਦੀ ਰਚਨਾ ਉਨ੍ਹਾਂ ਦੀ ਸਾਂਝੀ ਸੂਝ ਸਾਂਝੇ ਵਿਵਹਾਰ ਅਤੇ ਉਨ੍ਹਾਂ ਪ੍ਰਸਥਿਤੀਆਂ ਉੱਤੇ ਨਿਰਭਰ ਹੁੰਦੀ ਹੈ ਜਿਹੜੀਆਂ ਉਨ੍ਹਾਂ ਨੂੰ ਨਸੀਬ ਹੁੰਦੀਆਂ ਹਨ। ਮਨੁੱਖੀ ਮਾਨਸਿਕਤਾ ਪ੍ਰਭਾਵਿਤ ਕਰਨ ਯੋਗ ਹੈ। ਉਸ ਨੂੰ ਕਿਸੇ ਵੀ ਸੇਧ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਹ ਤਬਦੀਲੀ ਵਿਚਾਰਧਾਰਾ ਉੱਤੇ ਨਿਰਭਰ ਹੁੰਦੀ ਹੈ। ਦੇਖਣ ਵਿਚ ਆਇਆ ਹੈ ਕਿ ਵਿਨਾਸ਼ਕਾਰੀ ਵਿਚਾਰਧਾਰਾ ਇਸ ਬਾਰੇ ਵਧੇਰੇ ਸੁਚੇਤ ਰਹਿੰਦੇ ਹੈ ਕਿ ਕੋਈ ਕਲਿਆਣਕਾਰੀ ਵਿਚਾਰਧਾਰਾ ਸਮਾਜੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਕੇ 'ਚਿੜੀਆਂ ਤੋਂ ਬਾਜ' ਨਾ ਤੁੜਵਾ ਦੇਵੇ। ਉਸ ਨੂੰ ਚਿੰਤਾ ਲੱਗੀ ਰਹਿੰਦੀ ਹੈ ਕਿ ਅਜਿਹੀ ਆਫ਼ਤ ਆਉਣ ਤੋਂ ਪਹਿਲਾਂ ਹੀ ਰੋਕੀ ਜਾਵੇ। ਦੋਹਾਂ ਪ੍ਰਸਥਿਤੀਆਂ ਵਿਚ ਸਭਿਆਚਾਰ, ਕ੍ਰਾਂਤੀਕਾਰੀ ਹੋਵੇ ਜਾਂ ਵਿਨਾਸ਼ਕਾਰੀ, ਲਹੂ ਬਣ ਕੇ, ਸਮਾਜ ਦੀਆਂ ਨਸਾਂ ਵਿਚ ਸੰਚਾਰ ਕਰਨ ਲੱਗਦਾ ਹੈ। ਇਸੇ ਤਰ੍ਹਾਂ ਅਧੀਨਗੀ ਦਾ ਸਭਿਆਚਾਰ ਸਵੈ-ਮਾਣ ਅਤੇ ਗੌਰਵ ਦੀ ਹੱਤਿਆ ਕਰ ਦਿੰਦਾ ਹੈ। ਇਥੇ ਗ਼ਦਰੀ ਦੇਸ਼ ਭਗਤ ਸਹਿਜ ਸੁਭਾਅ ਹੀ ਇਕ ਹੈਰਾਨੀਜਨਕ ਸਥਿਤੀ ਪੇਸ਼ ਕਰਦਿਆਂ ਰੱਖਦੇ ਹੋਏ ਵੀ ਬਜ਼ਾਰ ਵਿਚ ਇਕ ਬ੍ਰਾਹਮਣ ਨੂੰ ਝੁਕ ਝੁਕ ਕੇ ਪ੍ਰਣਾਮ ਕਰਦੇ ਹਨ। ਜਦੋਂ ਕਿ ਕਾਨੂੰਨ ਉਨ੍ਹਾਂ ਨੂੰ ਅਜਿਹਾ ਕਰਨ ਵਾਸਤੇ ਮਜ਼ਬੂਰ ਨਹੀਂ ਕਰਦਾ।' ਬਿਨਾਂ ਸ਼ੱਕ ਇਹ ਅਧੀਨਗੀ ਦੀ ਮਾਨਸਿਕਤਾ ਹੈ ਜਿਹੜੀ ਮਜ਼ਲੂਮ ਨੂੰ ਝੁਕਾਉਣ ਵਾਸਤੇ ਉਸ ਦਾ ਲੱਕ ਮਰੋੜਦੀ ਹੈ।

# ਮੁੜ ਹੋ ਸਕਦਾ ਹੈ ਪੰਥ ਦੋਖੀ ਬਾਦਲਕਿਆਂ ਨੂੰ ਮਾਫੀ ਦੇਣ ਵਾਲਾ ਡਰਾਮਾ : ਭਾਈ ਰਣਜੀਤ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਾਲ ਹੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਲਾਏ ਗਏ ਕਾਰਜਕਾਰੀ ਜਥੇਦਾਰ ਭਾਈ ਹਰਪ੍ਰੀਤ ਸਿੰਘ ਦਾ ਰਾਹ ਵੀ ਸੁਖਾਲਾ ਨਹੀਂ ਹੈ, ਸਭ ਤੋਂ ਵੱਡੀ ਚੁਣੌਤੀ ਆਮ ਸਿੱਖਾਂ ਤੇ ਪੰਥਕ ਲੋਕਾਂ ਦੇ ਮਨਾਂ 'ਚ ਬਾਦਲਕਿਆਂ ਪ੍ਰਤੀ ਪੈਦਾ ਹੋਏ ਰੋਹ ਤੇ ਰੋਸ ਨਾਲ ਸਿੱਝਣ ਦੀ ਹੈ। ਟਕਸਾਲੀ ਅਕਾਲੀ ਆਗੂਆਂ ਤੋਂ ਬਾਅਦ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਬਾਦਲਕਿਆਂ ਨੇ ਜਿਵੇਂ ਲਾਂਭੇ ਕੀਤੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਕੋਲੋਂ ਸੌਦਾ ਸਾਧ ਨੂੰ ਮਾਫ਼ੀ ਦਿਵਾਈ ਸੀ ਉਸੇ ਤਰ੍ਹਾਂ ਹੁਣ ਐਕਟਿੰਗ ਜਥੇਦਾਰ ਹਰਪ੍ਰੀਤ ਸਿੰਘ ਕੋਲੋਂ ਬਾਦਲ ਪਰਿਵਾਰ ਨੂੰ ਮਾਫ਼ੀ ਦਿਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਨਿਰਾ ਡਰਾਮਾ ਹੀ ਹੈ ਕਿ ਪਹਿਲਾਂ ਹੀ ਇਕ ਤਖ਼ਤ ਦੇ ਜਥੇਦਾਰ ਨੂੰ ਅਕਾਲ ਤਖ਼ਤ ਸਾਹਿਬ ਦਾ ਕਾਰਜਭਾਰ ਕਾਰਜਕਾਰੀ ਤੌਰ ਉਤੇ ਦਿਤਾ ਗਿਆ ਹੈ। ਉਹ ਪਹਿਲਾਂ ਹੀ ਇਕ ਤਖਤ ਦਾ ਜਥੇਦਾਰ ਹੈ, ਫੇਰ ਉਹਦੀ ਦੁਬਾਰਾ ਤਾਜਪੋਸ਼ੀ ਦੀ ਕੋਈ ਤੁਕ ਨਹੀਂ ਸੀ ਬਣਦੀ। ਉਨ੍ਹਾਂ ਕਿਹਾ ਕਿ ਇਹ ਸਭ ਡਰਾਮੇ ਬਾਦਲ ਪਰਿਵਾਰ ਉਤੇ ਛਾਏ ਸਿਆਸੀ ਤੇ ਪੰਥਕ ਸੰਕਟ ਤੋਂ ਉਹਨਾਂ ਨੂੰ ਨਿਜਾਤ ਦਿਵਾਉਣ ਦੀ ਕੋਸ਼ਿਸ਼ ਵਜੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੌਦਾ ਸਾਧ ਨੂੰ ਮਾਫ਼ੀ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜਿਹੀਆਂ ਘਟਨਾਵਾਂ ਲਈ ਹੁਣ ਛੇਤੀ ਹੀ ਪ੍ਰਕਾਸ਼ ਸਿੰਘ ਬਾਦਲ ਅਤੇ ਪਰਿਵਾਰ ਅਕਾਲ ਤਖ਼ਤ 'ਤੇ ਪੇਸ਼ ਹੋ 'ਨਿਮਾਣੇ ਸਿੱਖ' ਦਾ ਪ੍ਰਭਾਵ ਦੇ ਕੇ 'ਜਾਣੇ-ਅਣਜਾਣੇ' ਵਿਚ ਹੋਈ 'ਭੁੱਲ' ਲਈ ਖ਼ਿਮਾ ਯਾਚਨਾ ਕਰਨਗੇ। ਫਿਰ ਉਨ੍ਹਾਂ ਨੂੰ ਮਾਮੂਲੀ ਤਨਖ਼ਾਹ (ਧਾਰਮਿਕ ਸਜ਼ਾ) ਲਗਾਈ ਜਾਵੇਗੀ। ਫਿਰ ਉਥੇ ਅਖੰਡ ਪਾਠ ਸਾਹਿਬ ਦੇ ਭੋਗ ਪਾ 'ਗੁਰੂ ਰਾਮਦਾਸ ਦੇ ਖ਼ਜ਼ਾਨੇ' ਵਿਚੋਂ 20-30 ਲੱਖ ਰੁਪਿਆ ਖ਼ਰਚਿਆ ਜਾਵੇਗਾ ਤੇ ਅਕਾਲੀ ਜਲੇਬੀਆਂ ਦੇ ਲੰਗਰ ਲਾਉਣਗੇ ਅਤੇ ਬਾਦਲਾਂ ਦੇ ਪਾਪ ਧੋਤੇ ਹੋਣ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਦਲ ਅਕਾਲ ਤਖ਼ਤ ਦੇ ਵੱਕਾਰ ਨੂੰ ਢਾਅ ਲਾ ਜਥੇਦਾਰਾਂ ਨੂੰ ਕਠਪੁਤਲੀਆਂ ਦੀ ਤਰ੍ਹਾਂ ਵਰਤਣ ਦੇ ਆਦੀ ਹੋ ਚੁਕੇ ਹਨ। ਪਰ ਹੁਣ ਸਿੱਖ ਪੰਥ ਦੀ ਜ਼ਮੀਰ ਜਾਗ ਚੁਕੀ ਹੈ ਤੇ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਅਤੇ ਹੋਰਨਾਂ ਸਿੱਖ ਸੰਸਥਾਵਾਂ ਦੀ ਦੁਰਵਰਤੋਂ ਦਾ ਬਾਦਲਾਂ ਦਾ ਦਾਅ ਹੁਣ ਪੁਠਾ ਪਵੇਗਾ।



ਭਾਈ ਰਣਜੀਤ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਪੰਥ ਰਤਨ ਦੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਤੇ ਅਕਾਲੀਆਂ ਦੇ ਨਾਲ-ਨਾਲ ਤਖ਼ਤ ਸਾਹਿਬਾਨ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਬੇਅਦਬੀ ਲਈ ਜ਼ਿੰਮੇਵਾਰ ਲੋਕਾਂ ਦੇ ਹੱਕ ਵਿਚ ਹੀ ਡਟ ਗਏ। ਉਨ੍ਹਾਂ ਇਥੋਂ ਤੱਕ ਆਖ ਦਿੱਤਾ ਕਿ "ਮੰਨਿਆ ਕਿ ਬਾਦਲ ਪੰਜ ਵਾਰ ਮੁੱਖ ਮੰਤਰੀ ਰਹੇ ਹਨ ਪਰ ਇਤਿਹਾਸ ਵਿਚ ਉਹ ਇਕ ਅਸਫ਼ਲ ਸਿਆਸਤਦਾਨ ਵਜੋਂ ਜਾਣੇ ਜਾਣਗੇ ਕਿਉਂਕਿ ਉਨ੍ਹਾਂ ਦੀ ਸਰਪ੍ਰਸਤੀ ਹੇਠ ਸੌ ਸਾਲ ਪੁਰਾਣਾ ਅਕਾਲੀ ਦਲ ਅੱਜ ਪੰਜਾਬ ਵਿਧਾਨ ਸਭਾ ਵਿਚ ਫਾਡੀ ਰਹਿ ਗਿਆ। ਨਿਰੰਕਾਰੀ ਸੰਪਰਦਾ ਦੇ ਵੇਲੇ ਦੇ ਮੁਖੀ ਗੁਰਬਚਨ ਸਿੰਘ ਦੀ ਹਤਿਆ ਕੇਸ ਵਿਚ ਸਜ਼ਾ ਯਾਫ਼ਤਾ ਭਾਈ ਰਣਜੀਤ ਸਿੰਘ ਨੇ ਨਿਆਂਪਾਲਿਕਾ 'ਚ ਭਰੋਸਾ ਪ੍ਰਗਟਾਉਂਦਿਆਂ ਕਿਹਾ ਕਿ ਹੁਣ ਸੌਦਾ ਸਾਧ ਵਰਗਿਆਂ ਨੂੰ ਸੋਧਾ ਲਾਉਣ ਲਈ ਹਥਿਆਰਬੰਦ ਢੰਗ ਤਰੀਕੇ ਅਪਨਾਉਣ ਦੀ ਲੋੜ ਨਹੀ, ਇਹਨਾਂ ਨੂੰ ਅਦਾਲਤਾਂ ਸਜ਼ਾ ਦੇਣ ਲੱਗ ਪਈਆਂ ਹਨ।

ਬਹਿਬਲ ਕਲਾਂ ਗੋਲੀ ਕਾਂਡ

## ਸਿੱਟ ਵੱਲੋਂ ਆਈਜੀ ਪਰਮਰਾਜ ਉਮਰਾਨੰਗਲ ਤੋਂ ਪੁੱਛਗਿੱਛ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਬਣਾਈ ਗਈ ਐਸਆਈਟੀ ਵੱਲੋਂ ਬਹਿਬਲ ਕਲਾਂ ਤੇ ਬਰਗਾੜੀ ਵਿਚ ਜਾ ਕੇ ਜਾਂਚ ਕੀਤੀ ਜਾ ਰਹੀ ਹੈ। ਹਰ ਰੋਜ਼ ਹੀ ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਹੁਣ ਐਸਆਈਟੀ ਨੇ ਆਈਜੀ ਪਰਮਰਾਜ ਸਿੰਘ ਉਮਰਾ ਨੰਗਲ ਨੂੰ ਵੀ ਪੁੱਛਗਿੱਛ ਲਈ ਬੁਲਾਇਆ ਹੈ। ਡੀਜੀਪੀ ਪ੍ਰਬੋਧ ਕੁਮਾਰ ਤੇ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਉਮਰਾ ਨੰਗਲ ਤੋਂ ਪੁੱਛਗਿੱਛ ਕਰ ਰਹੇ ਹਨ। ਮਿਲੀ ਜਾਣਕਾਰੀ ਮੁਤਬਕ ਐਸਆਈਟੀ ਬਰਗਾੜੀ ਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਵਿਚ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਤੋਂ ਪੁੱਛਗਿੱਛ ਕਰ ਰਹੀ ਹੈ। ਗੌਰਤਲਬ ਹੈ ਕਿ ਬੇਅਦਬੀ ਮਾਮਲੇ ਨਾਲ ਜੁੜੇ ਬਰਗਾੜੀ ਤੇ ਬਹਿਬਲ ਕਲਾਂ ਗੋਲੀ ਕਾਂਡ ਬਾਰੇ ਵਿਧਾਨ ਸਭਾ ਵਿਚ ਸੀਬੀਆਈ ਤੋਂ ਤਫਤੀਸ਼ ਵਾਪਸ ਲੈਣ ਦੇ ਮਤੇ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਹਾਈਕੋਰਟ ਨੇ ਇਸ ਮਾਮਲੇ 'ਤੇ ਪੰਜਾਬ ਸਰਕਾਰ ਤੋਂ ਜਵਾਬ ਤਲਬ ਕਰ ਲਿਆ ਹੈ ਤੇ ਵਿਧਾਨ ਸਭਾ ਸਪੀਕਰ ਨੂੰ ਵੀ ਨੋਟਿਸ ਕਰ ਦਿੱਤਾ ਹੈ। ਹਾਈਕੋਰਟ ਨੇ ਕਿਹਾ ਹੈ ਕਿ ਵਿਧਾਨ ਸਭਾ ਦੇ ਮਤੇ 'ਤੇ ਨਜ਼ਰਸਾਨੀ ਕੀਤੀ ਜਾ ਸਕਦੀ ਹੈ।

### ਬੇਅਦਬੀ ਕਾਂਡ ਦੀ ਜਾਂਚ ਸੀਬੀਆਈ. ਤੋਂ ਵਾਪਸ ਲੈਣ ਦਾ ਮਾਮਲਾ ਪਹੁੰਚਿਆ ਅਦਾਲਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਗਸਤ ਮਹੀਨੇ ਦੇ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿਚ ਪਾਸ ਕੀਤੇ ਉਸ ਮਤੇ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ, ਜਿਸ ਵਿਚ ਬੇਅਦਬੀ ਕਾਂਡ ਦੀ ਜਾਂਚ ਸੀਬੀਆਈ ਤੋਂ ਵਾਪਸ ਲੈਣ ਦੀ ਪ੍ਰੋੜਤਾ ਕੀਤੀ ਗਈ ਸੀ। ਇਸ ਬਾਬਤ ਪੰਜਾਬ-ਹਰਿਆਣਾ ਹਾਈਕੋਰਟ ਨੇ ਵਿਧਾਨ ਸਭਾ ਨੂੰ ਸਪੀਕਰ ਰਾਹੀਂ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕਰ ਲਿਆ ਹੈ। ਮਾਨਯੋਗ ਅਦਾਲਤ ਵੱਲੋਂ ਨਾਲ ਹੀ ਹਦਾਇਤ ਕੀਤੀ ਗਈ ਹੈ ਕਿ ਸੀਬੀਆਈ ਤੋਂ ਜਾਂਚ ਵਾਪਸ ਲੈਣ ਉਪਰੰਤ ਬਣਾਈ ਐਸਆਈਟੀ ਜਾਂਚ ਦੀ ਅੰਤਿਮ ਰਿਪੋਰਟ ਵੀ ਅਗਲੇ ਹੁਕਮਾਂ ਤੋਂ ਪਹਿਲਾਂ ਟਰਾਇਲ ਕੋਰਟ ਵਿਚ ਪੇਸ਼ ਨਾ ਕੀਤੀ ਜਾਵੇ। ਹਾਈਕੋਰਟ ਦੇ ਜਸਟਿਸ ਰਾਜਨ ਗੁਪਤਾ ਦੀ ਇਕਹਿਰੀ ਬੈਂਚ ਦਾ ਇਹ ਹੁਕਮ ਐਸਆਈਟੀ ਜਾਂਚ ਨੂੰ ਅੰਤਿਮ ਰੂਪ ਦੇਣ ਤੋਂ ਨਹੀਂ ਰੋਕਦਾ, ਇਸ ਕਰਕੇ ਜਾਂਚ ਐਸਆਈਟੀ ਜਾਂਚ ਜਾਰੀ ਰਹੇਗੀ। ਗੌਰਤਲਬ ਹੈ ਕਿ ਪੁਲਿਸ ਅਫ਼ਸਰ ਸ਼ਮਸ਼ੇਰ ਸਿੰਘ ਨੇ ਐਡਵੋਕੇਟ ਸਤਪਾਲ ਸਿੰਘ ਸਿੱਧੂ ਰਾਹੀਂ ਹਾਈਕੋਰਟ ਵਿਚ ਪਟੀਸ਼ਨ ਦਾਖ਼ਲ ਕਰਕੇ ਕਿਹਾ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਬਰਗਾੜੀ ਕਾਂਡ ਦੀ ਰਿਪੋਰਟ ਦੇ ਨਾਲ ਸਰਕਾਰ ਨੂੰ ਭੇਜੀ ਸਿਫ਼ਾਰਸ਼ ਵਿਚ ਪਟੀਸ਼ਨਰ ਸਮੇਤ ਹੋਰ ਪੁਲਿਸ ਅਫ਼ਸਰਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਗਿਆ ਸੀ। ਕਿਉਂਕਿ ਕਈ ਵੱਡੇ ਅਫ਼ਸਰਾਂ ਵਿਰੁੱਧ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ ਹੈ, ਲਿਹਾਜ਼ਾ ਸਰਕਾਰ ਨੇ ਇਕ ਨੋਟੀਫ਼ਿਕੇਸ਼ਨ ਜਾਰੀ ਕਰਕੇ ਮਾਮਲਾ ਸੀਬੀਆਈ ਨੂੰ ਦਿੱਤੇ ਜਾਣ ਦਾ ਫ਼ੈਸਲਾ ਲਿਆ ਸੀ ਪਰ ਰਾਜਸੀ ਦਬਾਅ ਕਾਰਨ ਪੰਜਾਬ ਵਿਧਾਨ ਸਭਾ ਵਿਚ ਇਕ ਮਤਾ ਲਿਆ ਕੇ ਜਾਂਚ ਸੀਬੀਆਈ ਤੋਂ ਵਾਪਸ ਲੈਣ ਦਾ ਫ਼ੈਸਲਾ ਲੈ ਲਿਆ ਗਿਆ। ਇਸ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕਰਕੇ ਜਾਂਚ ਲਈ ਐਸਆਈਟੀ ਬਣਾ ਦਿੱਤੀ ਸੀ।

# ਅਕਾਲ ਤਖ਼ਤ ਦਾ ਨਵਾਂ ਜਥੇਦਾਰ ਤੇ ਪੰਥਕ ਸੋਚ

**ਰਜਿੰਦਰ ਸਿੰਘ**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੀ ਬੈਠਕ ਦੇ ਫੈਸਲੇ ਅਨੁਸਾਰ ਬੀਤੇ ਦਿਨੀਂ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਬਣਾਇਆ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਨ ਅਤੇ ਹੁਣ ਸ੍ਰੀ ਅਕਾਲ ਤਖਤ ਸਾਹਿਬ 'ਚ ਵੀ ਸਿੱਖਾਂ ਦੀ ਸਿਰਮੌਰ ਸੰਸਥਾ ਦੀ ਕਮਾਨ ਕਾਰਜਕਾਰੀ ਜਥੇਦਾਰ ਵਜੋਂ ਸੰਭਾਲ ਲਈ ਹੈ। ਗਿਆਨੀ ਹਰਪ੍ਰੀਤ ਸਿੰਘ ਪੀ. ਐੱਚ. ਡੀ. ਕਰ ਰਹੇ ਹਨ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਕਸਬੇ ਗਿੱਦੜਬਾਹਾ ਨਿਵਾਸੀ ਹਨ। ਇਹ ਹੀ ਨਹੀਂ ਉਹ ਤੁਲਨਾਤਮਿਕ ਧਾਰਮਿਕ ਅਧਿਐਨਾਂ ਵਿਚ ਮਾਸਟਰ ਡਿਗਰੀ ਹੋਲਡਰ ਵੀ ਹਨ। ਹਰਪ੍ਰੀਤ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਅਤੇ ਨਾਲ-ਨਾਲ ਸ੍ਰੀ ਦਮਦਮਾ ਸਾਹਿਬ ਦਾ ਕੰਮਕਾਜ ਵੀ ਦੇਖਦੇ ਰਹਿਣਗੇ। ਹਾਲਾਂਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਕਾਰਜਕਾਰੀ ਜਥੇਦਾਰ ਲਗਾਉਣ ਤੋਂ ਸਾਫ ਜਾਹਿਰ ਹੋ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਬਾਦਲ ਦਲ ਤੇ ਪਰਿਵਾਰ ਦੀ ਅਕਾਲ ਤਖਤ ਸਾਹਿਬ ਲਈ ਨਵਾਂ ਅਤੇ ਪੱਕੇ ਜਥੇਦਾਰ ਦੀ ਭਾਲ ਹਾਲੇ ਜਾਰੀ ਹੈ।

ਯਾਦ ਰਹੇ ਕਿ 18 ਅਕਤੂਬਰ ਦੀ ਰਾਤ ਦੌਰਾਨ ਗਿਆਨੀ ਗੁਰਬਚਨ ਸਿੰਘ ਨੇ ਜਥੇਦਾਰ ਦੇ ਅਹੁਦੇ ਤੋਂ ਅਸਤੀਫਾ ਦਿੱਤਾ, ਜਿਸ ਤੋਂ ਬਾਅਦ ਇਹ ਅਹੁਦਾ ਖਾਲੀ ਸੀ। ਗਿਆਨੀ ਗੁਰਬਚਨ ਸਿੰਘ ਨੇ ਅਸਤੀਫੇ ਵਿਚ ਆਪਣੀ ਵਡੇਰੀ ਉਮਰ ਦਾ ਹਵਾਲਾ ਦਿੱਤਾ ਹੈ। ਇਸ ਤੋਂ ਪਹਿਲਾਂ ਪੰਥਕ ਅਸੈਂਬਲੀ ਵਿਚ ਇਹ ਮੁੱਦਾ ਉਠਾਇਆ ਗਿਆ ਸੀ ਕਿ ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਲਈ ਸਮੁੱਚੇ ਪੰਥ ਦੀ ਮੀਟਿੰਗ ਹੋਵੇ ਤੇ ਇਸ ਨਿਯੁਕਤੀ ਲਈ ਪੰਥਕ ਕਮੇਟੀ ਬਣੇ ਤੇ ਸਿਧਾਂਤ ਤੈਅ ਕੀਤੇ ਜਾਣ ਕਿ ਅਕਾਲ ਤਖਤ ਦਾ ਜਥੇਦਾਰ ਕੌਣ ਬਣੇ, ਉਸ ਦੀ ਉਮਰ ਤੇ ਯੋਗਤਾ ਕੀ ਹੋਵੇ। ਯਾਦ ਰਹੇ ਕਿ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਸ਼੍ਰੋਮਣੀ ਕਮੇਟੀ ਤੇ ਪੰਥ ਦੇ ਸਾਹਮਣੇ ਇਸ ਅਹੁਦੇ ਦੀ ਨਿਯੁਕਤੀ ਦੇ ਲਈ ਸਿਧਾਂਤ ਤੈਅ ਕਰਨ ਲਈ ਕਮੇਟੀ ਤੇ ਖਰੜਾ ਬਣਾਉਣ ਨੂੰ ਕਿਹਾ ਸੀ। ਸਿੱਖਾਂ ਦੇ ਬੌਧਿਕ ਧੜੇ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਅਕਾਲ ਤਖਤ ਦਾ ਕੋਈ ਜਥੇਦਾਰ ਨਹੀਂ ਹੁੰਦਾ। ਅਕਾਲ ਤਖਤ ਦਾ ਜਥੇਦਾਰ ਗੁਰੂ ਆਪ ਹੈ। ਗੁਰੂ ਕਾਲ ਸਮੇਂ ਅਕਾਲ ਤਖ਼ਤ ਦਾ ਨਾਮ ਅਕਾਲ ਬੁੰਗਾ ਹੀ ਹੁੰਦਾ ਸੀ। ਪੰਥਕ ਚਿੰਤਕਾਂ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਜਾਂ ਕਿਸੇ ਵੀ ਇਕ ਧੜੇ ਨੂੰ ਅਧਿਕਾਰ ਨਹੀਂ ਅਜਿਹੀ ਚੋਣ ਕਰਨ ਦਾ ਜਾਂ ਪੁਜਾਰੀ ਵਰਗ ਥਾਪਣ ਦਾ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਇਸ ਅਹੁਦੇ ਦੇ ਦੁਰਵਰਤੋਂ ਪੰਥ ਨੂੰ ਖੁਆਰ ਕਰਨ ਲਈ ਹੁੰਦੀ ਰਹੀ ਹੈ ਤੇ ਗਲਤ ਫੈਸਲੇ ਹੁੰਦੇ ਰਹੇ ਹਨ। ਕਦੇ ਅਕਾਲ ਤਖਤ ਸਾਹਿਬ ਦੀ ਤਬਾਹੀ ਤੋਂ ਬਾਅਦ ਜਥੇਦਾਰ ਅਕਾਲ ਤਖ਼ਤ ਵਲੋਂ ਕਿਹਾ ਜਾਣਾ ਕਿ ਕੋਠਾ ਸਾਹਿਬ ਠੀਕ ਠਾਕ ਹੈ। ਕਦੇ ਸੌਦਾ ਸਾਧ ਰਾਮ ਰਹੀਮ ਨੂੰ ਮੁਆਫੀ ਤੇ ਕਦੇ ਪਾਖੰਡੀ ਸਾਧਾਂ ਕੋਲੋਂ ਸਨਮਾਨ ਲੈਣੇ ਤੇ ਡੇਰਾਵਾਦ ਨੂੰ ਉਤਸ਼ਾਹਿਤ ਕਰਨਾ। ਇਹੋ ਜਿਹੀਆਂ ਹੋਰ ਬਹੁਤ ਸਾਰੀਆਂ ਗਲਤੀਆਂ ਹਨ ਜੋ ਮੀਰੀ-ਪੀਰੀ ਸਿਧਾਂਤ ਨੂੰ ਠੇਸ ਪਹੁੰਚਾਉਂਦੀਆਂ ਰਹੀਆਂ ਹਨ। ਅਸਲ ਵਿਚ ਅਕਾਲ ਤਖ਼ਤ ਗੁਰਦੁਆਰਾ ਐਕਟ ਦੇ ਅਧੀਨ ਨਹੀਂ ਹੋ ਸਕਦਾ। ਗੁਰਦੁਆਰਾ ਐਕਟ ਦਾ ਮੁੱਖ ਮਕਸਦ ਗੁਰਦੁਆਰਾ ਪ੍ਰਬੰਧਾਂ ਦੀ ਸੰਭਾਲ ਕਰਨਾ ਹੈ, ਨਾ ਕਿ ਪੰਥ ਦੀ ਖੁਦਮੁਖਤਿਆਰੀ ਵਿਚ ਦਖਲਅੰਦਾਜ਼ੀ ਦੇਣਾ। ਅਕਾਲ ਤਖ਼ਤ ਦੇ ਜਥੇਦਾਰ ਦਾ ਅਹੁਦਾ ਪੰਥ ਦੀ ਖੁਦਮੁਖਤਿਆਰੀ ਨਾਲ ਜੁੜਿਆ ਹੋਇਆ ਹੈ। ਜੇ ਅਕਾਲ ਤਖ਼ਤ ਕਿਸੇ ਦਾ ਗੁਲਾਮ ਨਹੀਂ, ਤਾਂ ਜਥੇਦਾਰ ਕਿਸੇ ਪਰਿਵਾਰ ਜਾਂ ਦਲ ਦਾ ਜਾਂ ਧੜੇ ਦਾ ਗੁਲਾਮ ਕਿਵੇਂ ਹੋ ਸਕਦਾ ਹੈ? ਸਿੱਖ ਇਤਿਹਾਸ ਗਵਾਹ ਹੈ ਕਿ ਭਾਈ ਮਨੀ ਸਿੰਘ, ਸਿਰਦਾਰ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹੂਲਵਾਲੀਆ, ਬਾਬਾ ਨੈਣਾ ਸਿੰਘ, ਬਾਬਾ ਸਾਹਿਬ ਸਿੰਘ ਬੇਦੀ, ਅਕਾਲੀ ਫੂਲਾ ਸਿੰਘ ਅਕਾਲ ਤਖ਼ਤ ਦੇ ਜਥੇਦਾਰ ਨਹੀਂ ਖਾਲਸਾ ਪੰਥ ਦੇ ਜਥੇਦਾਰ ਰਹੇ ਹਨ। ਖਾਲਸਾ ਪੰਥ ਵਿਚ ਇਨ੍ਹਾਂ ਦਾ ਸਤਿਕਾਰ ਹੋਣ ਕਰਕੇ ਇਨ੍ਹਾਂ ਨੂੰ ਪੰਥ ਦਾ ਮੁੱਖ ਸੇਵਾਦਾਰ ਮੰਨ ਲਿਆ ਗਿਆ ਸੀ ਤੇ ਇਹ ਸਰਬੱਤ ਖਾਲਸਾ ਬੁਲਾ ਕੇ ਫੈਸਲੇ ਕਰਦੇ ਰਹੇ ਹਨ। ਸਰਬੱਤ ਖਾਲਸਾ ਵਿਚ ਪੰਜ ਸਿੰਘ ਚੁਣੇ ਜਾਂਦੇ ਸਨ, ਜੋ ਗੁਰਮਤਾ ਕਰਦੇ ਸਨ। ਇਹ ਗੁਰਮਤੇ ਪੰਥ ਦੀ ਸਲਾਹ ਨਾਲ ਕੀਤੇ ਜਾਂਦੇ ਸਨ। ਪੰਥਕ ਮੁੱਦਿਆਂ 'ਤੇ ਸਮੁੱਚੇ ਪੰਥ ਦੀ ਸਹਿਮਤੀ ਹੁੰਦੀ ਸੀ। ਭਾਵੇਂ ਜਿੰਨੇ ਮਰਜ਼ੀ ਮਤਭੇਦ ਹੁੰਦੇ ਸਨ, ਉਹ ਸਭ ਸਫ਼ਾਂ ਵਿਛਾ ਕੇ ਰਲ ਮਿਲ ਕੇ ਮਿਟਾ ਲਏ ਜਾਂਦੇ ਸਨ। ਇਹੀ ਪੰਥ ਦੀ ਚੜ੍ਹਦੀ ਕਲਾ ਤੇ ਇਤਿਹਾਸ ਸਿਰਜਣ ਦਾ ਕਾਰਨ ਰਿਹਾ ਹੈ। ਜੇਕਰ ਗੁਰਦੁਆਰਾ ਐਕਟ ਦੀ ਗੱਲ ਕਰੀਏ ਤਾਂ ਇਹ ਭਾਰਤ ਸਰਕਾਰ ਦੇ ਅਧੀਨ ਹੈ ਤੇ ਭਾਰਤ ਸਰਕਾਰ ਦੇ ਐਕਟ ਦੇ ਅਧੀਨ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ ਤੇ ਅਕਾਲ ਤਖ਼ਤ ਕਿਵੇਂ ਹੋ ਸਕਦਾ ਹੈ? ਇਹ ਅਕਾਲ ਤਖ਼ਤ ਸਾਹਿਬ ਦੀ ਖੁਦਮੁਖਤਿਆਰੀ ਅੱਗੇ ਪ੍ਰਸ਼ਨ ਚਿੰਨ੍ਹ ਹੈ। ਸ਼੍ਰੋਮਣੀ ਕਮੇਟੀ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਕਰੇ। ਇਹੀ ਅੜੀਅਲ ਰੁੱਖ ਸ਼੍ਰੋਮਣੀ ਅਕਾਲੀ ਦਲ ਦੀ ਬਰਬਾਦੀ ਤੇ ਨਿਘਾਰ ਦਾ ਕਾਰਨ ਬਣ ਰਿਹਾ ਹੈ। ਪੂਰਾ ਸਿੱਖ ਯੂਥ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋ ਰਿਹਾ ਹੈ। ਸ਼ੋਸ਼ਲ ਮੀਡੀਆ ਤੇ ਇਸ ਸੰਬੰਧੀ ਪੈ ਰਹੀਆਂ ਪੋਸਟਾਂ ਇਸ ਗੱਲ ਦੀਆਂ ਗਵਾਹ ਹਨ ਕਿ ਸੰਗਤ ਬਾਦਲ ਅਕਾਲੀ ਦਲ ਤੋਂ ਨਿਰਾਸ਼ ਹੈ।

ਜੇਕਰ ਗੁਰਦੁਆਰਾ ਐਕਟ ਦੀ ਗੱਲ ਕਰੀਏ ਤਾਂ ਸਰਕਾਰ ਵਲੋਂ ਜੋ ਵਿਧੀ ਵਿਧਾਨ ਤਿਆਰ ਕੀਤਾ ਗਿਆ, ਉਸੇ ਨੂੰ 1925 ਦਾ ਗੁਰਦੁਆਰਾ ਐਕਟ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਇਸ ਐਕਟ ਅਧੀਨ ਹੋਈ ਅਤੇ ਇਹ ਇੱਕ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਹੈ। ਇਹ ਕਮੇਟੀ ਜਿੱਥੇ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੀ ਹੈ, ਸਿੱਖ ਇਤਿਹਾਸਕ ਸਥਾਨ ਹੋਣ ਕਾਰਨ ਪੰਜਾਬ ਵਿਚਲੇ ਤਿੰਨਾਂ ਤਖ਼ਤਾਂ ਦਾ ਪ੍ਰਬੰਧ ਵੀ ਇਸੇ ਅਧੀਨ ਆਉਂਦਾ ਹੈ। ਇਸ ਐਕਟ ਵਿੱਚ ਕਿਤੇ ਵੀ ਕੋਈ ਅਕਾਲ ਤਖ਼ਤ ਜਾਂ ਕਿਸੇ ਹੋਰ ਤਖ਼ਤ ਦੇ ਜਥੇਦਾਰ ਦੇ ਅਹੁਦੇ ਦਾ ਨਾਂ ਤੱਕ ਨਹੀਂ ਹੈ। ਹਾਂ ਇਸ ਦੇ ਭਾਗ 3, ਚੈਪਟਰ 6, ਧਾਰਾ 43. 2 ਅਨੁਸਾਰ ਹੈਡ ਮਿਨਿਸਟਰ ਦਾ ਅਹੁਦਾ ਹੈ, ਅਤੇ ਅੰਗ੍ਰੇਜ਼ੀ ਨੇਮ ਅਨੁਸਾਰ ਇਸ ਦਾ ਅਰਥ ਹੈ, ਮੁੱਖ-ਪੁਜਾਰੀ। ਸ਼੍ਰੋਮਣੀ ਕਮੇਟੀ ਵਲੋਂ 1968 ਵਿੱਚ ਤਖ਼ਤ ਐਲਾਨੇ ਦਮਦਮਾ ਸਾਹਿਬ ਨੂੰ ਭਾਰਤ ਸਰਕਾਰ ਨੇ ਸੈਕਸ਼ਨ 43 ਅਧੀਨ ਮਾਨਤਾ, ਮਨਿਸਟਰੀ ਔਫ ਹੋਮ ਅਫੇਰਜ਼ ਦੇ ਮਿਤੀ 23 ਅਪ੍ਰੈਲ 1999 ਦੇ ਨੋਟੀਫਿਕੇਸ਼ਨ ਨੰ. ਐਸ. ਓ. 281 (ਈ) ਰਾਹੀਂ ਦਿੱਤੀ, ਇਸ ਵਿੱਚ ਵੀ ਹੈਡ ਮਿਨਿਸਟਰ ਦਾ ਹੀ ਅਹੁਦਾ ਪ੍ਰਵਾਨ ਕੀਤਾ ਗਿਆ, ਕਿਸੇ ਜਥੇਦਾਰ ਦਾ ਨਹੀਂ। ਸਿੱਖ ਕੌਮ ਵਿੱਚ ਪੂਜਾ ਜਾਂ ਪੁਜਾਰੀ ਦਾ ਕੋਈ ਵਿਧਾਨ ਨਹੀਂ, ਇਸ ਲਈ ਸਿੱਖ ਸੰਦਰਭ ਵਿੱਚ, ਅਸੀਂ ਇਸ ਨੂੰ ਮੁੱਖ ਗ੍ਰੰਥੀ ਕਹਿ ਸਕਦੇ ਹਾਂ। ਇਹ ਇਸ ਤੋਂ ਵੀ ਸਪੱਸ਼ਟ ਹੈ ਕਿਉਂਕਿ ਇਸੇ ਐਕਟ ਦੇ ਭਾਗ 3, ਚੈਪਟਰ 6, ਸੈਕਸ਼ਨ 46 (6) ਅਨੁਸਾਰ ਬਾਕੀ ਗ੍ਰੰਥੀਆਂ ਵਾਸਤੇ ਮਿਨਿਸਟਰ ਸ਼ਬਦ ਵਰਤਿਆ ਗਿਆ ਹੈ। ਪਰ ਸ਼੍ਰੋਮਣੀ ਕਮੇਟੀ ਇਸ ਦਾ ਅਰਥ ਬਦੋਬਦੀ, ਜਥੇਦਾਰ ਕੱਢਣ ਦਾ ਯਤਨ ਕਰ ਰਹੀ ਹੈ, ਪਰ ਜਿਥੇ ਮਿਨਿਸਟਰ ਸ਼ਬਦ ਬਾਕੀ ਗ੍ਰੰਥੀਆਂ ਵਾਸਤੇ ਵਰਤਿਆ ਗਿਆ ਹੈ, ਇਹੀ ਹੈਡ ਮਿਨਿਸਟਰ ਸ਼ਬਦ ਦਰਬਾਰ ਸਾਹਿਬ ਵਾਸਤੇ ਵੀ ਵਰਤਿਆ ਗਿਆ ਹੈ, ਸੋ ਇਸ ਦਾ ਅਰਥ ਕਿਸੇ ਤਰ੍ਹਾਂ ਵੀ ਜਥੇਦਾਰ ਨਹੀਂ ਹੋ ਸਕਦਾ, ਅਸੀਂ ਇਸ ਨੂੰ ਮੁੱਖ ਗ੍ਰੰਥੀ ਹੀ ਕਹਿ ਸਕਦੇ ਹਾਂ।

ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਨੂੰ ਉਸਾਰੂ ਸੋਚ ਅਪਨਾਉਣ ਦੀ ਲੋੜ ਹੈ ਤੇ ਉਹ ਧੱਕੇ ਨਾਲ ਅਕਾਲ ਤਖ਼ਤ ਸਾਹਿਬ ਉੱਪਰ ਆਪਣਾ ਕਬਜ਼ਾ ਕਰਨ ਦੀ ਕੋਸ਼ਿਸ਼ ਨਾ ਕਰੇ। ਖਾਲਸਾ ਪੰਥ ਗੁਰੂ ਦੇ ਅਜ਼ਾਦ ਕੀਤੇ ਬੰਦਿਆਂ ਦਾ ਰਾਹ ਹੈ ਤੇ ਇਸ ਇਨਕਲਾਬ ਨੂੰ ਕੋਈ ਵੀ ਧਿਰ ਨਹੀਂ ਰੋਕ ਸਕਦੀ ਤੇ ਅਕਾਲੀ ਦਲ ਤੇ ਮਹਾਂਰਥੀ ਖਾਲਸਾ ਪੰਥ 'ਤੇ ਕਾਠੀ ਪਾਉਣ ਦੀ ਕੋਸ਼ਿਸ਼ ਨਾ ਕਰਨ। ਇਸ ਦੇ ਨਤੀਜੇ ਨਾ ਪੰਥ ਦੇ ਹਿੱਤ ਵਿਚ ਹੋਣਗੇ ਨਾ ਅਕਾਲੀ ਦਲ ਦੇ ਹਿੱਤ ਵਿਚ। ਸਮੁੱਚੇ ਪੰਥ ਨੂੰ ਅਕਾਲ ਤਖ਼ਤ ਸਾਹਿਬ ਦੀ ਖੁਦਮੁਖਤਿਆਰੀ ਬਾਰੇ ਸੋਚਣ ਦੀ ਲੋੜ ਹੈ।

# ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦਾ ਸ਼ਹੀਦੀ ਸਮਾਗਮ 'ਚ ਹੋਇਆ ਵਿਰੋਧ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਵੇਂ ਥਾਪੇ ਕਾਰਜਕਾਰੀ ਜਥੇਦਾਰ ਦਾ ਸਿੱਖ ਸੰਗਤਾਂ ਵਿਚ ਵਿਰੋਧ ਹੋ ਰਿਹਾ ਹੈ। ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪਹਿਲੇ ਦਿਨ ਹੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਨੇੜੇ ਗੁਰਦੁਆਰਾ ਝੰਡਾ ਬੁੰਗਾ ਵਿਖੇ ਸ਼੍ਰੋਮਣੀ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਅਖੰਡ ਪਾਠ ਦਾ ਭੋਗ ਪਾਇਆ ਗਿਆ ਸੀ। ਸਮਾਗਮ ਵਿਚ ਅਕਾਲ ਤਖ਼ਤ ਦੇ ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਪੁੱਜੇ ਹੋਏ ਸਨ। ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਅਖੰਡ ਪਾਠ ਦੇ ਭੋਗ ਸਮੇਂ ਦੋ ਸਿੱਖ ਆਗੂਆਂ ਨੇ ਜਥੇਦਾਰ ਕੋਲੋਂ ਸਿਰੋਪੇ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਇਕ ਧਿਰ ਵਲੋਂ



ਥਾਪੇ ਜਥੇਦਾਰ ਨੂੰ ਮਾਨਤਾ ਨਹੀਂ ਦਿੰਦੇ ਹਨ। ਸਮਾਗਮ ਵਿਚ ਪਹਿਲਾਂ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਦੀਪ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਅਰਦਾਸ ਭਾਈ ਕੁਲਵਿੰਦਰ ਸਿੰਘ ਨੇ ਕੀਤੀ। ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਬੇਅੰਤ ਸਿੰਘ ਅਤੇ ਹੋਰ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਦੌਰਾਨ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਉਸ ਵੇਲੇ ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਲੈਣ ਲਈ ਆਖਿਆ ਗਿਆ ਪਰ ਪਰਿਵਾਰ ਵਿਚੋਂ ਕੋਈ ਵੀ ਹਾਜ਼ਰ ਨਹੀਂ ਸੀ। ਇਸ ਮੌਕੇ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਰਨੈਲ ਸਿੰਘ ਸਖੀਰਾ ਨੂੰ ਬੇਅੰਤ ਸਿੰਘ ਦੇ ਪਰਿਵਾਰ ਦੇ ਆਧਾਰ 'ਤੇ ਸਿਰੋਪੇ ਲੈਣ ਵਾਸਤੇ ਸੱਦਿਆ ਗਿਆ ਪਰ ਦੋਵਾਂ ਆਗੂਆਂ ਨੇ ਇਹ ਕਹਿ ਕੇ ਸਿਰੋਪੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਇਕ ਧਿਰ ਵਲੋਂ ਥਾਪੇ ਜਥੇਦਾਰ ਨੂੰ ਮਾਨਤਾ ਨਹੀਂ ਦਿੰਦੇ। ਇਹ ਕਹਿ ਕੇ ਦੋਵੇਂ ਆਗੂ ਸਮਾਗਮ ਵਿਚੋਂ ਵਾਪਸ ਆ ਗਏ। ਸ੍ਰੀ ਕੰਵਰਪਾਲ ਸਿੰਘ ਨੇ ਮਗਰੋਂ ਗੱਲਬਾਤ ਕਰਦਿਆਂ ਆਖਿਆ ਕਿ ਨਵਨਿਯੁਕਤ ਕਾਰਜਕਾਰੀ ਜਥੇਦਾਰ ਨੂੰ ਵੀ ਉਸੇ ਧਿਰ ਵਲੋਂ ਨਿਯੁਕਤ ਕੀਤਾ ਗਿਆ ਹੈ, ਜਿਸ ਨੇ ਪਹਿਲੇ ਜਥੇਦਾਰ ਨਿਯੁਕਤ ਕੀਤੇ ਅਤੇ ਉਨ੍ਹਾਂ 'ਤੇ ਦਬਾਅ ਪਾ ਕੇ ਮਨ ਚਾਹੁੰਦੇ ਹੁਕਮਨਾਮੇ ਜਾਰੀ ਕਰਵਾਏ। ਇਨ੍ਹਾਂ ਹੁਕਮਨਾਮਿਆਂ ਕਰ ਕੇ ਸਿੱਖ ਕੌਮ ਨੂੰ ਸ਼ਰਮਸਾਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਉਹ ਜਥੇਦਾਰ ਦੇ ਨਹੀਂ ਬਲਕਿ ਉਸ ਸਿਸਟਮ ਖਿਲਾਫ਼ ਹਨ, ਜੋ ਆਪਣੇ ਮੁਫਾਦਾਂ ਲਈ ਅਕਾਲ ਤਖ਼ਤ ਦੀ ਦੁਰਵਰਤੋਂ ਕਰ ਰਿਹਾ ਹੈ। ਇਹ ਰੁਝਾਨ ਬੰਦ ਹੋਣਾ ਚਾਹੀਦਾ ਹੈ। ਸ੍ਰੀ ਸਖੀਰਾ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪਹਿਲਾਂ ਹੀ ਮੌਜੂਦਾ ਜਥੇਦਾਰਾਂ ਨੂੰ ਰੱਦ ਕਰ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜੇਕਰ ਸਮਾਗਮ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਸੰਬੋਧਨ ਕਰਦੇ ਤਾਂ ਵੀ ਉਨ੍ਹਾਂ ਵਿਰੋਧ ਵਜੋਂ ਸਮਾਗਮ ਛੱਡਣ ਦਾ ਫੈਸਲਾ ਕੀਤਾ ਸੀ।

ਸਮਾਗਮ ਦੌਰਾਨ ਭਾਈ ਸਤਵੰਤ ਸਿੰਘ ਦੇ ਭਤੀਜੇ ਸੁਖਵਿੰਦਰ ਸਿੰਘ ਅਗਵਾਨ ਨੂੰ ਸ਼ਹੀਦ ਪਰਿਵਾਰ ਵਜੋਂ ਸਿਰੋਪਾ ਦਿੱਤਾ ਗਿਆ। ਸਮਾਗਮ ਵਿੱਚ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ, ਸਕੱਤਰ ਬਲਵਿੰਦਰ ਸਿੰਘ ਜੌੜਾ ਸਿੰਘਾ, ਮੈਨੇਜਰ ਜਸਵਿੰਦਰ ਸਿੰਘ, ਫੈਡਰੇਸ਼ਨ ਆਗੂ ਮਨਜੀਤ ਸਿੰਘ ਭੋਮਾ, ਸਰਬਜੀਤ ਸਿੰਘ ਸੋਹਲ, ਦਲਜੀਤ ਸਿੰਘ ਬਿੱਟੂ ਤੇ ਹੋਰ ਹਾਜ਼ਰ ਸਨ।

# ਮਾਂ ਬੋਲੀ ਨਾਲ ਪ੍ਰੀਤ ਤੋੜ ਨਿਭਾਉਣ ਦੀ ਲੋੜ

**ਮਿੱਤਰ ਸੈਨ ਮੀਤ**
(98556-31777)




ਪੰਜਾਬੀ ਸੂਬੇ ਦੀ ਸਥਾਪਨਾ ਤੋਂ 52 ਸਾਲ ਬਾਅਦ ਵੀ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਪੂਰੀ ਤਰ੍ਹਾਂ ਲਾਗੂ ਨਾ ਹੋਣ ਕਾਰਨ ਸਰਕਾਰੀ ਕੰਮਕਾਜ ਵਿਚ ਪੰਜਾਬੀ ਦੀ ਲੋੜ ਦਿਨੋ-ਦਿਨ ਘਟਦੀ ਜਾ ਰਹੀ ਹੈ। ਸਰਕਾਰੇ ਦਰਬਾਰੇ ਪੰਜਾਬੀ ਭਾਸ਼ਾ ਦੀ ਲੋੜ ਘਟਣ ਕਾਰਨ ਇਕ ਪਾਸੇ ਇਸ ਦੀ ਸਰਕਾਰੀ ਨੌਕਰੀਆਂ ਦਿਵਾਉਣ ਦੀ ਸਮਰੱਥਾ ਘਟ ਰਹੀ ਹੈ ਅਤੇ ਦੂਜੇ ਪਾਸੇ ਦਫ਼ਤਰਾਂ ਵਿਚ ਹੁੰਦੇ ਕੰਮਕਾਜ ਨਾਲ ਜੁੜੇ ਪੇਸ਼ੇਵਰਾਂ ਨੂੰ ਆਪਣਾ ਕੰਮ ਪੰਜਾਬੀ ਵਿਚ ਕਰਨਾ ਲਾਜ਼ਮੀ ਨਾ ਹੋਣ ਕਾਰਨ ਪੰਜਾਬੀ ਪੜ੍ਹਨ ਦੀ ਜ਼ਰੂਰਤ ਨਹੀਂ ਪੈਂਦੀ। ਜੇ ਦਫ਼ਤਰੀ ਕੰਮਕਾਜ ਪੰਜਾਬੀ ਵਿਚ ਹੋਣਾ ਹੀ ਨਹੀਂ ਤਾਂ ਸਰਕਾਰੀ ਨੌਕਰੀ ਦੇ ਚਾਹਵਾਨ ਨੌਜਵਾਨਾਂ ਨੂੰ ਪੰਜਾਬੀ ਵਿਚ ਟਾਈਪ ਸਿੱਖਣ ਦੀ ਕੀ ਲੋੜ ਹੈ? ਜਦੋਂ ਚਾਰਟਰਡ ਅਕਾਊਂਟੈਂਟ ਨੂੰ ਆਪਣੇ ਗਾਹਕ ਦਾ ਹਿਸਾਬ-ਕਿਤਾਬ ਪੰਜਾਬੀ ਵਿਚ ਤਿਆਰ ਕਰਕੇ ਦਫ਼ਤਰਾਂ ਵਿਚ ਪੇਸ਼ ਕਰਨ ਦੀ ਮਜਬੂਰੀ ਨਹੀਂ ਤਾਂ ਉਹ ਪੰਜਾਬੀ ਵਿਚ ਮੁਹਾਰਤ ਹਾਸਲ ਕਰਨ ਦੀ ਖੇਚਲ ਕਿਉਂ ਕਰੇ? ਜੇ ਅਦਾਲਤਾਂ ਵਿਚ ਕੰਮਕਾਜ ਪੰਜਾਬੀ ਵਿਚ ਹੋਣਾ ਹੀ ਨਹੀਂ ਤਾਂ ਕਿਸੇ ਵਕੀਲ ਨੂੰ ਪੰਜਾਬੀ ਵਿਚ ਕਾਨੂੰਨ ਦੀ ਪੜ੍ਹਾਈ ਕਰਨ ਦੀ ਕੀ ਲੋੜ ਹੈ? ਇਸੇ ਤਰ੍ਹਾਂ ਸਨਅਤ ਅਤੇ ਕਾਰੋਬਾਰ ਨਾਲ ਜੁੜੇ ਸਨਅਤਕਾਰ ਅਤੇ ਕਾਰੋਬਾਰੀ ਪੰਜਾਬੀ ਦੀ ਥਾਂ ਕਾਰੋਬਾਰ ਵਿਚ ਸਹਾਇਕ ਸਿੱਧ ਹੋਣ ਵਾਲੀਆਂ ਚੀਨੀ ਜਾਂ ਜਰਮਨ ਭਾਸ਼ਾਵਾਂ ਸਿੱਖਣ ਨੂੰ ਪਹਿਲ ਦਿੰਦੇ ਹਨ।

ਪੰਜਾਬੀ ਦੇ ਦਫ਼ਤਰੀ ਕੰਮਕਾਜ ਵਿਚੋਂ ਅਲੋਪ ਹੋਣ ਕਾਰਨ ਇਸ ਦੀ ਰੁਜ਼ਗਾਰ ਉਪਲੱਬਧ ਕਰਾਉਣ ਅਤੇ ਵਪਾਰ ਨੂੰ ਪ੍ਰਫੁੱਲਤ ਕਰਨ ਵਿਚ ਸਹਾਇਕ ਸਿੱਧ ਹੋਣ ਦੀ ਸਮਰੱਥਾ ਘਟਣ ਕਾਰਨ ਨੌਜਵਾਨ ਪੰਜਾਬੀ ਤੋਂ ਉਦਾਸੀਨ ਹੋ ਰਹੇ ਹਨ। ਮੰਡੀ ਦੇ ਇਸ ਯੁੱਗ ਵਿਚ ਮਾਪਿਆਂ ਦਾ ਮਾਂ ਬੋਲੀ ਦੀ ਥਾਂ ਉਸ ਭਾਸ਼ਾ ਵੱਲ ਖਿੱਚੇ ਜਾਣਾ ਕੁਦਰਤੀ ਹੈ ਜੋ ਉਨ੍ਹਾਂ ਦੇ ਬੱਚਿਆਂ ਨੂੰ ਵਧੀਆ ਰੁਜ਼ਗਾਰ ਦਿਵਾਉਂਦੀ, ਅਮੀਰ ਬਣਾਉਂਦੀ ਅਤੇ ਸਮਾਜ ਵਿਚ ਰੁਤਬਾ ਬੁਲੰਦ ਕਰਦੀ ਹੋਵੇ। ਅੱਜ ਪੰਜਾਬੀਆਂ ਦੀ ਮਾਨਸਿਕਤਾ ਵਿਚ ਇਹ ਧਾਰਨਾ ਪੱਕੀ ਤਰ੍ਹਾਂ ਵਸ ਗਈ ਹੈ ਕਿ ਜੇ ਉਨ੍ਹਾਂ ਦੀ ਨੌਜਵਾਨ ਪੀੜ੍ਹੀ ਨੇ ਵਿਦੇਸ਼ਾਂ ਵਿਚ ਜਾ ਕੇ ਵਸਣਾ ਹੈ ਜਾਂ ਭਾਰਤ ਵਿਚ ਰਹਿ ਕੇ ਸਰਕਾਰੀ ਉੱਚੇ ਅਹੁਦੇ ਜਾਂ ਸਮਾਜ ਵਿਚ ਰੁਤਬਾ ਪ੍ਰਾਪਤ ਕਰਨਾ ਹੈ ਤਾਂ ਨੌਜਵਾਨਾਂ ਨੂੰ ਪੜ੍ਹਾਈ ਅਤੇ ਬੋਲਚਾਲ ਲਈ ਪੰਜਾਬੀ ਦੀ ਥਾਂ ਅੰਗਰੇਜ਼ੀ ਅਪਣਾਉਣੀ ਪਵੇਗੀ। ਇਸ ਮਾਨਸਿਕਤਾ ਦਾ ਕੁਦਰਤੀ ਸਿੱਟਾ ਬੱਚੇ ਦੇ ਜੰਮਦਿਆਂ ਹੀ ਉਸ ਨੂੰ ਮਾਪਿਆਂ ਵੱਲੋਂ ਅੰਗਰੇਜ਼ੀ ਭਾਸ਼ਾ ਸਿਖਾਉਣ ਲਈ ਸਿਰਤੋੜ ਯਤਨ ਸ਼ੁਰੂ ਕਰਨ ਵਿਚ ਨਿਕਲਦਾ ਹੈ। ਅਜਿਹੀ ਮਾਨਸਿਕਤਾ ਦੀ ਪਕੜ ਨੂੰ ਹੋਰ ਪੱਕਾ ਕਰਨ ਲਈ ਪੰਜਾਬ ਸਰਕਾਰ ਵੀ ਅਹਿਮ ਭੂਮਿਕਾ ਨਿਭਾ ਰਹੀ ਹੈ। ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾ ਰਿਹਾ ਹੈ।

ਪੰਜਾਬੀ ਦੇ ਵਧੀਆ ਰੁਜ਼ਗਾਰ ਦੇ ਮੌਕੇ ਉਪਲੱਬਧ ਕਰਾਉਣ ਦੀ ਸਮਰੱਥਾ ਦਾ ਅੰਦਾਜ਼ਾ ਦੋ ਮਿਸਾਲਾਂ ਤੋਂ ਲਾਇਆ ਜਾ ਸਕਦਾ ਹੈ। ਪਹਿਲੀ ਮਿਸਾਲ ਜ਼ਿਲ੍ਹਾ ਅਦਾਲਤਾਂ ਵਿਚ ਪੰਜਾਬੀ ਲਾਗੂ ਹੋਣ ਦੀ ਲੈਂਦੇ ਹਾਂ।

ਜ਼ਿਲ੍ਹਾ ਅਦਾਲਤਾਂ ਵਿਚ ਕੰਮ ਪੰਜਾਬੀ ਵਿਚ ਸ਼ੁਰੂ ਕਰਨ ਲਈ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਨਵੇਂ ਮੁਲਾਜ਼ਮ ਭਰਤੀ ਕਰਨ ਦੀ ਮੰਗ ਕੀਤੀ ਹੈ। 2012 ਵਿਚ ਅਧੀਨ ਅਦਾਲਤਾਂ ਵਿਚ ਕੰਮ ਕਰਦੇ ਜੱਜਾਂ ਦੀ ਗਿਣਤੀ 493 ਸੀ। ਪੰਜਾਬੀ ਵਿਚ ਕੰਮਕਾਜ ਸ਼ੁਰੂ ਕਰਨ ਲਈ ਇਨ੍ਹਾਂ ਨੂੰ 1479 ਮੁਲਾਜ਼ਮਾਂ ਦੀ ਹੋਰ ਲੋੜ ਸੀ। ਹੁਣ ਜੱਜਾਂ ਦੀ ਗਿਣਤੀ 538 ਹੈ ਅਤੇ ਇਨ੍ਹਾਂ ਨੂੰ 1614 ਮੁਲਾਜ਼ਮਾਂ ਦੀ ਜ਼ਰੂਰਤ ਹੈ। ਇਹ ਮੰਗ ਪੂਰੀ ਹੋ ਜਾਣ ਨਾਲ 1614 ਨੌਜਵਾਨਾਂ ਨੂੰ ਸਿੱਧੀ ਸਰਕਾਰੀ ਨੌਕਰੀ ਮਿਲੇਗੀ। ਵਕੀਲਾਂ ਨੂੰ ਆਪਣਾ ਕੰਮਕਾਜ ਪੰਜਾਬੀ ਵਿਚ ਕਰਨ ਲਈ ਇਸ ਤੋਂ ਕਈ ਗੁਣਾ ਵੱਧ ਅਨੁਵਾਦਕ ਅਤੇ ਪੰਜਾਬੀ ਸਟੈਨੋਗ੍ਰਾਫਰ ਲੋੜੀਂਦੇ ਹੋਣਗੇ। ਪੰਜਾਬੀ ਦੇ ਮਾਹਿਰ ਜਜਮੈਂਟ ਰਾਈਟਰ ਅਤੇ ਅਨੁਵਾਦਕ ਬਣਨ ਲਈ ਵਿਦਿਆਰਥੀਆਂ ਨੂੰ ਪੰਜਾਬੀ ਵਿਚ ਉੱਚ ਡਿਗਰੀਆਂ ਪ੍ਰਾਪਤ ਕਰਨੀਆਂ ਪੈਣਗੀਆਂ। ਡਿਗਰੀਆਂ ਅਤੇ ਹੋਰ ਲੋੜੀਂਦੀ ਸਿੱਖਿਆ ਦੇਣ ਲਈ ਸਿੱਖਿਆ ਕੇਂਦਰ ਖੁੱਲ੍ਹਣਗੇ। ਪੰਜਾਬੀ ਦੇ ਸਾਫ਼ਟਵੇਅਰ ਅਤੇ ਕੰਪਿਊਟਰਾਂ ਦੀ ਮੰਗ ਵਧੇਗੀ। ਕੰਪਿਊਟਰ ਅਤੇ ਸਾਫ਼ਟਵੇਅਰ ਬਣਾਉਣ ਵਾਲਿਆਂ ਨੂੰ ਰੁਜ਼ਗਾਰ ਮਿਲੇਗਾ। ਕਾਨੂੰਨ ਦੀਆਂ ਪੁਸਤਕਾਂ ਪੰਜਾਬੀ ਵਿਚ ਛਪਣਗੀਆਂ। ਪ੍ਰਕਾਸ਼ਨ ਨਾਲ ਜੁੜੇ ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ। ਰੁਜ਼ਗਾਰ ਦੇ ਮੌਕੇ ਵਧਣ ਨਾਲ ਨੌਜਵਾਨਾਂ ਦੀ ਪੰਜਾਬੀ ਭਾਸ਼ਾ ਪੜ੍ਹਨ ਵਿਚ ਰੁਚੀ ਵਧੇਗੀ। ਵਿਦਿਆਰਥੀਆਂ ਦੀ ਗਿਣਤੀ ਵਧਣ ਨਾਲ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਅਧਿਆਪਕਾਂ ਦੀਆਂ ਅਸਾਮੀਆਂ ਵਧਣਗੀਆਂ।

ਦੂਜੀ ਮਿਸਾਲ ਸਥਿਤੀ ਨੂੰ ਹੋਰ ਸਪੱਸ਼ਟ ਕਰਦੀ ਹੈ। ਅੰਗਰੇਜ਼ੀ ਕਾਨੂੰਨਾਂ ਦਾ ਪੰਜਾਬੀ ਅਨੁਵਾਦ ਕਰਨ ਦਾ ਖਰਚਾ ਕੇਂਦਰ ਸਰਕਾਰ ਦਿੰਦੀ ਹੈ। 520 ਸ਼ਬਦਾਂ ਦੇ ਅਨੁਵਾਦ ਲਈ 400 ਰੁਪਏ ਮਿਲਦੇ ਹਨ। ਪੰਜ-ਛੇ ਘੰਟੇ ਕੰਮ ਕਰਕੇ ਇਕ ਵਿਅਕਤੀ ਇਕ ਦਿਨ ਵਿਚ ਪੰਜ-ਸੱਤ ਪੰਨੇ ਆਸਾਨੀ ਨਾਲ ਅਨੁਵਾਦ ਕਰਕੇ ਘਟੋ-ਘਟ 2000 ਰੁਪਏ ਪ੍ਰਤੀ ਦਿਨ ਕਮਾ ਸਕਦਾ ਹੈ। ਕੇਂਦਰ ਸਰਕਾਰ ਵੱਲੋਂ ਬਣਾਏ ਕਾਨੂੰਨਾਂ ਦੇ ਪੰਨਿਆਂ ਦੀ ਗਿਣਤੀ ਲੱਖਾਂ ਵਿਚ ਹੈ। ਫਿਰ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਲੱਖਾਂ ਫ਼ੈਸਲਿਆਂ ਦੇ ਪੰਜਾਬੀ ਅਨੁਵਾਦ ਹੋਣਗੇ। ਜੇ ਸਰਕਾਰ ਅਨੁਵਾਦ ਦੇ ਕੰਮ ਨੂੰ ਠੇਕੇ 'ਤੇ ਕਰਾਉਣਾ ਸ਼ੁਰੂ ਕਰ ਦੇਵੇ ਤਾਂ ਹਜ਼ਾਰਾਂ ਨੌਜਵਾਨਾਂ ਨੂੰ ਘਰ ਬੈਠੇ ਰੁਜ਼ਗਾਰ ਮਿਲਣ ਲੱਗ ਜਾਵੇ।

ਇੱਥੇ ਹੀ ਬਸ ਨਹੀਂ ਹੋਵੇਗੀ। ਫਿਰ ਅਰਥ-ਸ਼ਾਸਤਰ ਦਾ 'ਮਲਟੀਪਲਾਇਰ' ਦਾ ਸਿਧਾਂਤ ਲਾਗੂ ਹੋਵੇਗਾ। ਚਾਰੇ ਪਾਸੇ ਰੁਜ਼ਗਾਰ ਹੀ ਰੁਜ਼ਗਾਰ ਹੋਵੇਗਾ।

ਉਨ੍ਹਾਂ ਨੌਜਵਾਨਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਆਪਣੀ ਕਾਬਲੀਅਤ ਅਤੇ ਲਿਆਕਤ ਦੇ ਜੌਹਰ ਦਿਖਾਉਣ ਦੇ ਮੌਕੇ ਮਿਲਣਗੇ ਜੋ ਆਰਥਿਕ ਮੰਦਹਾਲੀ ਕਾਰਨ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਈ ਅਤੇ ਅੰਗਰੇਜ਼ੀ ਬੋਲਣ ਵਿਚ ਮੁਹਾਰਤ ਹਾਸਲ ਨਹੀਂ ਕਰ ਸਕੇ। ਅਦਾਲਤਾਂ ਵਿਚ ਪੰਜਾਬੀ ਲਾਗੂ ਹੋਣ ਨਾਲ ਵਕਾਲਤ ਵਰਗੇ ਇੱਜ਼ਤਦਾਰ ਕਿੱਤੇ ਵਿਚ ਸਥਾਪਤ ਹੋਣ ਨਾਲ ਉਨ੍ਹਾਂ ਦੇ ਨਾਲ ਨਾਲ ਉਨ੍ਹਾਂ ਦੇ ਮਾਪਿਆਂ ਨੂੰ ਵੀ ਮਾਂ ਬੋਲੀ 'ਤੇ ਮਾਣ ਹੋਣ ਲੱਗੇਗਾ। ਅੰਗਰੇਜ਼ੀ ਭਾਸ਼ਾ ਦੇ ਮਾਹਿਰ ਵਕੀਲਾਂ ਦੀ ਇਜ਼ਾਰੇਦਾਰੀ ਟੁੱਟਣ ਨਾਲ ਇਨਸਾਫ਼ ਸਸਤਾ ਮਿਲਣ ਲੱਗੇਗਾ। ਗ਼ਰੀਬ ਜਨਤਾ ਨੂੰ ਸੁਖ ਦਾ ਸਾਹ ਆਵੇਗਾ। ਜਨਤਾ ਦੀ ਇਸ ਭਲਾਈ ਦਾ ਸਿਹਰਾ ਮਾਂ ਬੋਲੀ ਪੰਜਾਬੀ ਦੇ ਸਿਰ ਬੱਝੇਗਾ। ਮਾਤ ਭਾਸ਼ਾ ਦਾ ਸਮਾਜ ਵਿਚ ਰੁਤਬਾ ਬੁਲੰਦ ਹੋਣ ਲੱਗੇਗਾ। ਚਾਰੇ ਪਾਸੇ ਮੁੜ ਪੰਜਾਬੀ ਦੀ ਬੱਲੇ ਬੱਲੇ ਹੋਣ ਲੱਗੇਗੀ। ਮਾਂ ਬੋਲੀ ਪੰਜਾਬੀ ਪੜ੍ਹਨ ਅਤੇ ਬੋਲਣ ਦੇ ਘਟ ਰਹੇ ਰੁਝਾਨ ਅਤੇ ਲੋਕ ਮਾਨਸਿਕਤਾ ਨੂੰ ਪੰਜਾਬੀ ਨੂੰ ਸਹੀ ਅਰਥਾਂ ਵਿਚ ਰਾਜ ਭਾਸ਼ਾ ਦਾ ਦਰਜਾ ਦੇ ਕੇ ਹੀ ਠੱਲ੍ਹ ਪਾਈ ਜਾ ਸਕਦੀ ਹੈ। ਇਸ ਸੰਦਰਭ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੂੰ ਯਾਦ ਕਰਨਾ ਬਣਦਾ ਹੈ। ਪੰਜਾਬ ਦੇ ਸਿਆਸੀ ਇਤਿਹਾਸ ਦੀ ਥੋੜ੍ਹੀ ਜਿਹੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਨੂੰ ਵੀ ਪਤਾ ਹੈ ਕਿ ਲਛਮਣ ਸਿੰਘ ਗਿੱਲ ਨੂੰ ਮਹਿਜ਼ ਅੱਠ ਕੁ ਮਹੀਨਿਆਂ ਲਈ ਮੁੱਖ ਮੰਤਰੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਸ਼ਾਇਦ ਉਨ੍ਹਾਂ ਦੀ ਤੀਖਣ ਬੁੱਧੀ ਨੇ ਭਵਿੱਖ ਵਿਚ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਵਾਲੀਆਂ ਸਿਆਸੀ ਧਿਰਾਂ ਦੀ ਮਾਨਸਿਕਤਾ ਨੂੰ ਕਿਆਸ ਲਿਆ ਸੀ। ਇਸੇ ਲਈ ਪੰਜਾਬੀ ਪ੍ਰਤੀ ਆਪਣੀ ਸੁਹਿਰਦਤਾ ਦਾ ਸਬੂਤ ਦਿੰਦਿਆਂ ਅਤੇ ਅਹੁਦੇ ਦਾ ਲਾਹਾ ਲੈਂਦਿਆਂ ਉਨ੍ਹਾਂ ਨੇ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਲਈ ਪਹਿਲਾ ਮਹੱਤਵਪੂਰਨ ਕਦਮ ਪੁੱਟਿਆ ਸੀ। ਉਨ੍ਹਾਂ ਦੀ ਮਹਾਨਤਾ ਨਵਾਂ ਰਾਜ ਭਾਸ਼ਾ ਐਕਟ ਬਣਾਉਣ ਵਿਚ ਨਹੀਂ ਸਗੋਂ ਉਸ ਵਿਚ ਦਰਜ ਵਿਵਸਥਾਵਾਂ ਨੂੰ ਮਿੱਥੀ ਸਕਿੰਟੀ ਲਾਗੂ ਕਰਨ ਵਿਚ ਸੀ।

ਉਨ੍ਹਾਂ ਨੇ ਇਕੋ ਦਿਨ ਭਾਵ 29 ਦਸੰਬਰ 1967 ਵਿਚ ਪੰਜਾਬ ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ ਦਾ ਵਿਸ਼ੇਸ਼ ਇਜਲਾਸ ਬੁਲਾ ਕੇ 'ਪੰਜਾਬ ਰਾਜ ਭਾਸ਼ਾ ਐਕਟ 1967' ਪਾਸ ਕਰਾਇਆ। ਉਸੇ ਦਿਨ ਰਾਜਪਾਲ ਕੋਲ ਜਾ ਕੇ ਉਨ੍ਹਾਂ ਤੋਂ ਇਸ ਕਾਨੂੰਨ ਦੀ ਮਨਜ਼ੂਰੀ ਲਈ। ਅਗਲੇ ਦਿਨ (30 ਦਸੰਬਰ 1967) ਨੋਟੀਫਿਕੇਸ਼ਨ ਜਾਰੀ ਕਰਕੇ, ਦੋ ਦਿਨਾਂ ਬਾਅਦ (01 ਜਨਵਰੀ 1968 ਤੋਂ) ਜ਼ਿਲ੍ਹਾ ਪੱਧਰੀ ਦਫ਼ਤਰਾਂ ਵਿਚ ਹੁੰਦੇ 'ਸਾਰੇ ਕੰਮਕਾਜ' ਨੂੰ ਪੰਜਾਬੀ ਵਿਚ ਕਰਨ ਦਾ ਹੁਕਮ ਜਾਰੀ ਕੀਤਾ। ਫਿਰ 9 ਫਰਵਰੀ 1968 ਨੂੰ ਦੂਜਾ ਨੋਟੀਫਿਕੇਸ਼ਨ ਜਾਰੀ ਕਰਕੇ ਵਿਸਾਖੀ 1968 ਤੋਂ ਸੂਬਾ ਪੱਧਰ ਦੇ ਸਾਰੇ ਪ੍ਰਬੰਧਕੀ ਦਫ਼ਤਰਾਂ ਵਿਚ ਵੀ 'ਸਾਰੇ ਦਫ਼ਤਰੀ ਕੰਮਕਾਜ' ਨੂੰ ਪੰਜਾਬੀ ਵਿਚ ਕਰਨ ਦੇ ਹੁਕਮ ਜਾਰੀ ਕੀਤੇ। ਪੰਜਾਬੀ ਪ੍ਰਤੀ ਉਨ੍ਹਾਂ ਦੀ ਸੁਹਿਰਦਤਾ ਇਸ ਗੱਲ ਤੋਂ ਪਤਾ ਲੱਗਦੀ ਹੈ ਕਿ ਕਾਨੂੰਨ ਉਨ੍ਹਾਂ ਨੇ ਸਿਰਫ਼ ਕਾਗਜ਼ਾਂ ਵਿਚ ਹੀ ਨਹੀਂ ਬਣਾਇਆ ਸਗੋਂ ਉਨ੍ਹਾਂ ਨੂੰ ਅਮਲੀ ਰੂਪ ਵੀ ਦਿੱਤਾ। ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਵਿਚ ਲਛਮਣ ਸਿੰਘ ਗਿੱਲ ਨੇ ਇਕ ਵੀ ਅਜਿਹੀ ਮਿਸਲ 'ਤੇ ਦਸਤਖ਼ਤ ਨਹੀਂ ਕੀਤੇ ਜਿਸ ਵਿਚ ਸਾਰੀ ਲਿਖਤ ਪੜ੍ਹਤ ਪੰਜਾਬੀ ਭਾਸ਼ਾ ਵਿਚ ਨਾ ਹੋਵੇ।

ਇਸ ਸਾਰੇ ਵਿਚਾਰ ਵਟਾਂਦਰੇ ਤੋਂ ਕਿਸੇ ਨੂੰ ਇਹ ਸਿੱਟਾ ਕੱਢ ਸਕਦੇ ਹਾਂ ਕਿ ਪਰਿਵਾਰ, ਵਪਾਰ ਅਤੇ ਰੁਜ਼ਗਾਰ ਵਿਚੋਂ ਪੰਜਾਬੀ ਦੇ ਅਲੋਪ ਹੋ ਜਾਣ ਦਾ ਮੁੱਖ ਕਾਰਨ ਪੰਜਾਬੀ ਨੂੰ ਰਾਜ ਭਾਸ਼ਾ ਦਾ ਬਣਦਾ ਸਥਾਨ ਨਾ ਮਿਲਣਾ ਹੈ। ਇਸ ਕੁਤਾਹੀ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਅਤੇ ਸਿਆਸੀ ਧਿਰਾਂ ਦੇ ਨਾਲ ਨਾਲ ਪੰਜਾਬੀ, ਪੰਜਾਬੀਆਂ ਦੀ ਨੁਮਾਇੰਦਗੀ ਕਰਦੀਆਂ ਸੰਸਥਾਵਾਂ, ਬੁੱਧੀਜੀਵੀ ਅਤੇ ਲੇਖਕ ਵੀ ਜ਼ਿੰਮੇਵਾਰ ਹਨ।

ਸ੍ਰੀ ਲਛਮਣ ਸਿੰਘ ਗਿੱਲ ਵਰਗੇ ਹੋਰ ਆਗੂ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਰੀਝ ਲੈ ਕੇ ਸੱਤਾ 'ਤੇ ਬਿਰਾਜਮਾਨ ਹੋਣ ਅਤੇ ਬੇਗਾਨਗੀ ਹੰਢਾ ਰਹੀ ਮਾਂ ਬੋਲੀ ਪੰਜਾਬੀ ਮੁੜ ਮਹਿਲਾਂ ਵਿਚ ਵਾਪਸ ਲਿਆ ਕੇ ਰਾਜਗੱਦੀ 'ਤੇ ਬਿਠਾਈ ਜਾਵੇ। ਇਨਾਮਾਂ ਸਨਮਾਨਾਂ ਅਤੇ ਵਿਦੇਸ਼ ਦੌਰਿਆਂ ਦੀ ਲਾਲਸਾ ਛੱਡ ਕੇ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਮਾਂ ਬੋਲੀ ਪੰਜਾਬੀ ਨੂੰ ਬਚਾਉਣ ਦੀ ਲੋੜ ਹੈ।

# ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਗੂੰਜੇ ਪੰਜਾਬੀ ਬੋਲੀ ਦੇ ਹੱਕ ਵਿਚ ਨਾਹਰੇ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਸਰਕਾਰੀ ਭਾਸ਼ਾ ਪੰਜਾਬੀ ਦੀ ਥਾਂ ਅੰਗਰੇਜ਼ੀ ਨਿਰਧਾਰਤ ਕਰਨ ਦੇ ਹਾਕਮਾਂ ਦੇ ਗੈਰ-ਸੰਵਿਧਾਨਕ ਕੰਮ ਖ਼ਿਲਾਫ਼ ਪੰਜਾਬੀ ਬੋਲੀ ਦੇ ਹਿਤੈਸ਼ੀ ਸੜਕਾਂ ਉਤੇ ਉਤਰੇ। ਚੰਡੀਗੜ੍ਹ ਪੰਜਾਬੀ ਮੰਚ ਦੇ ਸੱਦੇ 'ਤੇ ਪੰਜਾਬੀ ਹਿਤੈਸ਼ੀਆਂ ਨੇ ਚੰਡੀਗੜ੍ਹ ਯੂਟੀ ਦੇ ਸਥਾਪਨਾ ਦਿਵਸ ਨੂੰ ਕਾਲੇ ਦਿਨ ਵਜੋਂ ਮਨਾ ਕੇ ਸ਼ਹਿਰ ਵਿਚ ਰੋਸ ਮਾਰਚ ਕੱਢਿਆ। ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30 ਦੇ ਬਾਹਰ ਇਕੱਠੇ ਹੋਏ ਅਤੇ ਸੈਕਟਰ 30, 20, 21 ਤੇ 22 ਦੀਆਂ ਸੜਕਾਂ ਤੇ ਬਜ਼ਾਰਾਂ ਵਿਚ ਮਾਂ ਬੋਲੀ ਪੰਜਾਬੀ ਦੇ ਹੱਕ ਵਿਚ ਹੋਕਾ ਦਿੰਦੇ ਹੋਏ ਸੈਕਟਰ-17 ਦੇ ਬੱਸ ਅੱਡੇ ਵਾਲੇ ਚੌਕ ਨੇੜੇ ਸੈਕਟਰ-21 ਪੁੱਜ ਕੇ ਰੈਲੀ ਕੀਤੀ। ਇਸ ਮੌਕੇ ਪੰਜਾਬੀ ਮੰਚ ਵੱਲੋਂ ਪਰਚੇ ਵੰਡ ਕੇ ਯੂਟੀ ਪ੍ਰਸ਼ਾਸਨ ਦੀ ਪੋਲ ਖੋਲ੍ਹਦਿਆਂ ਦੱਸਿਆ ਕਿ ਕਿਵੇਂ ਹਾਕਮ ਅਤੇ ਅਧਿਕਾਰੀ ਪੰਜਾਬੀਆਂ ਨੂੰ ਖਤਮ ਕਰਨ ਦੇ ਰਾਹ ਪਏ ਹਨ। ਰੋਸ ਮਾਰਚ ਵਿਚ ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਪਦਮਸ਼੍ਰੀ ਸੁਰਜੀਤ ਪਾਤਰ ਤੇ ਸਕੱਤਰ ਜਨਰਲ ਲਖਵਿੰਦਰ ਜੌਹਲ, ਸ਼੍ਰੀਰਾਮ ਅਰਸ਼, ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ, ਸਮਾਜਵਾਦੀ ਪਾਰਟੀ ਦੇ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸੀਨੀਅਰ ਪੱਤਰਕਾਰ ਸਤਨਾਮ ਮਾਣਕ ਤੇ 'ਆਪ' ਆਗੂ ਜਗਤਾਰ ਸੰਘੇੜਾ ਆਦਿ ਨੇ ਸ਼ਾਮਲ ਹੋ ਕੇ ਸੰਘਰਸ਼ ਨੂੰ ਵਿਆਪਕ ਰੂਪ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਸਰਕਾਰੀ ਭਾਸ਼ਾ ਪੰਜਾਬੀ ਦੀ ਥਾਂ ਅੰਗਰੇਜ਼ੀ ਨਿਰਧਾਰਤ ਕਰਕੇ ਹਾਕਮਾਂ ਨੇ ਗੈਰ-ਸੰਵਿਧਾਨਕ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਕਿਸੇ ਵੀ ਖਿੱਤੇ ਦੀ ਸਰਕਾਰੀ ਭਾਸ਼ਾ ਉਥੋ ਦੇ ਲੋਕਾਂ ਦੀ ਮਾਂ ਬੋਲੀ ਦੇ ਅਧਾਰਤ ਹੀ ਹੋ ਸਕਦੀ ਹੈ। ਉਨ੍ਹਾਂ ਇਸ ਸੰਘਰਸ਼ ਦੀ ਹਮਾਇਤ ਕਰਦਿਆਂ ਕਿਹਾ ਕਿ ਇਹ ਗੰਭੀਰ ਮੁੱਦਾ ਉਹ ਆਪਣੇ ਪਲੇਟਫਾਰਮਾਂ ਉਪਰ ਵੀ ਉਭਾਰਨਗੇ। ਮਾਰਚ ਦੀ ਅਗਵਾਈ ਕਰਦਿਆਂ ਮੰਚ ਦੇ ਆਗੂਆਂ ਦੇਵੀ ਦਿਆਲ ਸ਼ਰਮਾ, ਸੁਖਦੇਵ ਸਿੰਘ ਸਿਰਸਾ ਤੇ ਸੁਖਜੀਤ ਸਿੰਘ ਹੱਲੋਮਾਜਰਾ, ਪੇਂਡੂ ਸੰਘਰਸ਼ ਕਮੇਟੀ ਦੇ ਪ੍ਰਧਾਨ ਦਲਜੀਤ ਸਿੰਘ ਪਲਸੌਰਾ, ਸਰਪ੍ਰਸਤ ਬਾਬਾ ਸਾਧੂ ਸਿੰਘ ਸਾਰੰਗਪੁਰ ਤੇ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਸੋਮਲ ਤੇ ਮੀਤ ਪ੍ਰਧਾਨ ਜੋਗਿੰਦਰ ਸਿੰਘ ਬੁੜੈਲ, ਚੰਡੀਗੜ੍ਹ ਗੁਰਦੁਆਰਾ ਸੰਗਠਨ ਦੇ ਚੇਅਰਮੈਨ ਤਾਰਾ ਸਿੰਘ ਤੇ ਸਕੱਤਰ ਜਨਰਲ ਰਘਬੀਰ ਸਿੰਘ ਰਾਮਪੁਰ, ਚੰਡੀਗੜ੍ਹ ਅਕਾਲੀ ਦਲ ਦੇ ਪ੍ਰਧਾਨ ਹਰਦੀਪ ਸਿੰਘ, ਜਥੇਦਾਰ ਗੁਰਨਾਮ ਸਿੰਘ ਸਿੱਧੂ, ਗੁਰਜੋਤ ਸਿੰਘ ਸਾਹਨੀ ਆਦਿ ਨੇ ਐਲਾਨ ਕੀਤਾ ਕਿ ਚੰਡੀਗੜ੍ਹ ਪ੍ਰਸ਼ਾਸਨ ਅਤੇ ਕੇਂਦਰ ਸਰਕਾਰ ਵੱਲੋਂ ਇਥੋਂ ਦੇ ਲੋਕਾਂ ਉਪਰ ਜਬਰੀ ਲਾਗੂ ਕੀਤੀ ਅੰਗਰੇਜ਼ੀ ਦਾ ਫਾਹਾ ਵੱਢਣ ਲਈ ਸੰਘਰਸ਼ ਨੂੰ ਹੋਰ ਵਿਰਾਟ ਰੂਪ ਦਿੱਤਾ ਜਾਵੇਗਾ।




ਚੰਡੀਗੜ੍ਹ ਦੇ ਸੈਕਟਰ-17 ਵਿਚ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬੀ ਹਿਤੈਸ਼ੀ

ਉਨ੍ਹਾਂ ਐਲਾਨ ਕੀਤਾ ਕਿ ਸਾਲ 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਵਿਚ ਚੰਡੀਗੜ੍ਹ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਭਾਸ਼ਾ ਦੇ ਮੁੱਦੇ ਉਪਰ ਆਪਣੇ ਸਟੈਂਡ ਸਪਸ਼ਟ ਕਰਨ ਲਈ ਮਜਬੂਰ ਕੀਤਾ ਜਾਵੇਗਾ ਅਤੇ ਅੰਗਰੇਜ਼ੀ ਦੇ ਮੁਦਈ ਸਿਆਸੀ ਆਗੂਆਂ ਨੂੰ ਚੋਣਾਂ ਦੌਰਾਨ ਸਬਕ ਸਿਖਾਉਣ ਦੀ ਰਣਨੀਤੀ ਵੀ ਬਣਾਈ ਜਾਵੇਗੀ। ਉਨ੍ਹਾਂ ਦੁੱਖ ਜ਼ਾਹਿਰ ਕੀਤਾ ਕਿ ਦੇਸ਼ ਭਰ ਵਿਚੋਂ ਚੰਡੀਗੜ੍ਹ ਹੀ ਪੰਜਾਬੀਆਂ ਦੀ ਇਕਲੌਤੀ ਅਜਿਹੀ ਰਾਜਧਾਨੀ ਹੈ, ਜਿਸ ਦੀ ਸਰਕਾਰੀ ਭਾਸ਼ਾ ਵਿਦੇਸ਼ੀ (ਅੰਗਰੇਜ਼ੀ) ਹੈ। ਇਸ ਮੌਕੇ ਇਥੋਂ ਦੇ ਪੰਜਾਬੀਆਂ ਅਤੇ ਪਿੰਡਾਂ ਦੇ ਲੋਕਾਂ ਨੇ ਕਿਹਾ ਕਿ ਹਾਕਮਾਂ ਨੇ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਦੀ ਆੜ ਹੇਠ ਇਥੋਂ ਦੇ 28 ਪਿੰਡਾਂ ਨੂੰ ਸੰਨ 1952 ਤੋਂ ਮਲੀਆਮੇਟ ਕਰਨ ਦੀ ਸ਼ੁਰੂਆਤ ਕਰਕੇ ਚੰਡੀਗੜ੍ਹ ਨੂੰ ਵਸਾਇਆ ਸੀ ਅਤੇ ਖੇਤੀ ਵਾਲੀਆਂ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਖੋਹਿਆ ਗਿਆ ਸੀ। ਹਾਕਮਾਂ ਨੇ ਬਾਅਦ ਵਿਚ ਚੰਡੀਗੜ੍ਹ ਨੂੰ 1 ਨਵੰਬਰ ਸੰਨ 1966 ਨੂੰ ਯੂਟੀ ਦਾ ਰੁਤਬਾ ਦੇ ਦਿੱਤਾ ਅਤੇ ਇਥੋਂ ਦੀ ਸਰਕਾਰੀ ਭਾਸ਼ਾ ਵੀ ਅੰਗਰੇਜ਼ੀ ਕਰ ਕੇ ਪੰਜਾਬੀਅਤ ਦਾ ਸਫ਼ਾਇਆ ਕਰ ਦਿੱਤਾ। ਆਗੂਆਂ ਨੇ ਅਫਸੋਸ ਜ਼ਾਹਿਰ ਕੀਤਾ ਕਿ ਇਥੋਂ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਪੜ੍ਹਾਉਣ ਦੇ ਨਾਕਸ ਪ੍ਰਬੰਧ ਹੋਣ ਕਾਰਨ ਪੰਜਾਬੀਆਂ ਦੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਵਿਚ ਪੜ੍ਹਨਾ ਵੀ ਨਸੀਬ ਨਹੀਂ ਹੋ ਰਿਹਾ।

ਇਸ ਮੌਕੇ ਕਰਨੈਲ ਸਿੰਘ ਪੀਰਮੁਹੰਮਦ, ਚਰਨਜੀਤ ਸਿੰਘ, ਬਲਜਿੰਦਰ ਸਿੰਘ ਬਿੱਟੂ, ਰਾਜ ਕੁਮਾਰ, ਰਾਜਿੰਦਰ ਸਿੰਘ ਬਡਹੇੜੀ, ਸਰਪੰਚ ਗੁਰਪ੍ਰੀਤ, ਦੇਵਰਾਜ ਬਹਿਲਾਣਾ, ਡਾਕਟਰ ਸਰਬਜੀਤ ਸਿੰਘ, ਜਸਵਿੰਦਰ ਸਿੰਘ ਬਰਾੜ, ਜਬਰਜੰਗ ਸਿੰਘ, ਡਾਕਟਰ ਜੋਗਾ ਸਿੰਘ, ਸੁਖਦਰਸ਼ਨ ਨੱਤ, ਪ੍ਰੀਤਮ ਸਿੰਘ, ਗੁਰਨਾਮ ਕੰਵਰ ਹਾਜ਼ਰ ਸਨ।

ਪੰਜਾਬੀ ਹਿਤੈਸ਼ੀਆਂ ਨੇ ਮਾਂ ਬੋਲੀ ਦੇ ਹੱਕ ਵਿਚ ਹੋਕਾ ਦਿੱਤਾ

# ਮਿਸ਼ਨ 2019 : ਆਰਐਸਐਸ ਵੱਲੋਂ ਰਾਮ ਮੰਦਿਰ ਬਣਾਉਣ ਦੀ ਖਤਰਨਾਕ ਖੇਡ ਸ਼ੁਰੂ

## ਧਰਮ ਸੰਸਦ ਵੱਲੋਂ ਸਰਕਾਰ ਤੋਂ ਰਾਮ ਮੰਦਰ ਬਾਰੇ ਆਰਡੀਨੈਂਸ ਲਿਆਉਣ ਦੀ ਮੰਗ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਜਿਉਂ-ਜਿਉਂ ਭਾਰਤ ਵਿਚ ਕੇਂਦਰੀ ਆਮ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ , ਤਿਉਂ-ਤਿਉਂ ਫਿਰਕਾਪ੍ਰਸਤ ਤਾਕਤਾਂ ਵੋਟਾਂ ਦੇ ਧਰੁੱਵੀਕਰਨ ਦੀ ਰਾਜਨੀਤੀ ਨੂੰ ਤੇਜ਼ ਕਰਦੀਆਂ ਜਾ ਰਹੀਆਂ ਹਨ। ਸੁਪਰੀਮ ਕੋਰਟ ਵੱਲੋਂ ਅਯੁੱਧਿਆ ਮਾਮਲੇ 'ਚ ਸੁਣਵਾਈ ਟਾਲਣ ਮਗਰੋਂ ਇਸ ਮੁੱਦੇ 'ਤੇ ਬਿਆਨਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ ਹੈ। ਇੱਕ ਪਾਸੇ ਹਿੰਦੂ ਸੰਤ ਸਮਾਜ ਦਿੱਲੀ 'ਚ 'ਧਰਮਾਦੇਸ਼' ਸਮਾਗਮ ਕਰਕੇ ਮੋਦੀ ਸਰਕਾਰ 'ਤੇ ਰਾਮ ਮੰਦਰ ਦੀ ਉਸਾਰੀ ਲਈ ਆਰਡੀਨੈਂਸ ਲਿਆਉਣ ਦਾ ਦਬਾਅ ਬਣਾ ਰਿਹਾ ਹੈ ਤੇ ਭਾਜਪਾ ਆਗੂ ਵੀ ਇਸ ਦੀ ਹਮਾਇਤ 'ਚ ਖੁੱਲ੍ਹ ਕੇ ਬੋਲ ਰਹੇ ਹਨ, ਦੂਜੇ ਪਾਸੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ (ਏਆਈਐੱਮਪੀਐੱਲਬੀ) ਨੇ ਇਸ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਸ ਨੇ ਆਰਐੱਸਐੱਸ ਦੇ ਸੰਨ1992 ਜਿਹਾ ਅੰਦੋਲਨ ਸ਼ੁਰੂ ਕਰਨ ਦੇ ਇਰਾਦੇ ਨੂੰ ਦੇਸ਼ ਲਈ ਖਤਰਨਾਕ ਦੱਸਿਆ ਹੈ।
ਤਾਜ਼ਾ ਘਟਨਾਕ੍ਰਮ ਵਿਚ ਨਵੀਂ ਦਿੱਲੀ 'ਚ ਸੰਤਾਂ ਦੇ ਧਰਮਾਦੇਸ਼ ਸਮਾਗਮ 'ਚ ਪਹੁੰਚੇ ਧਾਰਮਿਕ ਆਗੂ ਸ੍ਰੀਸ੍ਰੀ ਰਵੀਸ਼ੰਕਰ ਨੇ ਕਿਹਾ ਦੇਸ਼ ਦੇ ਲੱਖਾਂ ਲੋਕ ਚਾਹੁੰਦੇ ਹਨ ਕਿ ਅਯੁੱਧਿਆ 'ਚ ਮੰਦਰ ਬਣੇ। ਦੋ ਰੋਜ਼ਾ ਧਰਮ ਸੰਸਦ ਦੇ ਆਖਰੀ ਦਿਨ ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਸ਼ਬਰੀਮਾਲਾ 'ਤੇ ਫ਼ੈਸਲਾ ਦਿੱਤਾ ਹੈ, ਉਸ ਨਾਲ ਲੋਕਾਂ ਨਾਲ ਦੁੱਖ ਹੋਇਆ ਅਤੇ ਅਯੁੱਧਿਆ ਬਾਰੇ ਫ਼ੈਸਲਾ ਨਹੀਂ ਦਿੱਤਾ ਤੇ ਇਸ ਨਾਲ ਵੀ ਲੋਕਾਂ ਨੂੰ ਦੁੱਖ ਹੋਇਆ ਹੈ। ਉਨ੍ਹਾਂ ਕਿਹਾ ਕਿ ਮੰਦਰ ਦੀ ਉਸਾਰੀ ਲਈ ਉਹ ਪ੍ਰਾਰਥਨਾ ਤੇ ਕੋਸ਼ਿਸ਼, ਦੋਵੇਂ ਰਾਹ ਅਪਣਾਉਣਗੇ। ਧਰਮ ਸੰਸਦ ਦੇ ਆਗੂਆਂ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਬਾਰੇ ਜਲਦੀ ਹੀ ਆਰਡੀਨੈਂਸ ਜਾਂ ਕਾਨੂੰਨ ਲਿਆਂਦਾ ਜਾਵੇ।
ਏਆਈਐੱਮਪੀਐੱਲਬੀ ਨੇ ਕਿਹਾ ਕਿ ਮੰਦਰ ਦੀ ਉਸਾਰੀ ਲਈ ਤੇਜ਼ ਹੋਈਆਂ ਗਤੀਵਿਧੀਆਂ ਸਿਆਸਤ ਤੋਂ ਪ੍ਰੇਰਿਤ ਹਨ। ਬੋਰਡ ਦੇ ਜਨਰਲ ਸਕੱਤਰ ਮੌਲਾਨਾ ਵਲੀ ਰਹਿਮਾਨੀ ਨੇ ਕਿਹਾ ਕਿ ਇਹ ਸਾਰਾ ਕੁਝ ਸੰਨ 2019 ਦੀਆਂ ਲੋਕ ਸਭਾ ਦੇ ਮੱਦੇਨਜ਼ਰ ਦਬਾਅ ਬਣਾਉਣ ਲਈ ਕੀਤਾ ਜਾ ਰਿਹਾ ਹੈ। ਮੰਦਰ ਦੇ ਨਿਰਮਾਣ ਲਈ ਸੰਨ 1992 ਵਰਗਾ ਅੰਦੋਲਨ ਸ਼ੁਰੂ ਕਰਨ ਦੇ ਸੰਘ ਦੇ ਇਰਾਦੇ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਸੰਘ ਅੰਦੋਲਨ ਸ਼ੁਰੂ ਕਰਦਾ ਹੈ



ਤਾਂ ਇਹ ਬਹੁਤ ਖਤਰਨਾਕ ਹੋਵੇਗਾ ਤੇ ਇਸ ਨਾਲ ਦੇਸ਼ ਵਿੱਚ ਅਰਾਜਕਤਾ ਫੈਲੇਗੀ। ਉਨ੍ਹਾਂ ਕਿਹਾ, "ਸੰਨ1992 'ਚ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਨਫਰਤ ਇੰਨੀ ਜ਼ਿਆਦਾ ਨਹੀਂ ਸੀ, ਜਿੰਨੀ ਹੁਣ ਹੈ। ਕੁਝ ਕਾਨੂੰਨ ਮਾਹਿਰਾਂ ਅਨੁਸਾਰ ਇਸ ਮਸਲੇ 'ਤੇ ਹੁਣ ਕੋਈ ਆਰਡੀਨੈਂਸ ਜਾਂ ਸੰਸਦ ਦਾ ਕਾਨੂੰਨ ਨਹੀਂ ਆ ਸਕਦਾ। ਹੁਣ ਸਰਕਾਰ ਕੀ ਕਰੇਗੀ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। " ਇਸੇ ਦਰਮਿਆਨ ਜਮੀਅਤ ਉਲਮਾ-ਏ-ਹਿੰਦ ਦੀ ਉੱਤਰ ਪ੍ਰਦੇਸ਼ ਇਕਾਈ ਦੇ ਪ੍ਰਧਾਨ ਮੌਲਾਨਾ ਅਸ਼ਹਦ ਰਸ਼ੀਦੀ ਨੇ ਕਿਹਾ ਕਿ ਮਾਮਲਾ ਅਦਾਲਤ ਵਿਚ ਹੈ। ਸਾਰਿਆਂ ਨੂੰ ਫ਼ੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ।
ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਕਿਹਾ ਕਿ ਜਦੋਂ ਵੀ ਸਮਾਂ ਆਵੇਗਾ ਅਯੁੱਧਿਆ 'ਚ ਵੱਡਾ ਰਾਮ ਮੰਦਰ ਵੀ ਬਣਾਇਆ ਜਾਵੇਗਾ ਤੇ ਇਸ ਨੂੰ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਰਾਮ ਲੱਲਾ ਦੀ ਜਨਮ ਭੂਮੀ 'ਤੇ ਬਾਬਰ ਦੇ ਨਾਂ ਦੀ ਇੱਕ ਇੱਟ ਵੀ ਨਹੀਂ ਲੱਗਣ ਦਿੱਤੀ ਜਾਵੇਗੀ।
ਕੇਂਦਰੀ ਮੰਤਰੀ ਉਮਾ ਭਾਰਤੀ ਨੇ ਕਿਹਾ ਕਿ ਹਿੰਦੂ ਦੁਨੀਆਂ ਦੇ ਸਭ ਤੋਂ ਵੱਧ ਸਹਿਣਸ਼ੀਲ ਲੋਕ ਹਨ, ਪਰ ਅਯੁੱਧਿਆ 'ਚ ਰਾਮ ਮੰਦਰ ਦੀ ਪੈਰੀਫੇਰੀ 'ਚ ਮਸਜਿਦ ਦੀ ਉਸਾਰੀ ਦੀ ਗੱਲ ਉਨ੍ਹਾਂ ਨੂੰ ਅਸਹਿਣਸ਼ੀਲ ਬਣਾ ਸਕਦੀ ਹੈ। ਉਮਾ ਭਾਰਤੀ ਨੇ ਕਾਂਗਰਸ ਮੁਖੀ ਰਾਹੁਲ ਗਾਂਧੀ ਨੂੰ ਵੀ ਸੱਦਾ ਦਿੱਤਾ ਕਿ ਉਹ ਵੀ ਉਨ੍ਹਾਂ ਨਾਲ ਆ ਕੇ ਰਾਮ ਮੰਦਰ ਦਾ ਨੀਂਹ ਪੱਥਰ ਰੱਖਣ।
ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਿਹਾ ਕਿ ਦੁਨੀਆਂ ਦੀ ਕੋਈ ਵੀ ਤਾਕਤ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਨਹੀਂ ਰੋਕ ਸਕਦੀ। ਉਨ੍ਹਾਂ ਕਿਹਾ ਕਿ ਸਰਕਾਰ ਤੇ ਅਦਾਲਤ ਨੂੰ ਅੱਗੇ ਆ ਕੇ ਇਸ ਮਸਲੇ ਨੂੰ ਸੁਲਝਾਉਣਾ ਚਾਹੀਦਾ ਹੈ। ਮੰਦਰ ਉਸਾਰੀ 'ਚ ਹੋ ਰਹੀ ਦੇਰੀ ਨਾਲ ਲੋਕਾਂ 'ਚ ਰੋਹ ਭਖ਼ ਰਿਹਾ ਹੈ।
ਅਯੁੱਧਿਆ ਦੇ ਤਪੱਸਵੀ ਚਾਵਨੀ ਮੰਦਰ ਦੇ ਮਹੰਤ ਸਵਾਮੀ ਪਰਮਹੰਸ ਦਾਸ ਨੇ ਚਿਤਾਵਨੀ ਦਿੱਤੀ ਕਿ ਜੇਕਰ ਰਾਮ ਮੰਦਰ ਦੀ ਉਸਾਰੀ ਬਾਰੇ ਅਧਿਕਾਰਤ ਐਲਾਨ ਨਾ ਕੀਤਾ ਗਿਆ ਤਾਂ ਉਹ ਛੇ ਦਸੰਬਰ ਨੂੰ ਆਤਮ ਦਾਹ ਕਰ ਲੈਣਗੇ। ਉਨ੍ਹਾਂ ਨੇ 6 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਵਰਤ ਰੱਖਿਆ ਹੋਇਆ ਹੈ। ਇਸੇ ਤਰ੍ਹਾਂ ਰਾਜਸਥਾਨ ਦੇ ਜੈਪੁਰ 'ਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਰਾਮ ਮੰਦਰ ਦੀ ਉਸਾਰੀ ਦਾ ਮਾਮਲਾ ਸੁਪਰੀਮ ਕੋਰਟ ਦੇ ਧਿਆਨ 'ਚ ਹੈ ਅਤੇ ਜੇਕਰ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਹੁੰਦੀ ਹੈ ਤਾਂ ਉਹ ਖੁਦ ਉੱਥੇ ਦੀਵਾ ਬਾਲਣ ਜਾਣਗੇ।
ਭਾਜਪਾ ਅਤੇ ਆਰਐਸਐਸ ਰਾਜਨੀਤਕ ਲਾਭ ਲਈ ਚੁੱਕ ਰਹੀ ਹੈ ਰਾਮ ਮੰਦਿਰ ਦਾ ਮੁੱਦਾ : ਸੀਨੀਅਰ ਕਾਂਗਰਸੀ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਐਤਵਾਰ ਨੂੰ ਕਿਹਾ ਕਿ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਚੋਣਾਂ ਵੇਲੇ ਰਾਮ ਜਨਮ ਭੂਮੀ ਵਿਵਾਦ ਦਾ ਮੁੱਦਾ ਉਠਾਉਂਦੀ ਹੈ ਤੇ ਚੋਣਾਂ ਮੁੱਕਣ ਬਾਅਦ ਭਗਵਾਨ ਰਾਮ ਨੂੰ ਭੁੱਲ ਜਾਂਦੀ ਹੈ। ਉਨ੍ਹਾਂ ਸੱਤਾਧਾਰੀ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਰਾਜਨੀਤਕ ਲਾਭ ਲਈ ਇਸ ਮੁੱਦੇ ਦਾ ਇਸਤੇਮਾਲ ਕਰ ਕੇ ਪਾਰਟੀ ਨੇ ਭਗਵਾਨ ਦਾ ਅਪਮਾਨ ਕੀਤਾ ਹੈ।
ਆਪਣੇ ਮਨ 'ਚ ਰਾਮ ਵਸਾਓ : ਅਯੁੱਧਿਆ 'ਚ ਰਾਮ ਮੰਦਰ ਤੇ ਬਾਬਰੀ ਮਸਜਿਦ ਦੀ ਉਸਾਰੀ ਬਾਰੇ ਚੱਲ ਰਹੇ ਵਿਵਾਦ ਦਰਮਿਆਨ ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਕਿਹਾ ਕਿ ਕੋਈ ਵੀ ਹਿੰਦੂ ਗ੍ਰੰਥ ਕੋਈ ਚੀਜ਼ ਹਾਸਲ ਕਰਨ ਲਈ ਹਿੰਸਾ ਦਾ ਰਾਹ ਅਖਤਿਆਰ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਤੇ ਸ਼ਾਸਤਰ ਕਹਿੰਦੇ ਹਨ ਕਿ ਰਾਮ ਨੂੰ ਆਪਣੇ ਮਨ 'ਚ ਵਸਾਉਣਾ ਚਾਹੀਦਾ ਹੈ। ਸ੍ਰੀ ਥਰੂਰ ਨੇ ਕਿਹਾ, "ਕਿ ਸ਼ਾਸਤਰ ਇਹ ਕਹਿੰਦੇ ਹਨ ਕਿ ਰਾਮ ਨੂੰ ਆਪਣੇ ਮਨ 'ਚ ਵਸਾਓ ਅਤੇ ਜੇਕਰ ਲੋਕ ਰਾਮ ਨੂੰ ਆਪਣੇ ਮਨ 'ਚ ਵਸਾ ਲੈਣ ਤਾਂ ਇਹ ਮਹੱਤਵ ਨਹੀਂ ਰੱਖਦਾ ਕਿ ਉਹ ਕਿੱਥੇ ਹਨ ਜਾਂ ਕਿੱਥੇ ਨਹੀਂ ਹਨ ਕਿਉਂਕਿ ਉਹ ਸਭ ਜਗ੍ਹਾ ਹਨ। " ਸ੍ਰੀ ਥਰੂਰ ਆਪਣੇ ਵੱਲੋਂ ਪਿੱਛੇ ਜਿਹੇ ਕੀਤੀ ਗਈ ਟਿੱਪਣੀ ਕਿ ਕੋਈ ਵੀ ਚੰਗਾ ਹਿੰਦੂ ਵਿਵਾਦਤ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਾਲੀ ਥਾਂ 'ਤੇ ਰਾਮ ਮੰਦਰ ਨਹੀਂ ਚਾਹੇਗਾ, ਬਾਰੇ ਜਵਾਬ ਦੇ ਰਹੇ ਸਨ। ਸ੍ਰੀ ਥਰੂਰ ਨੇ ਕਿਹਾ, "ਕਿ ਮੇਰਾ ਕਹਿਣਾ ਹੈ ਕਿ ਹਿੰਦੂ ਹਿੰਸਾ ਰਾਹੀਂ ਹਾਸਲ ਕੀਤੀ ਥਾਂ 'ਤੇ ਇਹ ਪਵਿੱਤਰ ਥਾਂ ਨਹੀਂ ਉਸਾਰਨਾ ਚਾਹੁੰਦੇ। ਚੰਗਾ ਹਿੰਦੂ ਕਾਨੂੰਨ ਦੀ ਪਾਲਣਾ ਕਰਨ ਵਾਲਾ ਹੁੰਦਾ ਹੈ ਅਤੇ ਚੰਗਾ ਹਿੰਦੂ ਉਹ ਹੈ ਜਿਸ 'ਚ ਇਨਸਾਨੀਅਤ ਹੋਵੇ। "

## ਪਹਿਲੀ ਵਿਸ਼ਵ ਜੰਗ ਲੜਨ ਵਾਲੇ ਸਿੱਖ ਫੌਜੀਆਂ ਦੀ ਯਾਦਗਾਰ ਬਣੀ

**ਲੰਡਨ/ਬਿਊਰੋ ਨਿਊਜ਼ :**
ਬਰਤਾਨੀਆ ਨੇ ਵੱਖ-ਵੱਖ ਦੇਸ਼ਾਂ, ਧਰਮਾਂ ਤੇ ਜਾਤਾਂ ਦੇ ਉਨ੍ਹਾਂ ਫੌਜੀਆਂ ਦੀ ਯਾਦਗਾਰ ਸਥਾਪਤ ਕੀਤੀ ਹੈ, ਜੋ ਪਹਿਲੀ ਵਿਸ਼ਵ ਜੰਗ ਵਿਚ ਉਨ੍ਹਾਂ ਦੇ ਦੇਸ਼ ਲਈ ਲੜੇ ਸਨ। ਇਨ੍ਹਾਂ ਫੌਜੀਆਂ ਵਿਚ ਵੱਡੀ ਗਿਣਤੀ ਸਿੱਖਾਂ ਦੀ ਸੀ। ਇਸ ਤਹਿਤ ਇੰਗਲੈਂਡ ਦੇ ਵੈਸਟ ਮਿਡਲੈਂਡਸ ਖੇਤਰ 'ਚ ਸਮੈੱਥਵਿਕ ਸ਼ਹਿਰ 'ਚ ਪਹਿਲੀ ਵਿਸ਼ਵ ਜੰਗ ਦੌਰਾਨ ਲੜਾਈ ਲੜਨ ਵਾਲੇ ਸਿੱਖ ਫ਼ੌਜੀਆਂ ਦੇ ਮਾਣ 'ਚ ਇਕ ਬੁੱਤ ਦੀ ਘੁੰਡ ਚੁਕਾਈ ਕੀਤੀ ਗਈ। ਗੁਰੂ ਨਾਨਕ ਗੁਰਦਵਾਰਾ ਸਮੈਥਵਿਕ ਨੇ 'ਲਾਇਨਜ਼ ਆਫ਼ ਦ ਗ੍ਰੇਟ ਵਾਰ' ਨਾਮਕ ਸਮਾਰਕ ਬਣਵਾਇਆ ਹੈ ਜਿਸ 'ਚ ਇਕ ਸਿੱਖ ਫ਼ੌਜੀ ਦਿਸ ਰਿਹਾ ਹੈ। ਇਹ ਸਮਾਰਕ ਬਰਤਾਨੀਆਂ ਲਈ ਵਿਸ਼ਵ ਜੰਗ ਅਤੇ ਹੋਰ ਸੰਘਰਸ਼ਾਂ 'ਚ ਬ੍ਰਿਟਿਸ਼ ਭਾਰਤੀ ਫ਼ੌਜ ਦਾ ਹਿੱਸਾ ਰਹੇ ਸਾਰੇ ਧਰਮਾਂ ਦੇ ਲੱਖਾਂ ਦਖਣੀ ਏਸ਼ੀਆਈ ਫ਼ੌਜੀਆਂ ਦੀ ਕੁਰਬਾਨੀ ਦੇ ਮਾਣ 'ਚ ਬਣਾਇਆ ਗਿਆ ਹੈ।
ਗੁਰੂ ਨਾਨਕ ਗੁਰਦਵਾਰਾ ਸਮੈਥਵਿਕ ਦੇ ਪ੍ਰਧਾਨ ਜਤਿੰਦਰ ਸਿੰਘ ਨੇ ਕਿਹਾ,ਕਿ "ਅਸੀਂ ਸਮੈਥਵਿਕ ਹਾਈ ਸਟ੍ਰੀਟ 'ਤੇ ਕੁਰਬਾਨੀ ਦੇਣ ਵਾਲੇ ਉਨ੍ਹਾਂ ਸਾਰੇ ਬਹਾਦੁਰ ਵਿਅਕਤੀਆਂ ਦੇ ਮਾਣ 'ਚ ਇਹ ਸਮਾਰਕ ਬਣਾ ਕੇ ਕਾਫ਼ੀ ਮਾਣ ਮਹਿਸੂਸ ਕਰ ਰਹੇ ਹਾਂ ਜਿਨ੍ਹਾਂ ਨੇ ਹਜ਼ਾਰਾਂ ਮੀਲਾਂ ਦੀ ਦੂਰੀ ਤੈਅ ਕਰ ਕੇ ਇਕ ਅਜਿਹੇ ਦੇਸ਼ ਲਈ ਲੜਾਈ ਕੀਤੀ ਜੋ ਉਨ੍ਹਾਂ ਦਾ ਅਪਣਾ ਦੇਸ਼ ਨਹੀਂ ਸੀ। " ਸਮੈਥਵਿਕ ਹਾਈ ਸਟ੍ਰੀਟ 'ਤੇ ਪਹਿਲੀ ਵਿਸ਼ਵ ਜੰਗ ਦੀ ਸਮਾਪਤੀ ਦੀ 100ਵੀਂ ਵਰ੍ਹੇਗੰਢ ਮੌਕੇ 10 ਫ਼ੁੱਟ ਦੀ ਤਾਂਬੇ ਦੀ ਮੂਰਤੀ ਦੀ ਘੁੰਡ ਚੁਕਾਈ ਕੀਤੀ ਗਈ। ਪਹਿਲੀ ਵਿਸ਼ਵ ਜੰਗ ਨੂੰ ਗ੍ਰੇਟ ਵਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਜੰਗ ਨਵੰਬਰ -1918 'ਚ ਖ਼ਤਮ ਹੋਈ ਸੀ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630
6120 Faith Home Rd Ceres, CA 95307
TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

ਪਾਠਕਾਂ ਦੀ ਸੱਥ

# ਕਰਨਲ ਸੁਰਜੀਤ ਸਿੰਘ ਨਿਸ਼ਾਨ ਦੇ ਨਾਮ ਇਕ ਖ਼ਤ

**ਕਰਨਲ ਸੁਰਜੀਤ ਸਿੰਘ ਨਿਸ਼ਾਨ ਜੀ,**
ਵਹਿਗੁਰੂ ਜੀ ਕਾ ਖਾਲਸਾ।। ਵਹਿਗੁਰੂ ਜੀ ਕੀ ਫ਼ਤਿਹ।।
**ਵਿਸ਼ਾ : ਦਿਵਾਲੀ ਦੀ ਤਾਰੀਖ**
**ਤਾਰੀਖ :** 19 ਕੱਤਕ, ਨਾਨਕਸ਼ਾਹੀ ਸੰਮਤ 550
(2 ਨਵੰਬਰ 2018 ਈ.)।

ਕਰਨਲ ਸੁਰਜੀਤ ਸਿੰਘ ਨਿਸ਼ਾਨ ਜੀ, ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਤੁਹਾਡੀ ਕਿਤਾਬ, "ਗੁਰਪੁਰਬ ਦਰਪਣ" ਵਿਚ ਦਰਜ ਤੁਹਾਡੇ ਨਿਮਰਤਾ ਭਰੇ ਸ਼ਬਦ, 'ਭੁਲਣ ਅੰਦਰਿ ਸਭੁ ਕੋ ਅਭੁਲ ਗੁਰੂ ਕਰਤਾਰ' ਮਹਾਂਵਾਕ ਅਨੁਸਾਰ ਬੰਦਾ ਖਿਣ-ਖਿਣ ਭੁਲਣਹਾਰ ਹੈ।ਅੰਕਾਂ ਦੇ ਇਸ ਹਿਸਾਬ-ਕਿਤਾਬ ਵਿਚ ਛਪਾਈ ਸਮੇਂ ਜੇ ਕੋਈ ਤਰੁੱਟੀ ਰਹਿ ਗਈ ਹੋਵੇ ਤਾਂ ਉਸ ਦੀ ਜਾਣਕਾਰੀ ਦਾਸ ਨੂੰ ਦੇਣ ਦੀ ਕਿਰਪਾਲਤਾ ਕਰਨੀ, ਦਾਸ ਧੰਨਵਾਦੀ ਹੋਵੇਗਾ। ਇਸ ਨੂੰ ਮੁੱਖ ਰੱਖ ਕੇ 15 ਜੁਲਾਈ 2017 ਦਿਨ ਸ਼ਨਿਚਰਵਾਰ, ਸਿਆਟਲ ਵਿਖੇ ਹੋਏ ਸੈਮੀਨਾਰ ਵਿਚ ਤੁਹਾਡੇ ਹਿਸਾਬ-ਕਿਤਾਬ ਵਿਚ ਹੋਈਆਂ ਕੁਝ ਅਹਿਮ ਭੁੱਲਾਂ ਵੱਲ ਧਿਆਨ ਦਿਵਾਇਆ ਗਿਆ ਸੀ ਪਰ ਆਪ ਜੀ ਨੇ ਕੋਈ ਉਸਾਰੂ ਹੁੰਗਾਰਾ ਨਹੀਂ ਭਰਿਆ। ਖੈਰ, ਆਪਣੇ ਲਿਖੇ ਸ਼ਬਦਾਂ ਉਤੇ ਤੁਸਾਂ ਖੁਦ ਅਮਲ ਕਰਨਾ ਹੈ ਜਾਂ ਨਹੀਂ, ਇਹ ਤੁਹਾਡੇ ਉਤੇ ਨਿਰਭਰ ਕਰਦਾ ਹੈ। ਇਸ ਪੱਤਰ ਰਾਹੀਂ ਤੁਹਾਡੇ ਵੱਲੋਂ ਕੀਤੀ ਗਈ ਇਕ ਹੋਰ ਬਹੁਤ ਹੀ ਅਹਿਮ ਗਲਤੀ ਵੱਲ, ਤੁਹਾਡੇ ਸਮੇਤ ਸਮੂਹ ਸੰਗਤਾਂ ਦਾ ਧਿਆਨ ਦਿਵਾ ਰਿਹਾ ਹਾਂ। ਇਹ ਗਲਤੀ ਹੈ, ਦਿਵਾਲੀ ਦੀਆਂ ਤਾਰੀਖ਼ਾਂ ਸੰਬੰਧੀ। ਕਰਨਲ ਨਿਸ਼ਾਨ ਜੀ, ਆਮ ਤੌਰ ਉਤੇ ਇਹ ਮੰਨਿਆ ਜਾਂਦਾ ਹੈ ਕਿ ਦਿਵਾਲੀ ਕੱਤਕ ਦੀ ਮੱਸਿਆ ਨੂੰ ਮਨਾਈ ਜਾਂਦੀ ਹੈ। ਇਸੇ ਨੁਕਤੇ ਨੂੰ ਅਧਾਰ ਬਣਾ ਕੇ ਤੁਸੀਂ, ਆਉਣ ਵਾਲੇ 85 ਸਾਲਾਂ (2015 ਈ. ਤੋਂ 2100 ਈ.) ਦੀਆਂ ਤਾਰੀਖ਼ਾਂ, ਆਪਣੀ ਕਿਤਾਬ ਦੇ ਪੰਨਾ 79 ਉਤੇ ਦਰਜ ਕੀਤੀਆਂ ਹਨ। ਜਦੋਂ ਇਨ੍ਹਾਂ ਦੀ ਪੜਤਾਲ ਕੀਤੀ ਗਈ ਤਾਂ ਤੁਹਾਡੀਆਂ ਸਾਰੀਆਂ ਤਾਰੀਖ਼ਾਂ ਉਸ ਕਿਤਾਬ "Calendrical Tabulations 1900-2200" ਨਾਲ ਮੇਲ ਖਾਂਦੀਆਂ ਹਨ, ਜਿਸ ਬਾਰੇ ਆਪ ਜੀ ਨੇ ਜੁਲਾਈ-2018 ਈ: ਦੇ ਆਖਰੀ ਹਫ਼ਤੇ ਵੈਨਕੂਵਰ ਵਿਖੇ Canadian Sikh Study and Teaching Society ਵੱਲੋਂ ਕਰਵਾਏ ਗਏ ਸੈਮੀਨਾਰ ਵਿਚ ਕਿਹਾ ਸੀ, ਮੈਂ ਹਾਲੇ ਤਕ ਇਹ ਕਿਤਾਬ ਨਹੀਂ ਵੇਖੀ। ਚੰਗਾ ਹੁੰਦਾ ਜੇ ਆਪ ਜੀ "Calendrical Tabulations 1900-2200 ਨਕਲ ਕਰਨ ਤੋਂ ਪਹਿਲਾਂ ਪੁਜਾਰੀ ਵੱਲੋਂ ਬਣਾਇਆ ਸਿਧਾਂਤ ਵੀ ਪੜ੍ਹ ਵਿਚਾਰ ਲੈਂਦੇ ਤਾਂ ਆਪ ਨੂੰ ਪਤਾ ਹੋਣਾ ਸੀ ਕਿ, ਕੱਤਕ ਦੀ ਹਰ ਮੱਸਿਆ ਨੂੰ ਦਿਵਾਲੀ ਨਹੀਂ ਹੁੰਦੀ।

ਆਓ ਵੇਖੀਏ ਕਿ ਦਿਵਾਲੀ ਕਦੋਂ ਮਨਾਈ ਜਾਂਦੀ ਹੈ। ਚੰਦ ਦੇ ਕੈਲੰਡਰ ਵਿਚ ਮਹੀਨਿਆਂ ਨੂੰ ਦੋ ਤਰ੍ਹਾਂ ਗਿਣਿਆ ਜਾਂਦਾ ਹੈ, ਮੱਸਿਆ ਤੋਂ ਮੱਸਿਆ ਜਿਸ ਨੂੰ ਅਮੰਤਾ ਕਹਿੰਦੇ ਹਨ ਅਤੇ ਪੁੰਨਿਆ ਤੋਂ ਪੁੰਨਿਆ ਜਿਸ ਨੂੰ ਪੂਰਨਮੰਤਾ ਕਹਿੰਦੇ ਹਨ। ਇਸ ਦੀ ਲੰਬਾਈ 29.53 ਦਿਨ ਮੰਨੀ ਗਈ ਹੈ। ਇਸ ਦੌਰਾਨ ਚੰਦ ਦੇ ਆਪਣੇ 30 ਦਿਨ ਹੁੰਦੇ ਹਨ, ਜਿਸ ਨੂੰ ਕਿ ਤਿੱਥ ਕਹਿੰਦੇ ਹਨ। ਇਕ ਤਿੱਥ 120 (360/30=120) ਦੇ ਬਰਾਬਰ ਹੁੰਦੀ ਹੈ। ਚੰਦ ਦੀ ਧਰਤੀ ਤੋਂ ਦੂਰੀ ਵਧਦੀ-ਘਟਦੀ ਰਹਿੰਦੀ ਹੈ। ਜਦੋਂ ਚੰਦ ਧਰਤੀ ਦੇ ਨੇੜੇ ਹੁੰਦਾ ਹੈ ਤਾਂ 120 ਦਾ ਸਫ਼ਰ ਲਗਭਗ 20 ਘੰਟੇ ਵਿਚ ਅਤੇ ਜਦੋਂ ਚੰਦ ਧਰਤੀ ਦੇ ਤੋਂ ਦੂਰ ਹੁੰਦਾ ਹੈ ਤਾਂ ਇਹ ਸਫ਼ਰ ਲਗਭਗ 26 ਘੰਟੇ ਵਿਚ ਪੂਰਾ ਕਰਦਾ ਹੈ। ਚੰਦ ਦੀ ਅੱਜ ਕਿਹੜੀ ਤਿੱਥ ਹੈ? ਇਹ ਸਵੇਰ ਨੂੰ ਸੂਰਜ ਚੜ੍ਹਨ ਵੇਲੇ ਜੋ ਤਿੱਥ ਹੋਵੇਗੀ, ਉਹ ਹੀ ਅੱਜ ਦੀ ਤਿੱਥ ਗਿਣੀ ਜਾਵੇਗੀ। ਜਿਵੇਂ 7 ਨਵੰਬਰ (2018 ਈ.) ਦਿਨ ਬੁੱਧਵਾਰ ਨੂੰ ਸਵੇਰੇ ਸੂਰਜ ਚੜ੍ਹਨ ਵੇਲੇ ਕੱਤਕ ਦੀ ਮੱਸਿਆ ਹੈ। ਇਸ ਲਈ ਵੀਰਵਾਰ ਨੂੰ ਸੂਰਜ ਚੜ੍ਹਨ ਵੇਲੇ ਤਕ ਮੱਸਿਆ ਹੀ ਗਿਣੀ ਜਾਵੇਗੀ। ਬੁੱਧਵਾਰ ਦੀ ਰਾਤ ਨੂੰ ਦਿਵਾਲੀ ਭਾਵ ਲੱਛਮੀ ਦੀ ਪੂਜਾ ਕੀਤੀ ਜਾਵੇਗੀ ਪਰ ਹਰ ਸਾਲ ਅਜਿਹਾ ਨਹੀਂ ਹੁੰਦਾ। ਇਸ ਦਾ ਕਾਰਨ ਇਹ ਹੈ ਕਿ ਪੁਜਾਰੀਆਂ ਵੱਲੋਂ ਬਣਾਏ ਗਏ ਵਿਧੀ ਵਿਧਾਨ ਮੁਤਾਬਕ ਦਿਵਾਲੀ ਦੀ ਰਾਤ ਨੂੰ ਜਿਸ ਵੇਲੇ ਲੱਛਮੀ ਦੀ ਪੂਜਾ ਕੀਤੀ ਜਾਂਦੀ ਹੈ ਉਸ ਵੇਲੇ ਮੱਸਿਆ ਦੀ ਤਿੱਥ ਹੋਣੀ ਜ਼ਰੂਰੀ ਹੈ। ਜ਼ਰੂਰੀ ਨਹੀਂ ਹੈ ਕਿ ਹਰ ਸਾਲ ਮੱਸਿਆ ਵਾਲੇ ਦਿਨ ਇਹ ਸਥਿਤੀ ਹੋਵੇ। ਜੇ ਅਜਿਹਾ ਨਹੀਂ ਹੈ ਤਾਂ ਦਿਵਾਲੀ ਕੱਤਕ ਦੀ ਚੌਦਸ ਨੂੰ ਮਨਾਈ ਜਾਵੇਗੀ। ਜਿਵੇਂ ਇਸ ਸਾਲ, ਮੱਸਿਆ ਦੀ ਤਿੱਥ 6 ਨਵੰਬਰ ਦਿਨ ਮੰਗਲਵਾਰ ਨੂੰ ਅੰਮ੍ਰਿਤਸਰ ਦੇ ਸਮੇਂ ਮੁਤਾਬਕ, ਲਗਭਗ ਰਾਤ ਦੇ 10.27 ਵਜੇ ਆਰੰਭ ਹੋਵੇਗੀ। ਬੁੱਧਵਾਰ ਨੂੰ ਸੂਰਜ ਚੜ੍ਹਨ ਵੇਲੇ ਮੱਸਿਆ ਦੀ ਤਿੱਥ ਹੋਣ ਕਾਰਨ, ਬੁੱਧਵਾਰ ਨੂੰ ਮੱਸਿਆ ਹੋਵੇਗੀ। ਇਹ ਤਿੱਥ ਬੁੱਧਵਾਰ ਦੀ ਰਾਤ ਨੂੰ 9.32 ਵਜੇ ਖਤਮ ਹੋ ਜਾਵੇਗੀ। ਲੱਛਮੀ ਦੀ ਪੂਜਾ ਬੁੱਧਵਾਰ ਦੀ ਰਾਤ ਨੂੰ ਹੋਵੇਗੀ। ਇਸ ਲਈ ਇਥੇ ਤੁਹਾਡੇ ਵੱਲੋਂ ਦਰਜ ਕੀਤੀ ਗਈ ਤਾਰੀਖ 7 ਨਵੰਬਰ 2018 ਈ. ਠੀਕ ਹੈ। ਆਓ ਹੁਣ ਤੁਹਾਡੇ ਵੱਲੋਂ ਦਰਜ ਕੀਤੀ ਗਈ 28 ਅਕਤੂਬਰ 2019 ਦੀ ਤਾਰੀਖ ਦੀ ਪੜਤਾਲ ਕਰੀਏ, (ਪੰਨਾ 79)।

ਤੁਸੀਂ ਇਹ ਮੰਨ ਕੇ ਕਿ ਦਿਵਾਲੀ ਕੱਤਕ ਦੀ ਮੱਸਿਆ ਨੂੰ ਹੀ ਹੁੰਦੀ ਹੈ, "Calendrical Tabulations 1900-2200 ਤੋਂ ਵੇਖ ਕੇ 28 ਅਕਤੂਬਰ 2019 ਈ. ਦੀ ਤਾਰੀਖ ਦਰਜ ਕਰ ਦਿੱਤੀ ਹੈ। ਜਦੋਂ ਇਸ ਦੀ ਪੜਤਾਲ ਕੀਤੀ ਗਈ ਤਾਂ ਇਹ ਤਾਰੀਖ ਗਲਤ ਪਾਈ ਗਈ। ਇਹ ਠੀਕ ਹੈ ਕਿ 28 ਅਕਤੂਬਰ ਦਿਨ ਸੋਮਵਾਰ ਨੂੰ ਸਵੇਰੇ ਸੂਰਜ ਚੜ੍ਹਨ ਵੇਲੇ ਮੱਸਿਆ ਦੀ ਤਿੱਥ ਹੋਵੇਗੀ ਅਤੇ ਅਗਲੇ ਦਿਨ ਭਾਵ ਮੰਗਲਵਾਰ ਦੇ ਸੂਰਜ ਚੜ੍ਹਨ ਵੇਲੇ ਤੱਕ ਮੱਸਿਆ ਹੀ ਗਿਣੀ ਜਾਵੇਗੀ ਪਰ ਇਸ ਦਿਨ ਦਿਵਾਲੀ ਨਹੀਂ ਹੋਵੇਗੀ, ਕਿਉਂਕਿ ਮੱਸਿਆ ਦੀ ਤਿੱਥ ਸੋਮਵਾਰ ਸਵੇਰੇ 9.08 ਵਜੇ ਖਤਮ ਹੋ ਜਾਵੇਗੀ। ਇਸ ਲਈ ਤੁਹਾਡੇ ਵੱਲੋਂ ਦਿੱਤੀ ਗਈ ਤਾਰੀਖ 28 ਅਕਤਬੂਰ ਨੂੰ ਸ਼ਾਮ ਵੇਲੇ, ਜਦੋਂ ਪੂਜਾ ਕੀਤੀ ਜਾਣੀ ਹੈ, ਉਸ ਵੇਲੇ ਕੱਤਕ ਸੁਦੀ ਏਕਮ ਹੋਵੇਗੀ ਅਤੇ ਬ੍ਰਾਹਮਣ ਵੱਲੋਂ ਬਣਾਏ ਗਏ ਵਿਧੀ ਵਿਧਾਨ ਅਨੁਸਾਰ ਉਸ ਵੇਲੇ ਲੱਛਮੀ ਦੀ ਪੂਜਾ ਨਹੀਂ ਕੀਤੀ ਜਾ ਸਕੇਗੀ। ਮੱਸਿਆ ਦੀ ਤਿੱਥ ਦਾ ਆਰੰਭ 27 ਅਕਤਬੂਰ 2019, ਦਿਨ ਐਤਵਾਰ ਨੂੰ ਦੁਪਹਿਰ ਵੇਲੇ (ਲਗਭਗ) 12:23 ਵਜੇ ਹੋਵੇਗਾ ਅਤੇ ਇਹ ਸੋਮਵਾਰ ਸਵੇਰੇ 9:08 (ਲਗਭਗ) ਖਤਮ ਹੋਵੇਗੀ। ਇਸ ਲਈ ਲੱਛਮੀ ਦੀ ਪੂਜਾ 27 ਅਕਤੂਬਰ, ਐਤਵਾਰ ਦੀ ਰਾਤ ਨੂੰ ਕੀਤੀ ਜਾਵੇਗੀ। ਤੁਹਾਡੇ ਵੱਲੋਂ "Calendrical Tabulations 1900-2200 ਤੋਂ ਵੇਖ ਕੇ ਲਿਖੀ ਗਈ 28 ਅਕਤੂਬਰ 2019 ਈ. ਗਲਤ ਹੈ। ਇਥੇ ਤਰਾਂ ਹੀ ਤੁਹਾਡੇ ਵੱਲੋਂ ਲਿਖੀ ਗਈ ਅਗਲੇ ਸਾਲ ਦੀ ਤਾਰੀਖ 15 ਨਵੰਬਰ 2020 ਈ. ਵੀ, ਪੜਤਾਲ ਕਰਨ ਉਤੇ ਗਲਤ ਪਾਈ ਗਈ ਹੈ।

ਕੱਤਕ ਦੀ ਮੱਸਿਆ ਦਾ ਆਰੰਭ 14 ਨਵੰਬਰ 2020 ਈ. ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2:17 ਵਜੇ (ਲਗਭਗ) ਹੋਵੇਗਾ ਅਤੇ 15 ਨਵੰਬਰ 2020 ਨੂੰ ਐਤਵਾਰ ਸਵੇਰ 10:36 ਵਜੇ ਖਤਮ ਹੋਵੇਗੀ।

ਮੱਸਿਆ ਗਿਣੀ ਐਤਵਾਰ ਨੂੰ ਹੀ ਜਾਵੇਗੀ ਪਰ ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਦਿਵਾਲੀ 14 ਨਵੰਬਰ ਦਿਨ ਸ਼ਨਿਚਰਵਾਰ ਨੂੰ ਹੀ ਮਨਾਈ ਜਾਵੇਗੀ, ਕਿਉਂਕਿ ਐਤਵਾਰ ਸ਼ਾਮ ਨੂੰ ਤਾਂ ਕੱਤਕ ਸੁਦੀ ਏਕਮ ਹੋਵੇਗੀ। ਇਸ ਲਈ ਤੁਹਾਡੀ ਇਹ ਤਾਰੀਖ ਵੀ ਗਲਤ ਸਾਬਤ ਹੋਈ ਹੈ। ਪੜਤਾਲ ਕਰਨ ਉਤੇ 4 ਨਵੰਬਰ 2021 ਈ. ਦੀ ਤਾਰੀਖ ਸਹੀ ਪਾਈ ਗਈ ਹੈ ਪਰ 28 ਅਕਤੂਬਰ 2022 ਈ. ਅਤੇ 13 ਨਵੰਬਰ 2023 ਈ. ਦੀ ਤਾਰੀਖ ਗਲਤ ਸਿੱਧ ਹੋਈ ਹੈ। ਇਸੇ ਤਰ੍ਹਾਂ ਹੀ ਬਾਕੀ ਤਾਰੀਖ਼ਾਂ ਦੀ ਪੜਤਾਲ ਵੀ ਕੀਤੀ ਜਾ ਸਕਦੀ ਹੈ।

ਕਰਨਲ ਨਿਸ਼ਾਨ ਜੀ, ਦਿਵਾਲੀ ਦੀਆਂ ਤਾਰੀਖ਼ਾਂ ਸੰਬੰਧੀ ਕੁਝ ਜਾਣਕਾਰੀ ਆਪ ਜੀ ਨਾਲ ਸਾਂਝੀ ਕੀਤੀ ਹੈ। ਤੁਹਾਡੀ ਜਾਣਕਾਰੀ ਹਿਤ ਬੇਨਤੀ ਕਿ "Calendrical Tabulations 1900-2200" ਵਿਚ ਕੱਤਕ ਦੀ ਮੱਸਿਆ ਦੀਆਂ ਤਾਰੀਖ਼ਾਂ ਦਰਜ ਹਨ, ਜੋ ਤੁਸੀਂ ਨਕਲ ਕੀਤੀਆਂ ਹਨ। ਉਹ ਦਿਵਾਲੀ ਦੀਆਂ ਤਾਰੀਖਾਂ ਨਹੀਂ ਹਨ। ਇਸ ਤਰ੍ਹਾਂ ਤੁਹਾਡਾ ਇਹ ਦਾਅਵਾ ਝੂਠਾ ਸਿੱਧ ਹੋਇਆ ਹੈ ਕਿ, ਇਹ ਗਿਣਤੀ ਮੈਂ ਆਪ ਕੀਤੀ ਹੈ। ਸਭ ਤੋਂ ਸੌਖੀ ਅਤੇ ਮੁੱਢਲੀ ਜਾਣਕਾਰੀ ਤੋਂ ਹੀ ਸੱਖਣੇ ਹੋਣ ਕਰਕੇ, ਆਪ ਨੇ ਦਿਵਾਲੀ ਦੀਆਂ ਗਲਤ ਤਾਰੀਖ਼ਾਂ ਦਰਜ ਕਰ ਦਿੱਤੀਆਂ ਹਨ। ਅਜੇ ਤਾਂ ਹੋਰ ਵੀ ਗੁੰਝਲਾਂ ਹਨ, ਜਿਵੇਂ ਕਿ ਜੇ ਕੱਤਕ ਮੱਸਿਆ ਦੋ ਦਿਨ ਹੋਵੇ ਜਾਂ ਮੱਸਿਆ ਹੋਵੇ ਹੀ ਨਾ, ਤਾਂ ਲੱਛਮੀ ਦੀ ਪੂਜਾ ਕਦੋਂ ਹੋਵੇਗੀ? ਕਰਨਲ ਨਿਸ਼ਾਨ ਜੀ, ਤੁਹਾਡੇ ਲਿਖੇ ਸ਼ਬਦਾਂ ਮੁਤਾਬਕ, ਜੇ ਕੋਈ ਤਰੁੱਟੀ ਰਹਿ ਗਈ ਹੋਵੇ ਤਾਂ ਉਸ ਦੀ ਜਾਣਕਾਰੀ ਦਾਸ ਨੂੰ ਦੇਣ ਦੀ ਕ੍ਰਿਪਾਲਤਾ ਕਰਨੀ, ਦਾਸ ਧੰਨਵਾਦੀ ਹੋਵੇਗਾ। (ਪੰਨਾ 17) ਮੈਂ ਆਪਣਾ ਫਰਜ਼ ਸਮਝਦੇ ਹੋਏ ਕੁਝ ਹੋਰ ਤਰੁੱਟੀਆਂ ਨੂੰ ਤੁਹਾਡੇ ਧਿਆਨ ਵਿੱਚ ਲਿਆ ਦਿੱਤਾ ਹੈ। ਹੁਣ ਆਪ ਜੀ ਦੀ ਮਰਜ਼ੀ ਹੈ ਕਿ ਆਪ ਨੇ ਦਿਵਾਲੀ ਦੀਆਂ ਗਲਤ ਤਾਰੀਖ਼ਾਂ ਅਤੇ ਹੋਰ ਬਹੁਤ ਸਾਰੀਆਂ ਗਲਤ ਤਾਰੀਖ਼ਾਂ, ਜੋ ਪਿਛਲੇ ਸਾਲ-ਸਵਾ ਸਾਲ ਤੋਂ ਤੁਹਾਡੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ, ਉਤੇ ਮੁੜ ਵਿਚਾਰ ਕਰਨੀ ਹੈ ਜਾਂ ਨਹੀਂ। ਹਾਂ! ਜੇ ਕਰ ਆਪ ਜੀ ਦਾ ਕੋਈ ਸਵਾਲ ਜਾਂ ਸ਼ੰਕਾ ਹੋਇਆ ਤਾਂ ਲਿਖ ਭੇਜਣਾ ਤਾਂ ਜੋ ਉਸ ਉਤੇ ਵਿਚਾਰ ਕੀਤੀ ਜਾ ਸਕੇ।

ਸਤਿਕਾਰ ਸਹਿਤ
**ਸਰਵਜੀਤ ਸਿੰਘ ਸੈਕਰਾਮੈਂਟੋ**

# ਜਹਾਜ਼ਾਂ ਵਿਚ ਵੀ ਜਾਰੀ ਹੈ ਔਰਤਾਂ ਨਾਲ ਬਦਤਮੀਜ਼ੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਆਮ ਕਰਕੇ ਹਵਾਈ ਯਾਤਰਾ ਦੌਰਾਨ ਔਰਤਾਂ ਨੂੰ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਹੁੰਦਾ ਪਰ ਕਈ ਵਾਰ ਇਥੇ ਵੀ ਔਰਤਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ। ਹੁਣ ਜਹਾਜ਼ਾਂ ਵਿਚ ਵੀ ਔਰਤਾਂ ਨਾਲ ਕਿਤੇ-ਕਿਤੇ ਬਦਤਮੀਜ਼ੀ ਕੀਤੀ ਜਾਣ ਲੱਗੀ ਹੈ।

**ਏਅਰ ਹੋਸਟਸ ਨਾਲ ਛੇੜਖਾਨੀ :** 27 ਫਰਵਰੀ 2017 ਨੂੰ ਜੈੱਟ ਏਅਰਵੇਜ਼ ਦੀ ਮੁੰਬਈ ਤੋਂ ਨਾਗਪੁਰ ਜਾ ਰਹੀ ਫਲਾਈਟ ਵਿਚ ਜਦੋਂ ਏਅਰ ਹੋਸਟੈੱਸ ਇਕ ਮੁਸਾਫਿਰ ਨੂੰ ਨਾਸ਼ਤਾ ਦੇਣ ਪਹੁੰਚੀ ਤਾਂ ਸ਼ਰਾਬ ਦੇ ਨਸ਼ੇ ਵਿਚ ਟੱਲੀ ਅਤੇ ਪੇਸ਼ੇ ਤੋਂ ਇੰਜੀਨੀਅਰ ਮੁਸਾਫਰ ਨੇ ਏਅਰ ਹੋਸਟੈੱਸ ਨਾਲ ਛੇੜਖਾਨੀ ਕੀਤੀ। ਏਅਰ ਹੋਸਟੈੱਸ ਵਲੋਂ ਅਧਿਕਾਰੀਆਂ ਨੂੰ ਸ਼ਿਕਾਇਤ ਕਰਨ 'ਤੇ ਮੁਸਾਫਿਰ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ।

**ਦੰਗਲ ਦੀ ਅਭਿਨੇਤਰੀ ਨਾਲ ਛੇੜਖਾਨੀ :** 09 ਦਸੰਬਰ 2017 ਨੂੰ ਆਮਿਰ ਖਾਨ ਦੀ ਸੁਪਰਹਿੱਟ ਫਿਲਮ 'ਦੰਗਲ' ਦੀ ਅਭਿਨੇਤਰੀ ਜ਼ਾਇਰਾ ਵਸੀਮ ਨਾਲ 'ਏਅਰ ਵਿਸਤਾਰਾ' ਦੇ ਜਹਾਜ਼ ਵਿਚ ਅਜਿਹੀ ਹੀ ਘਟਨਾ ਵਾਪਰੀ, ਜਦੋਂ ਉਹ ਦਿੱਲੀ ਤੋਂ ਮੁੰਬਈ ਜਾ ਰਹੀ ਸੀ। ਅਭਿਨੇਤਰੀ ਮੁਤਾਬਿਕ, "ਪਿੱਛੇ ਬੈਠੇ ਵਿਅਕਤੀ ਨੇ ਆਪਣੇ ਪੈਰ ਮੇਰੇ ਲੱਕ 'ਤੇ ਰਗੜੇ। ਉਹ ਮੇਰੇ ਮੋਢਿਆਂ 'ਤੇ ਹੱਥ ਫੇਰ ਰਿਹਾ ਸੀ।" ਇਸ ਘਟਨਾ ਕਾਰਨ ਹਵਾਈ ਸੇਵਾ ਨੇ ਜ਼ਾਇਰਾ ਤੋਂ ਮੁਆਫੀ ਮੰਗੀ ਤੇ ਪੁਲਸ ਨੇ ਦੋਸ਼ੀ ਮੁਸਾਫਰ ਨੂੰ ਗ੍ਰਿਫਤਾਰ ਕਰ ਲਿਆ।

**ਸੁੱਤੀ ਔਰਤ ਨਾਲ ਬਦਤਮੀਜ਼ੀ :** 6 ਜਨਵਰੀ 2018 ਨੂੰ ਅਮਰੀਕਾ ਵਿਚ ਆਪਣੀ ਪਤਨੀ ਨਾਲ ਜਹਾਜ਼ ਰਾਹੀਂ ਲਾਸ ਵੇਗਾਸ ਤੋਂ ਡੈਟ੍ਰਾਇਟ ਜਾ ਰਹੇ 'ਪ੍ਰਭੂ ਰਾਮਮੂਰਤੀ' ਨਾਮੀ ਇਕ 34 ਸਾਲਾ ਭਾਰਤੀ ਮੁਸਾਫਿਰ ਨੂੰ ਉਡਾਣ ਦੌਰਾਨ ਆਪਣੀ ਨਾਲ ਵਾਲੀ ਸੀਟ 'ਤੇ ਸੁੱਤੀ ਪਈ ਮਹਿਲਾ ਸਹਿ-ਯਾਤਰੀ ਨਾਲ ਜਿਨਸੀ ਦੁਰਵਿਵਹਾਰ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ। ਪੀੜਤਾ ਨੇ ਰੋਂਦਿਆਂ ਫਲਾਈਟ ਅਟੈਂਡੈਂਟਾਂ ਨੂੰ ਦੱਸਿਆ ਕਿ ਉਹ ਨੀਂਦ ਵਿਚ ਸੀ ਅਤੇ ਜਦੋਂ ਉਸ ਦੀ ਜਾਗ ਖੁੱਲ੍ਹੀ ਤਾਂ ਉਸ ਨੇ ਦੇਖਿਆ ਕਿ ਉਸ ਦੀ ਪੈਂਟ ਅਤੇ ਸ਼ਰਟ ਦੇ ਬਟਨ ਖੁੱਲ੍ਹੇ ਹੋਏ ਸਨ ਅਤੇ ਦੋਸ਼ੀ ਦਾ ਹੱਥ ਉਸ ਦੀ ਪੈਂਟ ਦੇ ਅੰਦਰ ਸੀ। 'ਪ੍ਰਭੂ ਰਾਮਮੂਰਤੀ' ਨੂੰ ਮਿਸ਼ੀਗਨ ਦੀ ਫੈਡਰਲ ਕੋਰਟ ਵਿਚ ਪੇਸ਼ ਕੀਤਾ ਗਿਆ। ਜਾਂਚ ਦੌਰਾਨ ਉਹ ਦੋਸ਼ੀ ਸਿੱਧ ਹੋਇਆ ਤੇ 12 ਦਸੰਬਰ ਨੂੰ ਉਸ ਨੂੰ ਸਜ਼ਾ ਸੁਣਾਈ ਜਾਵੇਗੀ।

**ਗਲਤ ਢੰਗ ਨਾਲ ਛੂਹਿਆ :** 28 ਮਾਰਚ ਨੂੰ ਲਖਨਊ ਤੋਂ ਦਿੱਲੀ ਆਉਣ ਵਾਲੀ 'ਵਿਸਤਾਰਾ ਏਅਰਲਾਈਨਜ਼' ਦੀ ਉਡਾਣ ਵਿਚ ਇਕ ਔਰਤ ਨਾਲ ਛੇੜਖਾਨੀ ਕਰਨ ਦੇ ਦੋਸ਼ ਹੇਠ ਇਕ ਮੁਸਾਫਿਰ ਨੂੰ ਗ੍ਰਿਫਤਾਰ ਕੀਤਾ ਗਿਆ। ਜਹਾਜ਼ ਜਦੋਂ ਦਿੱਲੀ ਪਹੁੰਚਿਆ ਅਤੇ ਮੁਸਾਫਿਰ ਹੇਠਾਂ ਉਤਰਨ ਲੱਗੇ ਤਾਂ ਸਭ ਤੋਂ ਅਖੀਰ ਵਿਚ ਉਤਰਨ ਵਾਲੇ ਰਾਜੀਵ ਕੁਮਾਰ ਦਾਨੀ ਨਾਮੀ ਮੁਸਾਫਰ ਨੇ ਜਹਾਜ਼ ਵਿਚੋਂ ਉਤਰ ਰਹੀ ਮੇਘਾਲਿਆ ਦੀ ਰਹਿਣ ਵਾਲੀ ਇਕ ਔਰਤ ਨੂੰ ਕਈ ਵਾਰ ਗਲਤ ਢੰਗ ਨਾਲ ਛੂਹਣ ਦੀ ਕੋਸ਼ਿਸ਼ ਕੀਤੀ।



**ਏਅਰ ਹੋਸਟਸ ਨੂੰ ਕੀਤਾ ਜ਼ਲੀਲ :** 16 ਅਕਤੂਬਰ ਨੂੰ ਮੁੰਬਈ ਤੋਂ ਬੈਂਗਲੁਰੂ ਜਾ ਰਹੇ ਇੰਡੀਗੋ ਦੇ ਜਹਾਜ਼ ਵਿਚ ਇਕ ਏਅਰ ਹੋਸਟੈੱਸ ਨਾਲ ਕਥਿਤ ਤੌਰ 'ਤੇ ਛੇੜਖਾਨੀ ਦੇ ਮਾਮਲੇ ਵਿਚ ਇਕ ਮੁਸਾਫਿਰ ਨੂੰ ਗ੍ਰਿਫਤਾਰ ਕੀਤਾ ਗਿਆ। ਏਅਰ ਹੋਸਟੈੱਸ ਦੀ ਸ਼ਿਕਾਇਤ ਅਨੁਸਾਰ ਮੁੰਬਈ ਹਵਾਈ ਅੱਡੇ ਤੋਂ ਜਹਾਜ਼ ਦੇ ਰਵਾਨਾ ਹੋਣ ਤੋਂ ਪਹਿਲਾਂ ਮੁਸਾਫਿਰ ਨੇ ਉਸ ਨਾਲ ਛੇੜਖਾਨੀ ਕੀਤੀ ਅਤੇ ਉਦੋਂ ਉਸ ਦੀ ਪਿੱਠ ਦਬਾਈ, ਜਦੋਂ ਉਹ ਉਸ ਦੇ ਨੇੜਿਓਂ ਲੰਘ ਰਹੀ ਸੀ। ਜਦੋਂ ਏਅਰ ਹੋਸਟੈੱਸ ਨੇ ਉਸ ਨੂੰ ਡਾਂਟਿਆ ਤਾਂ ਮੁਸਾਫਰ ਨੇ ਉਸ ਨੂੰ ਗਾਲ੍ਹਾਂ ਕੱਢੀਆਂ।

**ਵਕੀਲ ਔਰਤ ਨਾਲ ਬਦਤਮੀਜ਼ੀ :** 23 ਅਕਤੂਬਰ ਨੂੰ ਸਹਾਰ ਪੁਲਸ ਨੇ ਬੈਂਕਾਕ ਤੋਂ ਮੁੰਬਈ ਆ ਰਹੇ ਥਾਈ ਏਅਰਵੇਜ਼ ਦੇ ਜਹਾਜ਼ ਰਾਹੀਂ ਮੁੰਬਈ ਆ ਰਹੀ ਇਕ 29 ਸਾਲਾ ਔਰਤ ਵਕੀਲ ਨਾਲ ਛੇੜਖਾਨੀ ਕਰਨ ਦੇ ਦੋਸ਼ ਹੇਠ ਚੰਦਰਹਾਸ ਤ੍ਰਿਪਾਠੀ ਨਾਮੀ ਇਕ ਸੀਨੀਅਰ ਸੇਲਜ਼ ਐਗਜ਼ੀਕਿਊਟਿਵ ਨੂੰ ਗ੍ਰਿਫਤਾਰ ਕੀਤਾ। ਪੀੜਤਾ ਦਾ ਦੋਸ਼ ਹੈ ਕਿ ਬੈਂਕਾਕ ਦੇ 'ਡਾਨ ਮੁਏਆਂਗ' ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਬਾਅਦ ਜਦੋਂ ਜਹਾਜ਼ ਦੀਆਂ ਬੱਤੀਆਂ ਬੁਝਾ ਦਿੱਤੀਆਂ ਗਈਆਂ ਤਾਂ ਚੰਦਰਹਾਸ ਤ੍ਰਿਪਾਠੀ ਨੇ ਉਸ ਨੂੰ ਗਲਤ ਢੰਗ ਨਾਲ ਛੂਹਿਆ। ਤ੍ਰਿਪਾਠੀ ਨੇ ਇਹ ਯਕੀਨੀ ਬਣਾਉਣ ਲਈ ਕਿ ਉਹ ਸੌਂ ਰਹੀ ਹੈ, ਪਹਿਲਾਂ ਪੀੜਤਾ ਦੀਆਂ ਉਂਗਲਾਂ ਛੂਹੀਆਂ ਅਤੇ ਫਿਰ ਉਸ ਨੂੰ ਗਲਤ ਢੰਗ ਨਾਲ ਛੂਹਿਆ ਤੇ ਖ਼ੁਦ ਨੀਂਦ ਵਿਚ ਹੋਣ ਦਾ ਨਾਟਕ ਕਰਦਿਆਂ ਉਸ ਦੇ ਪੱਟਾਂ ਨੂੰ ਦਬਾਇਆ।

# ਗੁਰਦੁਆਰਾ ਬੋਥਲ ਵਿਖੇ 'ਸੋਚ ਸੈਂਟਰ' ਵਲੋਂ ਮੁਫ਼ਤ ਮੈਡੀਕਲ ਕੈਂਪ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਗੁਰਦੁਆਰਾ ਬੋਥਲ ਵਿਚ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਮਾਜ ਸੇਵੀ ਸੰਸਥਾ 'ਸੋਚ' ਵਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਜਨਰਲ ਚੈਕਅੱਪ, ਦੰਦਾਂ ਅਤੇ ਅੱਖਾਂ ਦੀ ਜਾਂਚ ਦੇ ਨਾਲ-ਨਾਲ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਸੁਖਚੈਨ ਸਿੰਘ ਸੰਧੂ ਅਤੇ ਬਲਵੰਤ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਚ ਸੈਂਟਰ ਦੇ ਸਮੂਹ ਵਲੰਟੀਅਰਾਂ ਨੇ ਮਿਲ ਕੇ ਮੈਡੀਕਲ ਕੈਂਪ ਵਿਚ ਮਰੀਜ਼ਾਂ ਦੀ ਜਾਂਚ ਕਰਨ ਵਾਸਤੇ ਬੜੀ ਲਗਨ ਨਾਲ ਸੇਵਾ ਨਿਭਾਈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਲੋਕਾਂ ਕੋਲ ਮੈਡੀਕਲ ਇੰਸ਼ੋਰੈਂਸ ਨਹੀਂ ਹੈ, ਉਨ੍ਹਾਂ ਦੀ ਇੰਸ਼ੋਰੈਂਸ ਲੈਣ ਵਿਚ ਮਦਦ ਕੀਤੀ ਗਈ ਅਤੇ ਸੀਨੀਅਰ ਸਿਟੀਜ਼ਨ ਨੂੰ ਮੁਫ਼ਤ ਬੱਸ ਪਾਸ ਵੀ ਬਣਾ ਕੇ ਦਿੱਤੇ ਗਏ। ਇਹ ਸੇਵਾ ਲੈਣ ਲਈ ਬਹੁਗਿਣਤੀ ਬੀਬੀਆਂ ਦੀ ਰਹੀ। ਪੰਜਾਬੀ ਭਾਈਚਾਰੇ ਵਲੋਂ ਸੋਚ ਸੈਂਟਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਗੌਰਤਲਬ ਹੈ ਕਿ ਸੋਚ ਸੈਂਟਰ ਦੇ ਮੁਖੀ ਬਲਵੰਤ ਸਿੰਘ ਔਲਖ ਦੀ ਅਗਵਾਈ ਹੇਠ ਪਿਛਲੇ ਕਈ ਸਾਲਾਂ ਤੋਂ ਹਰੇਕ ਸ਼ਨੀਵਾਰ ਸ਼ਾਮ ਨੂੰ ਟਾਕੋਆ ਜੇਲ੍ਹ ਵਿਚ ਪਹੁੰਚ ਕੇ ਗੁਰਬਾਣੀ ਨਾਲ ਕੈਦੀਆਂ ਨੂੰ ਜੋੜਨ ਅਤੇ ਲੰਗਰ ਦੀ ਸੇਵਾ ਵੀ ਨਿਭਾਈ ਜਾ ਰਹੀ ਹੈ। ਜੇਲ੍ਹ ਵਿਚ ਬੰਦ ਲੋਕਾਂ ਦੀ ਇਮੀਗ੍ਰੇਸ਼ਨ ਲਈ ਲੋੜੀਂਦੀ ਮਦਦ ਵੀ ਕੀਤੀ ਗਈ ਹੈ।

# ਨੌਰਵਿਚ ਪਬਲਿਕ ਸਕੂਲ ਦੀ ਸੁਪਰੀਡੈਂਟ ਨੂੰ ਗੁਰਮੁਖੀ-ਪੰਜਾਬੀ ਬਾਰੇ ਯਾਦਗਾਰੀ ਬੋਰਡ ਭੇਟ

**ਨੌਰਵਿਚ (ਕੈਨੇਟਿਕਟ)/ਹੁਸਨ ਲੜੋਆ ਬੰਗਾ :**
ਕੈਨੇਟਿਕਟ ਰਾਜ ਦੇ ਨੌਰਵਿਚ ਸਥਿਤ ਨੌਰਵਿਚ ਪਬਲਿਕ ਸਕੂਲ ਦੀ ਸੁਪਰੀਡੈਂਟ ਨੂੰ ਗੁਰਮੁਖੀ-ਪੰਜਾਬੀ ਬਾਰੇ ਯਾਦਗਾਰੀ ਬੋਰਡ ਭੇਟ ਕਰ ਕੇ ਪੰਜਾਬੀ ਭਾਸ਼ਾ ਬਾਰੇ ਜਾਣਕਾਰੀ ਦਿੱਤੀ ਗਈ। ਨੌਰਵਿਚ ਪਬਲਿਕ ਸਕੂਲ ਦੇ ਅਧੀਨ 10 ਸਕੂਲ ਆਉਂਦੇ ਹਨ। ਇਸ ਮੌਕੇ ਸ. ਪ੍ਰਮਿੰਦਰਪਾਲ ਸਿੰਘ ਖਾਲਸਾ, ਸਵਰਨਜੀਤ ਸਿੰਘ ਖਾਲਸਾ (ਅਮਰੀਕਾ), ਸਿੱਖ ਸੇਵਕ ਸੋਸਾਇਟੀ (ਇੰਟਰਨੈਸ਼ਨਲ) ਨੇ ਇਕ ਬੋਰਡ, ਜਿਸ ਵਿਚ ਪੰਜਾਬੀ ਭਾਸ਼ਾ ਸਮੇਤ 21 ਅੰਤਰਰਾਸ਼ਟਰੀ ਭਾਸ਼ਾਵਾਂ ਦਾ ਜ਼ਿਕਰ ਹੈ, ਸਕੂਲ ਦੀ ਕਮੇਟੀ ਨੂੰ ਭੇਟ ਕੀਤਾ ਗਿਆ। ਮੌਕੇ 'ਤੇ ਨੌਰਵਿਚ ਪਬਲਿਕ ਸਕੂਲ ਦੀ ਸਾਰੀ ਕਮੇਟੀ ਨੇ ਸ.ਖਾਲਸਾ ਦਾ ਸਵਾਗਤ ਅਤੇ ਧੰਨਵਾਦ ਕੀਤਾ। ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਪੂਰਾ ਮਾਨ-ਸਨਮਾਨ ਦੇਣ ਅਤੇ ਪੰਜਾਬੀ ਬਾਰੇ ਸਾਰੇ ਸਕੂਲ ਦੇ ਸਟਾਫ ਨੂੰ ਜਾਣਕਾਰੀ ਦੇਣ ਅਤੇ ਇਸ ਅਦਾਰੇ ਅਧੀਨ ਆਉਂਦੇ ਦਸ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਕਰਨ ਵਿਚ ਵੀ ਪੂਰਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ। ਯਾਦ ਰਹੇ ਕਿ ਪਹਿਲਾ ਵੀ ਨੌਰਵਿਚ ਸ਼ਹਿਰ ਵਿਚ ਪੰਜਾਬੀ ਨੂੰ ਮਾਨਤਾ ਮਿਲੀ ਹੋਈ ਹੈ ਅਤੇ ਸ ਸਵਰਨਜੀਤ ਸਿੰਘ ਖਾਲਸਾ ਦੇ ਯਤਨਾਂ ਸਦਕਾ ਸਰਕਾਰੀ ਦਫਤਰਾਂ, ਪਬਲਿਕ ਸਥਾਨਾਂ ਅਤੇ ਸ਼ਹਿਰ ਅੰਦਰ ਦਾਖਲ ਹੋਣ ਦੇ ਰਾਹ ਉਤੇ ਪੰਜਾਬੀ ਵਿਚ "ਜੀ ਆਇਆਂ ਨੂੰ" ਦੇ ਸਵਾਗਤੀ ਸਾਈਨ ਬੋਰਡ ਲੱਗੇ ਹੋਏ ਹਨ।



# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# Classified

## GROOM WANTED

Jatt Sikh Dhaliwal, 23 year old MBBS girl, Height 5' 7" doing Internship, GUANGXI MEDICAL UNIVERSITY, CHINA. Father class one officer serving DSP in Punjab Police, very reputed family. seeking American Citizen boy,

Please contact 559-312-4428 Or + 91 9878722332.


## ਪੰਜਾਬ 'ਚ ਮੁੜ ਤੋਂ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਦੀ ਸਿਆਸਤ

ਦੇ ਵਿਵਾਦਤ ਤੇ ਭੜਕਾਊ ਕਿਸਮ ਦੇ ਬਿਆਨ ਸਾਹਮਣੇ ਆਉਂਦੇ ਰਹੇ ਹਨ। ਪਹਿਲਾਂ ਭਾਰਤੀ ਫੌਜ ਰਾਜਨੀਤਕ ਕਿਸਮ ਦੀ ਬਿਆਨਬਾਜ਼ੀ ਤੋਂ ਹਮੇਸ਼ਾ ਬਚਦੀ ਹੁੰਦੀ ਸੀ ਪਰ ਮੋਦੀ ਰਾਜ ਵਿਚ ਇਥੇ ਵੀ ਰਾਜਨੀਤੀ ਜਾ ਵੜੀ ਹੈ।

ਨਵੀਂ ਦਿੱਲੀ ਵਿਚ 'ਭਾਰਤ ਦੀ ਅੰਦਰੂਨੀ ਸੁਰੱਖਿਆ ਦੀ ਬਦਲਦੀ ਸੂਰਤੇ-ਹਾਲ' ਵਿਸ਼ੇ 'ਤੇ ਕਰਵਾਏ ਸੈਮੀਨਾਰ ਦੌਰਾਨ ਉਨ੍ਹਾਂ ਪੰਜਾਬ ਬਾਰੇ ਟਿੱਪਣੀ ਕੀਤੀ ਹੈ ਕਿ ਬਾਹਰੀ ਸੂਤਰਾਂ ਰਾਹੀਂ ਪੰਜਾਬ ਵਿਚ ਦਹਿਸ਼ਤਪਸੰਦੀ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ; ਇਸ ਬਾਰੇ ਜੇ ਤੁਰੰਤ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਬਹੁਤ ਦੇਰ ਹੋ ਜਾਵੇਗੀ। ਉੱਤਰ ਪ੍ਰਦੇਸ਼ ਦੇ ਸਾਬਕਾ ਪੁਲੀਸ ਮੁਖੀ ਪ੍ਰਕਾਸ਼ ਸਿੰਘ ਨੇ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਈ ਹੈ ਅਤੇ ਇੰਗਲੈਂਡ ਵਿਚ ਹੋਈ ਇਕ ਰੈਲੀ ਦੇ ਹਵਾਲੇ ਨਾਲ ਖ਼ਾਲਿਸਤਾਨ ਪੱਖੀ ਉਭਾਰ ਦੀ ਗੱਲ ਕੀਤੀ।

ਫੌਜ ਮੁਖੀ ਸ਼ਾਇਦ ਪੰਜਾਬ ਦੇ ਹਾਲਾਤ ਦੀ ਪੁਣਛਾਣ ਬਰਗਾੜੀ ਇਨਸਾਫ ਮੋਰਚੇ ਤੋਂ ਬਾਅਦ ਬਣੇ ਹਾਲਾਤ ਨੂੰ ਕੇਂਦਰ ਵਿਚ ਰੱਖ ਕੇ ਕਰ ਰਹੇ ਹਨ। ਅਸਲ ਵਿਚ ਬਰਗਾੜੀ ਮੋਰਚੇ ਨੂੰ ਲੋਕਾਂ ਤੋਂ ਮਿਲੇ ਆਪ-ਮੁਹਾਰੇ ਹੁੰਗਾਰੇ ਨੇ ਸਭ ਸੱਤਾਵਾਦੀਆਂ ਦੀ ਨੀਂਦ ਉਡਾ ਛੱਡੀ ਹੈ। ਪੰਜਾਬ ਵਿਚ ਕਾਂਗਰਸ ਦੀ ਅਗਵਾਈ ਹੇਠ ਬਣੀ ਨਵੀਂ ਸਰਕਾਰ ਤੋਂ ਸੂਬੇ ਦੇ ਲੋਕਾਂ ਨੇ ਬੜੀਆਂ ਉਮੀਦਾਂ ਲਗਾਈਆਂ ਸਨ। ਇਨ੍ਹਾਂ ਵਿਚੋਂ ਇਕ ਉਮੀਦ ਇਹ ਵੀ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਦੀ ਨਿਰਪੱਖ ਜਾਂਚ-ਪੜਤਾਲ ਹੋਵੇਗੀ ਅਤੇ ਦੋਸ਼ੀਆਂ ਨੂੰ ਬਾਕਾਇਦਾ ਸਜ਼ਾਵਾਂ ਦਿੱਤੀਆਂ ਜਾਣਗੀਆਂ ਪਰ ਸਰਕਾਰ ਪਿਛਲੇ ਡੇਢ ਸਾਲ ਤੋਂ ਇਸ ਮਸਲੇ ਨੂੰ ਇਕ ਜਾਂ ਦੂਜੇ ਕਾਰਨਾਂ ਕਰਕੇ ਲਗਾਤਾਰ ਟਾਲਦੀ ਆ ਰਹੀ ਹੈ। ਇਹ ਬੇਅਦਬੀਆਂ ਅਕਾਲੀ ਦਲ ਦੇ ਰਾਜ ਦੌਰਾਨ ਹੋਈਆਂ ਸਨ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਜਾਂਚ-ਪੜਤਾਲ ਵਿਚ ਜੋ ਇਸ਼ਾਰੇ ਕੀਤੇ ਹਨ, ਉਸ ਤੋਂ ਸ਼ੱਕ-ਸ਼ੁਬ੍ਹੇ ਵਾਲੀ ਕੋਈ ਗੱਲ ਨਹੀਂ ਰਹਿ ਗਈ।

ਇਸ ਮਸਲੇ 'ਤੇ ਦੋਹਾਂ ਧਿਰਾਂ ਨੇ ਆਪੋ-ਆਪਣੇ ਢੰਗ ਨਾਲ ਸਿਆਸਤ ਕਰਨ ਦਾ ਯਤਨ ਕੀਤਾ ਹੈ। ਹੁਣ ਜਦੋਂ ਇਨ੍ਹਾਂ ਧਿਰਾਂ ਦੀ ਨਾਅਹਿਲੀਅਤ ਤੋਂ ਅੱਕੇ ਲੋਕਾਂ ਨੇ ਇਨਸਾਫ ਲਈ ਮੋਰਚੇ ਨੂੰ ਹੁੰਗਾਰਾ ਭਰਿਆ ਹੈ ਤਾਂ ਇਸ ਨੂੰ ਸਾਬੋਤਾਜ ਕਰਨ ਜਾਂ ਇਸ ਉਤੇ ਧੱਕੇ ਨਾਲ ਫਿਰਕੂ ਰੰਗ ਚਾੜ੍ਹਨ ਦੀਆਂ ਕਾਰਵਾਈਆਂ ਕੀਤੀਆਂ ਜਾਣ ਲੱਗੀਆਂ ਹਨ। ਅਜਿਹੀ ਘਟੀਆ ਕਿਸਮ ਦੀ ਫਿਰਕੂ ਰਾਜਨੀਤੀ ਕਾਰਨ ਪੰਜਾਬ ਪਹਿਲਾਂ ਹੀ ਚੋਖੀ ਮਾਰ ਝੱਲ ਚੁੱਕਾ ਹੈ। ਇਸੇ ਕਰਕੇ ਇਸ ਦੀ ਆਰਥਿਕਤਾ ਨੂੰ ਵੀ ਵੱਡੀ ਸੱਟ ਵੱਜੀ ਹੈ। ਪੰਜਾਬ ਹੁਣ ਉਂਞ ਵੀ ਚੁਫੇਰਿਓਂ ਸੰਕਟ ਵਿਚ ਘਿਰਿਆ ਹੋਇਆ ਹੈ। ਇਨ੍ਹਾਂ ਸੰਕਟਾਂ ਦਾ ਹੱਲ ਕੱਢਣਾ ਸਿਆਸੀ ਜਮਾਤਾਂ ਦਾ ਕੰਮ ਹੁੰਦਾ ਹੈ ਪਰ ਮੁਲਕ ਦੇ ਜਰਨੈਲ ਇਸ ਨੂੰ ਨਿਰੋਲ ਅੰਦਰੂਨੀ ਸੁਰੱਖਿਆ ਦੇ ਖਾਤੇ ਪਾ ਰਹੇ ਹਨ, ਇਸ ਨੂੰ ਦਹਿਸ਼ਤਗਰਦੀ ਨਾਲ ਜੋੜ ਕੇ ਦੇਖ ਰਹੇ ਹਨ। ਇਨ੍ਹਾਂ ਬਿਆਨਾਂ ਨੂੰ ਕੇਂਦਰੀ ਸੱਤਾ ਦੀ ਹੱਲਾਸ਼ੇਰੀ ਹੈ। ਇਹ ਸਭ ਕਹਿਣ ਤੋਂ ਬਾਅਦ ਹਾਲਾਂਕਿ, ਜਨਰਲ ਰਾਵਤ ਨੇ ਪੰਜਾਬ ਦੇ ਵਿਗੜਦੇ ਹਾਲਾਤ ਸਬੰਧੀ ਕਿਸੇ ਕਿਸਮ ਦੀ ਫ਼ੌਜੀ ਕਾਰਵਾਈ ਕੀਤੇ ਜਾਣ ਦੀ ਗੱਲ ਤੋਂ ਇਨਕਾਰ ਕਰ ਦਿੱਤਾ ਪਰ ਉਨ੍ਹਾਂ ਦੀ ਅਸਲ ਮਨਸ਼ਾ ਜ਼ਾਹਰ ਕਰਨ ਲਈ ਇੰਨਾ ਕੁਝ ਕਹਿ ਜਾਣਾ ਹੀ ਕਾਫੀ ਸੀ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਪੰਜਾਬ ਸ਼ਾਂਤ ਹੈ ਤਾਂ ਰਾਵਤ ਨੇ ਇਹ ਬਿਆਨ ਕਿਸ ਦੇ ਇਸ਼ਾਰੇ 'ਤੇ ਦਿੱਤਾ? ਕੀ ਇਹ ਇੱਕ ਵਾਰ ਫਿਰ ਸਿੱਖ ਨਸਲਕੁਸ਼ੀ ਦੀ ਤਿਆਰੀ ਹੈ? ਜਦੋਂ ਫੌਜ ਰਾਜਸੀ ਆਗੂਆਂ ਦੀ ਬੋਲੀ ਬੋਲਣ ਲੱਗ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਥਿਤੀ ਬੇਹੱਦ ਗੰਭੀਰ ਹੈ ਤੇ ਪੰਜਾਬ ਵਿਰੋਧੀ ਸਿਆਸਤਦਾਨਾਂ ਵਲੋਂ ਕੋਈ ਸਾਜ਼ਿਸ਼ ਘੜੀ ਹੈ ਜਾ ਰਹੀ ਹੈ, ਜਿਨ੍ਹਾਂ ਨੇ ਪੰਜਾਬ ਨੂੰ ਉਬਲੇ ਪਾਣੀ ਵਿਚ ਇਸ਼ਨਾਨ ਕਰਵਾਇਆ। ਯਾਦ ਰਹੇ ਕਿ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਬਾਹਰੀ ਤਾਕਤਾਂ ਬਾਰੇ ਇਹੀ ਬਿਆਨ ਇਸ ਤੋਂ ਪਹਿਲਾਂ ਕਦੇ ਸੁਖਬੀਰ ਸਿੰਘ ਬਾਦਲ ਨੇ ਵੀ ਦਿੱਤਾ ਸੀ। ਫ਼ਿਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਉਹ ਰਾਗ ਅਲਾਪਿਆ ਸੀ। ਇਸ ਤਰ੍ਹਾਂ ਜਾਪਦਾ ਹੈ ਕਿ ਇਹ ਸਭ ਅੰਦਰੋਂ ਇਕ ਨੀਤੀ ਤਹਿਤ ਬਿਆਨ ਜਾਰੀ ਕਰ ਰਹੇ ਹਨ।

ਕੀ ਭਾਰਤੀ ਫੌਜ ਦਾ ਮੁਖੀ ਪ੍ਰਧਾਨ ਮੰਤਰੀ ਦੇ ਦਫ਼ਤਰ ਦੀ ਆਗਿਆ ਤੋਂ ਬਿਨਾਂ ਇਹ ਬਿਆਨ ਜਾਰੀ ਕਰ ਸਕਦਾ ਹੈ? ਕੀ ਕਦੇ ਫੌਜ ਮੁਖੀ ਨੇ ਅਜਿਹੇ ਰਾਜਨੀਤਕ ਬਿਆਨ ਦਿੱਤੇ ਹਨ? ਫਿਰ ਅਜਿਹਾ ਕੀ ਹੋ ਗਿਆ ਕਿ ਪੰਜਾਬ ਬਾਰੇ ਰਾਵਤ ਨੂੰ ਅਜਿਹੇ ਬਿਆਨ ਦੇਣ ਲਈ ਮਜਬੂਰ ਹੋਣਾ ਪਿਆ ਜਦ ਕਿ ਪੰਜਾਬ ਸ਼ਾਂਤ ਹੈ। ਜੇਕਰ ਭਾਰਤੀ ਫੌਜ ਦਾ ਮੁਖੀ ਅਜਿਹੇ ਸਿਆਸੀ ਬਿਆਨ ਦੇਣ ਲਗ ਜਾਵੇ ਤਾਂ ਇਹ ਦੇਸ਼ ਜਮਹੂਰੀ ਕਿਵੇਂ ਹੈ?

ਕੀ ਹਾਲ ਹੈ ਪੰਜਾਬ ਦਾ : ਫੌਜ ਮੁਖੀ ਨੂੰ ਪੰਜਾਬ ਤੋਂ ਡਰ ਕਿਉਂ ਲੱਗ ਰਿਹਾ ਜਦ ਹਿੰਦੂ, ਸਿੱਖ, ਮੁਸਲਿਮ, ਈਸਾਈ ਅਤੇ ਦਲਿਤ ਸਭ ਮਿਲ ਕੇ ਰਹਿ ਰਹੇ ਹਨ। ਪੰਜਾਬ ਦੀ ਦੁਕਾਨਦਾਰ ਬਿਜ਼ਨੈਸ ਸ਼੍ਰੇਣੀ ਜੋ ਬਹੁਗਿਣਤੀ ਹਿੰਦੂ ਹੈ, ਉਹ ਪੰਜਾਬ ਦੀ ਕਿਸਾਨੀ ਦੇ ਉਜਾੜੇ ਕਾਰਨ ਉਜੜ ਗਈ ਹੈ। ਇਹ ਤੁਸੀਂ ਕਿਸੇ ਦੁਕਾਨਦਾਰ ਹਿੰਦੂ ਕੋਲੋਂ ਪੁੱਛ ਸਕਦੇ ਹੋ, ਉਹ ਇਹ ਕਹੇਗਾ ਕਿ ਸਾਡੇ ਬਿਜ਼ਨੈਸ ਦਾ ਆਧਾਰ ਖਰੀਦਦਾਰ ਕਿਸਾਨ-ਮਜ਼ਦੂਰ ਉਜੜ ਗਿਆ ਹੈ, ਅਸੀਂ ਕਿਵੇਂ ਬਚਾਂਗੇ। ਪੰਜਾਬ ਦਾ ਹਿੰਦੂ ਕੇਂਦਰੀ ਫਿਰਕੂ ਚਾਲਾਂ ਸਮਝ ਚੁੱਕਾ ਹੈ ਇਸ ਲਈ ਕੇਂਦਰੀ ਬਸਤੀਵਾਦ ਦੀਆਂ ਕਠਪੁਤਲੀਆਂ ਦੀ ਸ਼ਕਤੀ ਨਹੀਂ ਵਧ ਰਹੀ ਕਿ ਉਹ ਪੰਜਾਬ ਵਿਚ ਗੜਬੜ ਫੈਲਾ ਸਕਣ।

ਪੰਜਾਬ ਦੇ ਸਿਰ 'ਤੇ ਢਾਈ ਲੱਖ ਕਰੋੜ ਦੇ ਕਰੀਬ ਕਰਜ਼ਾ ਹੈ। ਪੰਜਾਬ ਦਾ ਯੂਥ ਬੇਰੁਜ਼ਗਾਰੀ ਕਾਰਨ ਨਸ਼ੇੜੀ ਹੋ ਗਿਆ ਹੈ ਤੇ ਪੜ੍ਹਿਆ ਲਿਖਿਆ ਨੌਜਵਾਨ ਰੁਜ਼ਗਾਰ ਨਾ ਮਿਲਣ ਕਾਰਨ ਵਿਦੇਸ਼ਾਂ ਵਲ ਹਰ ਸਾਲ ਡੇਢ ਲੱਖ ਦੇ ਕਰੀਬ ਵਹੀਰਾਂ ਘੱਤ ਕੇ ਜਾ ਰਿਹਾ ਹੈ। ਇਹ ਸਭ ਦੇਣ ਕੇਂਦਰ ਸਰਕਾਰ ਦੀ ਹੈ, ਜੋ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀ ਹੈ ਤੇ ਘਸਿਆਰਾ ਬਣਾਉਣਾ ਚਾਹੁੰਦੀ ਹੈ ਪਰ ਫਿਰ ਵੀ ਪੰਜਾਬ ਨੂੰ ਸ਼ਾਂਤ ਦੇਖ ਕੇ ਕੇਂਦਰ ਸਰਕਾਰ ਡਰ ਰਹੀ ਹੈ ਜਿਵੇਂ ਕਿ ਪੰਜਾਬ ਕੋਈ ਦੁਸ਼ਮਣ ਦੇਸ਼ ਹੁੰਦਾ ਹੈ ਤੇ ਉਹ ਭਾਰਤ ਦਾ ਭਾਗ ਹੀ ਨਹੀਂ ਹੁੰਦਾ। ਇਹ ਭ੍ਰਿਸ਼ਟ ਤੇ ਜ਼ਾਲਮਾਨਾ ਸਿਸਟਮ ਕੇਂਦਰ ਨੇ ਕਿਉਂ ਪੈਦਾ ਕੀਤਾ, ਪੰਜਾਬ ਨਾਲ ਵਿਤਕਰਾ ਕਿਉਂ ਕੀਤਾ? ਕੀ ਪੰਜਾਬ ਇਸ ਬਾਰੇ ਆਵਾਜ਼ ਵੀ ਨਾ ਉਠਾਏ?

ਕੌਣ ਹੈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਦੋਸ਼ੀ : ਇਸ ਸਮੇਂ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਾਰਨ ਪੰਜਾਬ ਬੇਚੈਨ ਹੈ। ਪੰਜਾਬ ਵਿਚ ਕੋਈ ਸਿੱਖ ਲੀਡਰਸ਼ਿਪ ਨਹੀਂ ਹੈ, ਜੋ ਪੰਥ ਦੀ ਅਗਵਾਈ ਕਰ ਰਹੀ ਹੈ। ਪਰ ਫਿਰ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਸਿੱਖ ਇਕਮੁੱਠ ਹਨ ਤੇ ਕਿਸੇ ਲੀਡਰ ਵਿਚ ਜੁਰਅਤ ਨਹੀਂ ਕਿ ਉਹ ਸੰਗਤ ਨਾਲ ਧੋਖਾ ਕਰ ਜਾਵੇ ਤੇ ਸਰਕਾਰ ਨਾਲ ਸਮਝੌਤਾ ਕਰਕੇ ਬਰਗਾੜੀ ਮੋਰਚੇ ਦਾ ਭੋਗ ਪਾ ਦੇਵੇ। ਇਹੀ ਬੇਚੈਨੀ ਨੂੰ ਕੇਂਦਰ ਨੂੰ ਖਤਰਨਾਕ ਲੱਗ ਰਹੀ ਹੈ, ਜੋ ਪੰਜਾਬ ਨਾਲ ਇਨਸਾਫ਼ ਨਹੀਂ ਕਰਨਾ ਚਾਹੁੰਦੀ।

ਇਹ ਬੇਚੈਨੀ ਨਵੰਬਰ-1984 ਤੇ ਪੰਜਾਬ ਸੰਤਾਪ ਦੇ ਦਿਨਾਂ ਦੌਰਾਨ ਸਿੱਖ ਨਸਲਕੁਸ਼ੀ ਬਾਰੇ ਇਨਸਾਫ਼ ਨਾ ਮਿਲਣ ਕਰਕੇ ਵੀ ਹੈ। ਇਹ ਬੇਚੈਨੀ ਇਸ ਕਾਰਨ ਵੀ ਹੈ ਕਿ ਸਿੱਖ ਪੰਥ ਨੂੰ ਦੂਸਰੇ ਦਰਜੇ ਦਾ ਸ਼ਹਿਰੀ ਸਮਝਿਆ ਜਾ ਰਿਹਾ ਹੈ ਤੇ ਪੰਜਾਬ ਨਾਲ ਕਦੇ ਵੀ ਇਨਸਾਫ਼ ਨਹੀਂ ਕੀਤਾ ਗਿਆ।

ਪੰਜਾਬ ਵਿੱਚ ਗੁਰੂ ਸਾਹਿਬ ਦੀ ਬੇਅਦਬੀ ਦੇ ਮੁੱਦੇ 'ਤੇ ਪੰਜ ਮਹੀਨਿਆਂ ਤੋਂ ਬਰਗਾੜੀ ਮੋਰਚਾ ਲਗਾਤਾਰ ਜਾਰੀ ਹੈ। ਪ੍ਰੰਤੂ 5 ਮਹੀਨਿਆਂ ਵਿੱਚ ਲੱਖਾਂ ਸੰਗਤਾਂ ਦੀ ਸ਼ਮੂਲੀਅਤ ਹੋਣ ਦੇ ਬਾਵਜੂਦ ਕਿਸੇ ਵੀ ਤਰ੍ਹਾਂ ਦੀ ਛੋਟੀ-ਮੋਟੀ ਹਿੰਸਕ ਘਟਨਾ ਤਾਂ ਨਹੀਂ ਵਾਪਰੀ, ਸਗੋਂ ਉੱਥੋਂ ਪੰਜਾਬੀ ਏਕਤਾ ਦੇ ਲਈ ਬਿਆਨ ਜਾਰੀ ਹੋਏ ਹਨ ਤੇ ਸਮੁੱਚੇ ਭਾਈਚਾਰੇ ਨੂੰ ਇਹ ਸੱਦਾ ਦਿਤਾ ਗਿਆ ਹੈ ਕਿ ਇਸ ਮੋਰਚੇ ਵਿਚ ਸਭ ਸ਼ਾਮਲ ਹੋਣ। ਹਿੰਦੂ-ਮੁਸਲਮ-ਇਸਾਈ ਤੇ ਦਲਿਤ ਸਭ ਮੋਰਚੇ ਵਿਚ ਸ਼ਾਮਲ ਹੋ ਰਹੇ ਹਨ।

ਇਹ ਸਭ ਕੁਝ ਸ਼ੈਤਾਨੀ ਤਾਕਤਾਂ ਲਈ ਚੈਲਿੰਜ ਹੈ। ਕੋਈ ਸਿੱਖ ਭੜਕਾਹਟ ਵਿਚ ਨਹੀਂ ਹੈ। ਪੰਜਾਬ ਬੰਜਰ ਹੈ, ਬੇਰੁਜ਼ਗਾਰ ਹੈ, ਖੇਤੀ ਤੇ ਸਨਅਤ ਸਾਜ਼ਿਸ਼ ਤਹਿਤ ਤਬਾਹ ਕੀਤੀ ਗਈ ਹੈ। ਕਿਸਾਨੀ ਕਰਜ਼ਈ ਬਣਾਈ ਗਈ ਹੈ। ਪੰਜਾਬ ਦਾ ਪਰਵਾਸ ਇਸੇ ਸਾਜ਼ਿਸ਼ ਦਾ ਹਿੱਸਾ ਹੈ ਤਾਂ ਜੋ ਪੰਜਾਬੀ ਘੱਟ-ਗਿਣਤੀ ਪੰਜਾਬ ਵਿਚ ਹੋ ਜਾਣ। ਪੰਜਾਬ ਦਾ ਪਾਣੀ ਖਤਮ ਹੈ ਪੰਜਾਬ ਨੂੰ ਕੈਂਸਰ, ਕਾਲਾ ਪੀਲੀਆ ਤੇ ਨਸ਼ਿਆਂ ਦੀ ਡੈਣ ਚਿੰਬੜੀ ਹੈ ਜੋ ਹਾਕਮਾਂ ਦੀਆਂ ਨੀਤੀਆਂ ਕਾਰਨ ਪ੍ਰਗਟ ਹੋਈ ਹੈ। ਇਸ ਦੇ ਬਾਵਜੂਦ ਪੰਜਾਬ ਸ਼ਾਂਤ ਹੈ। ਗੜਬੜ ਵਾਲਾ ਇਲਾਕਾ ਨਹੀਂ ਹੈ। ਦੋ ਘਲੂਘਾਰੇ ਹੰਢਾ ਕੇ, ਆਪਣੀ ਨਸਲਕੁਸ਼ੀ ਕਰਾ ਕੇ ਵੀ ਪੰਜਾਬ ਕਾਇਮ ਹੈ ਤੇ ਪੰਜਾਬ ਦਾ ਵਾਰਸ ਸਿੱਖ ਕਾਇਮ ਹੈ, ਡੋਲਿਆ ਨਹੀ ਹੈ। ਉਹ ਆਪਣੇ ਹੱਕਾਂ ਲਈ ਲੜੇਗਾ। ਪੰਜਾਬ ਕੇਂਦਰ ਦੀ ਬਸਤੀ ਨਹੀਂ ਰਹਿਣਾ ਚਾਹੁੰਦਾ।

ਸਿੱਖਾਂ ਨੂੰ ਉਮੀਦ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਦੀ ਨਿਰਪੱਖ ਜਾਂਚ-ਪੜਤਾਲ ਹੋਵੇਗੀ ਅਤੇ ਦੋਸ਼ੀਆਂ ਨੂੰ ਬਾਕਾਇਦਾ ਸਜ਼ਾਵਾਂ ਦਿੱਤੀਆਂ ਜਾਣਗੀਆਂ ਪਰ ਸਰਕਾਰ ਪਿਛਲੇ ਡੇਢ ਸਾਲ ਤੋਂ ਇਸ ਮਸਲੇ ਨੂੰ ਇਕ ਜਾਂ ਦੂਜੇ ਕਾਰਨਾਂ ਕਰਕੇ ਲਗਾਤਾਰ ਟਾਲਦੀ ਆ ਰਹੀ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਸਭ ਕੁਝ ਬੇਇਨਸਾਫ਼ੀ ਦਾ ਸਿਲਸਿਲਾ ਕੇਂਦਰ ਦੇ ਦਬਾਅ ਅਧੀਨ ਹੋ ਰਿਹਾ ਹੈ। ਅਸਲ ਦੋਸ਼ੀ ਬਚਾਏ ਜਾ ਚੁੱਕੇ ਹਨ ਇਹ ਤਾਂ ਸਿਰਫ ਡਰਾਮੇ ਹਨ। ਜੇਕਰ ਸਿੱਖ ਬੇਚੈਨ ਹੋ ਕੇ ਆਪਣੀ ਜਮਹੂਰੀ ਲੜਾਈ ਲੜ ਰਹੇ ਹਨ ਤਾਂ ਫੌਜ ਮੁਖੀ ਦਾ ਇਹ ਬਿਆਨ ਆ ਜਾਣਾ ਇਕ ਸਾਜ਼ਿਸ਼ ਹੈ ਤੇ ਖਾਲਸਾ ਪੰਥ ਨੂੰ ਕੌਮਾਂਤਰੀ ਪੱਧਰ 'ਤੇ ਇਸ ਸੰਬੰਧ ਵਿਚ ਆਵਾਜ਼ ਉਠਾਉਣੀ ਚਾਹੀਦੀ ਹੈ।

ਕੇਂਦਰ ਦੀ ਚਾਣਕਿਆ ਨੀਤੀ : ਸੁਆਲ ਫਿਰ ਹੈ ਕਿ ਭਾਰਤੀ ਫ਼ੌਜ ਦੇ ਮੁਖੀ ਜਨਰਲ ਬਿਪਿਨ ਰਾਵਤ ਨੂੰ ਅਜਿਹਾ ਕਹਿਣ ਦੀ ਲੋੜ ਕਿਉਂ ਪਈ ਕਿ ਵਿਦੇਸ਼ੀ ਤਾਕਤਾਂ ਰਾਹੀਂ ਪੰਜਾਬ ਵਿਚ ਅੱਤਵਾਦ ਨੂੰ ਮੁੜ-ਸੁਰਜੀਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਹ ਕੇਂਦਰ ਦੀ ਦਿੱਲੀ ਸਰਕਾਰ ਦੀ ਗੈਰ ਜਮਹੂਰੀ ਸਭਿਆਚਾਰ ਵਿਚੋਂ ਨਿਕਲੇ ਚਾਣਕਿਆ ਨੀਤੀ ਦਾ ਹਿੱਸਾ ਹੈ ਜੋ ਪੰਜਾਬ ਨੂੰ ਡੰਡੇ ਨਾਲ ਦਬਾਉਣ ਦੀ ਰਵਾਇਤ ਵਾਲੀ ਹੈ ਕਿ ਆਪਣੇ ਹੱਕ ਨਾ ਮੰਗੋ। ਇਨਸਾਫ ਨਾ ਮੰਗੋ, ਸਟੇਟ ਦਾ ਡੰਡਾ ਹਾਜ਼ਰ ਹੈ। ਇਹ ਹਿੰਦੂ ਰਾਸ਼ਟਰਵਾਦ ਦੀਆਂ ਸੰਨ 2019 ਚੋਣਾਂ ਜਿੱਤਣ ਦਾ ਹਿੱਸਾ ਹੈ। ਅੰਬਾਨੀ ਅੰਡਾਨੀ ਲਈ ਦੇਸ਼ ਦਾ ਸਰਮਾਇਆ ਉਜਾੜ ਦਿੱਤਾ ਗਿਆ ਹੈ ਤਾਂ ਜੋ ਚੋਣ ਫੰਡਾਂ ਰਾਹੀਂ ਸੱਤਾ ਵਿਚ ਆਇਆ ਜਾ ਸਕੇ। ਰਿਜ਼ਰਵ ਬੈਂਕ ਦੇ ਘਪਲਿਆਂ ਨੂੰ, ਆਪਣੀਆਂ ਭ੍ਰਿਸ਼ਟ ਕਰਤੂਤਾਂ ਨੂੰ ਅਜਿਹੇ ਬਿਆਨ ਦੇ ਕੇ ਛੁਪਾਇਆ ਜਾ ਰਿਹਾ ਹੈ।

ਸੰਨ 2019 ਦੀਆਂ ਚੋਣਾਂ ਬਰੂਹਾਂ 'ਤੇ ਹਨ। ਬਰਗਾੜੀ ਮੋਰਚੇ ਕਾਰਨ ਕੌਮ ਵਿੱਚ ਬੇਚੈਨੀ ਹੈ। ਇਸ ਬੇਚੈਨੀ ਨੂੰ ਦਹਿਸ਼ਤ ਦਾ ਨਾਮ ਕਿਉਂ ਦਿੱਤਾ ਜਾ ਰਿਹਾ ਹੈ? ਕੀ ਭਾਜਪਾ ਸਰਕਾਰ ਪੰਜਾਬ ਵਿਰੁਧ ਦੁਬਾਰਾ ਕਾਰਵਾਈ ਕਰਨ ਲਈ ਯਤਨਸ਼ੀਲ ਹੈ ਤਾਂ ਜੋ ਚੋਣਾਂ ਜਿੱਤੀਆਂ ਜਾ ਸਕਣ? ਸਿੱਖ ਵਕੀਲਾਂ ਤੇ ਸਾਬਕਾ ਸਿੱਖ ਜੱਜਾਂ ਨੂੰ ਚਾਹੀਦਾ ਹੈ ਕਿ ਉਹ ਫੌਜ ਮੁਖੀ ਦੇ ਇਸ ਬਿਆਨ ਦਾ ਗੰਭੀਰ ਨੋਟਿਸ ਲੈ ਕੇ ਮਾਮਲੇ ਨੂੰ ਅਦਾਲਤ ਵਿੱਚ ਲੈ ਕੇ ਜਾਣ ਤਾਂ ਜੋ ਇਹੋ ਜਿਹੀ ਬਿਆਨਬਾਜ਼ੀ ਨੂੰ ਨੱਥ ਪੈ ਸਕੇ।

ਰਾਮ ਮੰਦਿਰ ਅਤੇ ਚੋਣਾਂ ਦੀ ਸਿਆਸਤ : ਪੰਜਾਬ ਤੋਂ ਬਾਅਦ ਦੇਸ਼ ਪੱਧਰ ਉਤੇ ਵੀ ਫਿਰਕੂ ਰਾਜਨੀਤੀ ਖੇਡੀ ਜਾ ਰਹੀ ਹੈ। ਅਖਿਲ ਭਾਰਤੀ ਸੰਤ ਸਮਿਤੀ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਇਹ ਰਾਮ ਮੰਦਰ ਬਾਰੇ ਤੁਰੰਤ ਆਰਡੀਨੈਂਸ ਲੈ ਕੇ ਆਵੇ। ਕੇਂਦਰੀ ਮੰਤਰੀ ਉਮਾ ਭਾਰਤੀ ਦਾ ਕਹਿਣਾ ਹੈ ਕਿ ਜੇ ਮੰਦਰ ਨੇੜੇ ਕੋਈ ਮਸਜਿਦ ਬਣਾਈ ਗਈ ਤਾਂ ਇਹ ਹਿੰਦੂਆਂ ਲਈ ਬਰਦਾਸ਼ਤ ਤੋਂ ਬਾਹਰ ਗੱਲ ਹੋਵੇਗੀ। ਸਰਕਰਦਾ ਆਰਐੱਸਐੱਸ ਆਗੂ ਅਤੇ ਹੁਣ ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਰਾਮ ਮਾਧਵ ਆਰਡੀਨੈਂਸ ਦੀ ਗੱਲ ਪਹਿਲਾਂ ਹੀ ਕਹਿ ਚੁੱਕੇ ਹਨ। ਹੁਣ ਇਹ ਆਗੂ ਆਖ ਰਹੇ ਹਨ ਕਿ ਜੇ ਲੋੜ ਪਈ ਤਾਂ ਰਾਮ ਮੰਦਰ ਦੀ ਉਸਾਰੀ ਲਈ ਸੰਨ1992 ਵਰਗੀ ਮੁਹਿਮ ਵੀ ਛੇੜੀ ਜਾ ਸਕਦੀ ਹੈ।

ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਵਿਕਾਸ ਮੁਹਿਮ ਤੋਂ ਬੁਰੀ ਤਰ੍ਹਾਂ ਥਿੜਕ ਗਏ ਹਨ। ਪਹਿਲਾਂ ਨੋਟਬੰਦੀ ਤੇ ਜੀਐੱਸਟੀ ਅਤੇ ਹੁਣ ਰਾਫਾਲ ਤੇ ਸੀਬੀਆਈ-ਆਰਬੀਆਈ ਦੇ ਝਮੇਲਿਆਂ ਕਾਰਨ ਸਰਕਾਰ ਨੂੰ ਵਿਕਾਸ ਦੇ ਮੁੱਦੇ 'ਤੇ ਕਿਸੇ ਪਾਸੇ ਕੋਈ ਢੋਈ ਨਹੀਂ ਮਿਲ ਰਹੀ ਹੈ। ਸਿੱਟੇ ਵਜੋਂ ਰਾਮ ਮੰਦਰ ਦਾ ਮਸਲਾ ਬੜੀ ਵਿਉਂਤ ਨਾਲ ਉਭਾਰਿਆ ਜਾ ਰਿਹਾ ਹੈ। ਦੁਸਹਿਰੇ ਮੌਕੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਨੇ ਆਪਣੇ ਭਾਸ਼ਣ ਵਿਚ ਬਾਕਾਇਦਾ ਮੰਦਰ ਨਿਰਮਾਣ ਦਾ ਸੱਦਾ ਦਿੱਤਾ ਸੀ ਅਤੇ ਇਸ ਮਸਲੇ ਨੂੰ ਹੁਣ ਲਗਾਤਾਰ ਮਘਾਇਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਅਤੇ ਆਰਐੱਸਐੱਸ ਨੇ ਚੋਣਾਂ ਜਿੱਤਣ ਦੀ ਆਪਣੀ ਸਾਰੀ ਵਿਉਂਤਬੰਦੀ ਵੋਟਾਂ ਦੇ ਧਰੁਵੀਕਰਨ 'ਤੇ ਟਿਕਾ ਲਈ ਜਾਪਦੀ ਹੈ।

ਪਾਰਟੀ ਭਗਤਾਂ ਲਈ 'ਵਿਕਾਸ ਪੁਰਸ਼' ਵਜੋਂ ਮਸ਼ਹੂਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਾਮ ਮੰਦਰ ਬਾਰੇ ਹੁਣ ਤੱਕ ਦੀ ਖ਼ਾਮੋਸ਼ੀ ਦੱਸਦੀ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਇਸ ਮੁੱਦੇ 'ਤੇ ਕਿਸ ਕਿਸਮ ਦੀ ਸਿਆਸਤ ਚੱਲਣੀ ਹੈ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵਰਗੇ ਲੀਡਰਾਂ ਨੂੰ ਇਸ ਮੁਹਿਮ ਵਿਚ ਕਿਸ ਤਰ੍ਹਾਂ ਝੋਕਿਆ ਜਾਣਾ ਹੈ।

### ਸ਼ੋਸ਼ਲ ਮੀਡੀਆ 'ਤੇ ਹੋਇਆ ਕਰੜਾ ਪ੍ਰਤੀਕਰਮ

- ਮੋਹਨ ਸਿੰਘ ਆਖਦੇ ਹਨ ਕਿ ਸਿੱਖਾਂ ਨੂੰ ਤੇ ਪੰਜਾਬੀਆਂ ਨੂੰ ਦਹਿਸ਼ਤ ਅਤੇ ਤਸ਼ੱਦਦ ਰਾਹੀਂ ਦਬਾਉਣ ਲਈ ਜ਼ਮੀਨ ਪੈਦਾ ਕਰਨ ਦੀ ਨਵੀਂ ਚਾਲ ਹੈ।
- ਜਸਬੀਰ ਸਿੰਘ ਮਨਾਵਾਂ ਆਖਦੇ ਹਨ ਕਿ ਬਹੁਤ ਵੱਡੀ ਸਾਜਿਸ਼ ਰਚੀ ਜਾ ਰਹੀ ਹੈ ਪੰਜਾਬ ਖਿਲਾਫ।
- ਬਲਤੇਜ ਸਿੰਘ ਕਾਉਂਕੇ ਆਖਦੇ ਹਨ ਕਿ ਨਸਲਕੁਸ਼ੀ ਦੀ ਤਰੰਗ ਹਮੇਸ਼ਾ ਪ੍ਰਬਲ ਨਹੀਂ ਰਹਿੰਦੀ, ਸਗੋਂ ਸਮੇਂ ਦੇ ਵੇਗ ਨਾਲ ਹੌਲੀ-ਹੌਲੀ ਸੁਲਗਦੀ ਰਹਿੰਦੀ ਹੈ ਤੇ ਸਮਾਂ ਆਉਣ ਤੇ ਜਦੋਂ ਪਰਚੰਡ ਹੋ ਉੱਠਦੀ ਹੈ ਤਾਂ ਸਾਰਾ ਕੁਝ ਤਬਾਹ ਕਰ ਸੁੱਟਦੀ ਹੈ.. ਇਹ ਸਿੱਖਾਂ ਵਾਸਤੇ ਆਉਣ ਵਾਲੇ ਸਮੇਂ ਦਾ ਇੱਕ ਝਲਕਾਰਾ ਹੈ, ਜਿਹੜੇ ਜਾਗਦੇ ਨੇ ਓਹ ਬਚ ਨਿਕਲਣਗੇ।
- ਰਵਿੰਦਰ ਸਿੰਘ ਆਖਦੇ ਹਨ ਕਿ ਪੰਜਾਬ ਵਿੱਚ ਪਿਛਲੇ ਕੁੱਝ ਕੁ ਮਹੀਨਿਆਂ ਵਿੱਚ ਕਾਫੀ ਤੇਜ਼ੀ ਨਾਲ ਰਾਜਨੀਤਕ ਤਬਦੀਲੀਆਂ ਵੇਖਣ ਵਿਚ ਆਈਆਂ ਹਨ। ਨਾਲੇ ਹੁਣ ਪੰਜਾਬ ਦਾ ਬੌਧਿਕ ਵਰਗ ਬਾਕੀ ਭਾਰਤੀਆਂ ਵਾਂਗ ਜਮਹੂਰੀ ਢੰਗ ਨਾਲ ਹੌਲੀ ਹੌਲੀ ਨਿੱਤਰ ਰਿਹਾ ਹੈ। ਪੰਜਾਬ ਨੂੰ ਬੌਧਿਕ ਢੰਗ ਨਾਲ ਲੜਨ ਦੀ ਜਾਂਚ ਆ ਗਈ ਹੈ। ਇਸ ਲਈ ਫੌਜ ਮੁਖੀ ਤੋਂ ਇਹ ਬਿਆਨ ਦਿਵਾਇਆ ਗਿਆ ਹੈ।
- ਕੁਲਦੀਪ ਸਿੰਘ ਜਫਲਪੁਰੀਆ ਆਖਦੇ ਹਨ ਕਿ ਭਾਰਤ ਵਿੱਚ ਵੀ ਕਿਸੇ ਵੇਲੇ ਵੀ ਪਾਕਿਸਤਾਨ ਵਾਂਗ ਫੌਜ ਰਾਜ ਹੋ ਸਕਦਾ, ਇਹ ਖਦਸ਼ਾ ਫੌਜ ਦੇ ਜਨਰਲ ਦੀ ਦਕਿਆਨੂਸੀ ਛੁਰਲੀ ਤੋਂ ਜਾਪਦਾ ਹੈ ਅਤੇ ਹਿੰਦੋਸਤਾਨ ਦੇ ਅਖੌਤੀ ਲੋਕਤੰਤਰ ਨੂੰ ਨਾਸ਼ ਕਰਨ ਵਾਲੀ ਕਿਰਿਆ ਹੈ।
- ਮਸਤਾਨ ਸਿੰਘ ਪਬਲਾ ਆਖਦੇ ਹਨ ਕਿ ਇਹ ਭਗਵਾਂ ਤਾਕਤਾਂ ਦੀ ਆਉਣ ਵਾਲ਼ੀਆਂ ਚੋਣਾਂ ਸਿੱਖਾਂ ਨੂੰ ਬਲੀ ਦਾ ਬਕਰਾ ਬਣਾ ਕੇ ਜਿੱਤਣ ਦੀ ਨਵੀਂ ਚਾਲ ਹੈ।
- ਰਛਪਾਲ ਸਿੰਘ ਆਖਦੇ ਹਨ ਕਿ ਦਰਅਸਲ ਇਹਨਾਂ ਨੂੰ ਪਤਾ ਲੱਗ ਗਿਆ ਹੈ, ਆਉਣ ਵਾਲੀਆਂ ਚੋਣਾਂ ਵਿਚ ਭਾਜਪਾ ਮੂਧੇ ਮੂੰਹ ਡਿੱਗਣ ਵਾਲੀ ਹੈ, ਸਿੱਖਾਂ ਤੇ ਮੁਸਲਮਾਨਾਂ ਦਾ ਹਊਆ ਦਿਖਾ ਕੇ, ਵੋਟਾਂ ਲੈਣ ਦੀ ਆੜ ਵਿਚ ਇਹੋ ਜਿਹੇ ਹੱਥਕੰਡੇ ਅਪਣਾ ਰਹੇ ਨੇ, ਜੋ ਸਫਲ ਨਹੀਂ ਹੋਣੇ।

## ਵਰਲਡ ਸਿੱਖ ਪਾਰਲੀਮੈਂਟ ਨੇ ਸਿੱਖ ਨਸਲਕੁਸ਼ੀ ਦਾ ਮੁੱਦਾ ਯੂ.ਐਨ.ਓ. 'ਚ ਚੁੱਕਿਆ

ਕਤਲ ਤੋਂ ਬਾਅਦ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ 30000 ਤੋਂ ਵੱਧ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਅਣਗਿਣਤ ਕਮਿਸ਼ਨਾਂ, ਅਦਾਲਤੀ ਮੁਕੱਦਮਿਆਂ ਅਤੇ ਵਿਆਪਕ ਅੰਤਰਰਾਸ਼ਟਰੀ ਨਿੰਦਿਆ ਦੇ ਬਾਵਜੂਦ ਸਿੱਖਾਂ ਦੀ ਇਸ ਨਸਲਕੁਸ਼ੀ ਦੇ ਯੋਜਨਾਕਾਰਾਂ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲ ਸਕੀਆਂ। ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਇਸ ਵਿਵਸਥਿਤ ਅਤੇ ਸੰਗਠਿਤ ਕਤਲੇਆਮ ਨੂੰ ਪੂਰਨ ਰੂਪ ਵਿਚ ਕਲਮਬੰਦ ਕੀਤਾ ਹੋਇਆ ਹੈ ਪਰ ਭਾਰਤੀ ਹਕੂਮਤ ਸਿੱਖਾਂ ਦੇ ਇਸ ਘਿਨਾਉਣੇ ਕਤਲੇਆਮ ਨੂੰ 'ਦੰਗੇ' ਹੀ ਕਹਿੰਦੀ ਹੈ।

ਸਿੱਖ ਪਾਰਲੀਮੈਂਟ ਦਾ ਕਹਿਣਾ ਹੈ ਕਿ ਭਾਰਤ ਸਰਕਾਰ 'ਨਸਲਕੁਸ਼ੀ ਕਨਵੈਨਸ਼ਨ 1948' ਅਧੀਨ ਆਪਣੇ ਫਰਜ਼ਾਂ ਤੋਂ ਵੀ ਇਨਕਾਰੀ ਹੈ। ਸਿੱਖ ਕਤਲੇਆਮ ਨੂੰ ਕਤਲੇਆਮ ਕਹਿਣ ਲਈ ਕਨੇਡਾ ਦੇ ਉਨਟਾਰੀਓ ਸੂਬੇ ਅਤੇ ਅਮਰੀਕਾ ਦੇ ਕਨੈਕਟੀਕਟ ਸੂਬੇ ਦੀਆਂ ਰਾਜ ਅਸੰਬਲੀਆਂ ਅੱਗੇ ਆਈਆਂ ਹਨ ਤੇ ਉਹਨਾਂ ਨੇ ਕਤਲੇਆਮ ਪ੍ਰਤੀ ਮਤੇ ਪਾਸ ਕੀਤੇ ਹਨ ਪਰ ਭਾਰਤ ਸਰਕਾਰ ਸੱਚ ਸੁਣਨ ਤੋਂ ਇਨਕਾਰੀ ਹੈ।

## ਇੰਗਲੈਂਡ ਦੀ ਫ਼ੌਜ 'ਚ ਭਰਤੀ ਹੋ ਸਕਣਗੇ ਭਾਰਤੀ ਨੌਜਵਾਨ

ਹਵਾਈ ਸੈਨਾ 'ਚ ਭਰਤੀ ਹੋਣ ਲਈ ਇੰਗਲੈਂਡ 'ਚ ਘੱਟੋ ਘੱਟ ਪੰਜ ਸਾਲ ਰਹਿਣ ਦੀ ਮੌਜੂਦਾ ਸ਼ਰਤ 'ਚ ਰਾਹਤ ਦਿੱਤੀ ਜਾਵੇ।

ਰੱਖਿਆ ਮੰਤਰਾਲੇ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਰਾਸ਼ਟਰਮੰਡਲ ਮੁਲਕਾਂ ਦੇ ਨਾਗਰਿਕਾਂ ਲਈ ਪੰਜ ਸਾਲ ਪਰਵਾਸ ਦੀ ਸ਼ਰਤ ਨੂੰ ਹਟਾਉਣ ਦਾ ਫ਼ੈਸਲਾ ਲਿਆ ਹੈ ਤਾਂ ਜੋ ਰਾਇਲ ਨੇਵੀ, ਬ੍ਰਿਟਿਸ਼ ਆਰਮੀ ਅਤੇ ਰਾਇਲ ਏਅਰ ਫੋਰਸ 'ਚ ਜਵਾਨਾਂ ਦੀ ਨਫ਼ਰੀ ਵਧਾਈ ਜਾ ਸਕੇ। ਮਈ 2016 ਤੋਂ ਰਾਸ਼ਟਰਮੰਡਲ ਮੁਲਕਾਂ ਦੇ 200 ਨੌਜਵਾਨਾਂ ਦੀ ਹਰ ਸਾਲ ਭਰਤੀ ਕੀਤੀ ਜਾਂਦੀ ਸੀ। ਭਰਤੀ ਲਈ ਅਗਲੇ ਸਾਲ ਦੇ ਸ਼ੁਰੂ ਤੋਂ ਅਮਲ ਸ਼ੁਰੂ ਹੋ ਜਾਵੇਗਾ।ਰਾਸ਼ਟਰਮੰਡਲ ਮੁਲਕਾਂ ਤੋਂ ਬਾਹਰਲੇ ਨਾਗਰਿਕਾਂ ਨੂੰ ਇਸ ਭਰਤੀ ਪ੍ਰਕਿਰਿਆ 'ਚ ਸ਼ਾਮਲ ਨਹੀਂ ਕੀਤਾ ਜਾਵੇਗਾ।

ਆਇਰਲੈਂਡ ਅਤੇ ਨੇਪਾਲ ਦੇ ਗੋਰਖੇ ਨਾਗਰਿਕਾਂ ਨੂੰ ਬ੍ਰਿਟਿਸ਼ ਸੈਨਾ 'ਚ ਭਰਤੀ ਕਰਨ ਲਈ ਪਹਿਲਾਂ ਹੀ ਵਿਸ਼ੇਸ਼ ਨੇਮ ਬਣਾਏ ਗਏ ਹਨ। ਰਾਸ਼ਟਰਮੰਡਲ ਦੇ ਨਾਗਰਿਕਾਂ ਨੂੰ ਫ਼ੌਜ 'ਚ ਭਰਤੀ ਲਈ ਪੰਜ ਸਾਲ ਪਰਵਾਸ ਦੀ ਰਾਹਤ ਸੰਨ1998 'ਚ ਦਿੱਤੀ ਗਈ ਸੀ ਪਰ ਇਸ ਨੂੰ ਮੁੜ ਸੰਨ 2013 'ਚ ਲਾਗੂ ਕਰ ਦਿੱਤਾ ਗਿਆ ਸੀ।

## ਯੂਨੀਅਨ ਸਿਟੀ 'ਚ 18 ਨਵੰਬਰ ਨੂੰ ਹੋਵੇਗਾ ਸਿੱਖ ਵਿਰਸਾ ਜਾਗਰੂਕਤਾ ਮੇਲਾ

**ਯੂਨੀਅਨ ਸਿਟੀ/ਪ੍ਰਮਿੰਦਰ ਸਿੰਘ ਪ੍ਰਵਾਨਾ :**
ਅਮਰੀਕਾ ਦੇ ਇਤਿਹਾਸ ਵਿਚ ਸਿੱਖਾਂ ਦੇ ਪਾਏ ਗਏ ਯੋਗਦਾਨ ਅਤੇ ਵਿਰਾਸਤ ਬਾਰੇ ਜਾਣੂੰ ਕਰਵਾਉਣ ਲਈ Acr 147 ਕੈਲੀਫੋਰਨੀਆ ਵਿਚ ਜਾਗਰੂਕਤਾ ਦਿਵਸ ਮਨਾਏ ਜਾਣ ਲਈ ਨਵੰਬਰ ਮਹੀਨਾ ਚੁਣਿਆ ਗਿਆ ਹੈ। ਇਸ ਤਹਿਤ ਸਿੱਖ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਉਸੇ ਲੜੀ ਵਿਚ 18 ਨਵੰਬਰ, 2018 ਦਿਨ ਐਤਵਾਰ ਨੂੰ ਬਾਅਦ ਦੁਪਹਿਰ 03:00 ਵਜੇ ਇਕ ਪ੍ਰੋਗਰਾਮ Gurdwara Sahib Fremont ਅਤੇ Guyemanuele school-100, Decoto Rd, Union Cit CA 94587 ਦੇ ਸਾਂਝੇ ਉਦਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਵਿਚ ਖ਼ਾਲਸਾ ਸਕੂਲ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਵਿਦਿਆਰਥੀ ਹਿੱਸਾ ਲੈਣਗੇ।
ਪ੍ਰੋਗਰਾਮ ਅਨੁਸਾਰ ਕੀਰਤਨ, ਅਰਦਾਸ, ਪਰਚਾ ਪਾਠ, ਗੱਤਕਾ ਆਦਿ ਸਕੂਲ ਦੇ ਵਿਦਿਆਰਥੀਆਂ ਵਲੋਂ ਪੇਸ਼ ਕੀਤਾ ਜਾਵੇਗਾ। ਸਥਾਨਕ ਲੋਕ ਗਾਇਕ ਮੰਗਜੀਤ ਸਿੰਘ ਮੰਗਾ, ਤਰਸੇਮ ਸਿੰਘ ਅਟਵਾਲ, ਮਹਿੰਦਰ ਸਿੰਘ ਰਾਜਪੂਤ, ਧਰਮਪਾਲ ਪ੍ਰਦੇਸੀ (ਰੈਕੋ), ਦਰਸ਼ਨ ਔਜਲਾ, ਜਸਦੀਪ ਸਿੰਘ ਫਰੀਮਾਂਟ ਆਪਣੇ ਹੁਨਰ ਦੀ ਪੇਸ਼ਕਾਰੀ ਕਰਨਗੇ। ਹਾਜ਼ਰ ਕਵੀਆਂ ਵਲੋਂ ਕਵੀ ਦਰਬਾਰ ਸਜਾਇਆ ਜਾਵੇਗਾ।
ਪ੍ਰਬੰਧਕਾਂ ਨੇ ਕਿਹਾ ਕਿ ਪ੍ਰੋਗਰਾਮ ਬੱਚਿਆਂ ਦੇ ਸਕੂਲ ਵਿਚ ਹੋ ਰਿਹਾ ਹੈ ਅਤੇ ਦਾਖ਼ਲਾ ਮੁਫ਼ਤ ਹੈ। ਇਸ ਲਈ ਮਾਪਿਆਂ ਨੂੰ ਵੀ ਬੱਚਿਆਂ ਸਮੇਤ ਸ਼ਾਮਲ ਹੋਣਾ ਚਾਹੀਦਾ ਹੈ। ਇਸ ਮੌਕੇ ਜਲਪਾਨ ਵੀ ਨਿਰੰਤਰ ਚਲਦਾ ਰਹੇਗਾ ਅਤੇ ਪਾਰਕਿੰਗ ਦਾ ਖਾਸ ਪ੍ਰਬੰਧ ਹੋਵੇਗਾ। ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰ. 510-415-9377, 510-459-7537, 510-709-5162 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਾਕਾ ਪੰਜਾ ਸਾਹਿਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ

**ਫਰੀਮਾਂਟ/ਪ੍ਰਮਿੰਦਰ ਸਿੰਘ ਪ੍ਰਵਾਨਾ :** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਜੇ ਹਫ਼ਤਾਵਾਰੀ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵਲੋਂ ਵਿਸ਼ੇਸ਼ ਤੌਰ 'ਤੇ ਸਾਕਾ ਪੰਜਾ ਸਾਹਿਬ ਦੇ ਸਬੰਧ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਇਸ ਮੌਕੇ ਨਨਕਾਣਾ ਸਾਹਿਬ ਸਾਕੇ ਦੇ ਇਤਿਹਾਸ ਉਤੇ ਰੋਸ਼ਨੀ ਪਾਈ ਗਈ ਕਿ ਕਿਵੇਂ ਸਿੱਖਾਂ ਨੇ ਹਰ ਤਸ਼ੱਦਦ ਨੂੰ ਬੜੇ ਸਬਰ ਨਾਲ ਤਨ ਉਤੇ ਹੰਢਾਇਆ। ਉਪਰੰਤ ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਠਾਕੁਰ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਪ੍ਰਵਾਨਾ ਕਵੀ ਸ਼ਾਮਲ ਹੋਏ , ਜਿਨ੍ਹਾਂ ਨੇ ਬੀਰ-ਰਸ ਦੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਹਰਮਿੰਦਰ ਸਿੰਘ ਸੋਢੀ, ਦਵਿੰਦਰ ਸਿੰਘ, ਕਮਲਜੀਤ ਸਿੰਘ ਅਟਵਾਲ ਅਤੇ ਜਗਤਾਰ ਸਿੰਘ ਦਾ ਭਰਵਾਂ ਸਹਿਯੋਗ ਰਿਹਾ।

# ਮਿਸ਼ਨ-2019 : ਮੋਦੀ ਦਾ ਰਥ ਰੋਕਣ ਲਈ ਜੁੜਨ ਲੱਗੇ ਸਿਆਸਤ ਦੇ ਸਾਰਥੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਂਗਰਸ ਦੇ ਕੁੱਲ ਹਿੰਦ ਪ੍ਰਧਾਨ ਰਾਹੁਲ ਗਾਂਧੀ ਅਤੇ ਤੇਲਗੂ ਦੇਸ਼ਮ ਪਾਰਟੀ ਮੁਖੀ ਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ ਭਾਰਤ ਵਿਚ ਆਗਾਮੀ ਲੋਕ ਸਭਾ ਚੋਣਾਂ ਲਈ ਹੁਣ ਤੋਂ ਹੀ ਸਿਆਸੀ ਪੇਸ਼ਬੰਦੀਆਂ ਦੇ ਰਾਹ ਪੈ ਗਏ ਹਨ। ਉਨ੍ਹਾਂ ਦੋਵਾਂ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਭਾਜਪਾ ਨੂੰ ਹਰਾਉਣ ਲਈ ਮਿਲ ਕੇ ਕੰਮ ਕਰਨਗੀਆਂ। ਐਨ ਚੰਦਰਬਾਬੂ ਨਾਇਡੂ ਨੇ ਰਾਹੁਲ ਗਾਂਧੀ ਨਾਲ ਇਥੇ ਮੁਲਾਕਾਤ ਕਰਨ ਤੋਂ ਬਾਅਦ ਦੋਵੇਂ ਆਗੂਆਂ ਨੇ ਸਾਂਝਾ ਬਿਆਨ ਜਾਰੀ ਕੀਤਾ ਹੈ। ਸ੍ਰੀ ਨਾਇਡੂ ਦੀ ਹਾਜ਼ਰੀ 'ਚ ਰਾਹੁਲ ਗਾਂਧੀ ਨੇ ਕਿਹਾ ਕਿ ਭਾਜਪਾ ਵਿਰੋਧੀ ਸਾਰੀਆਂ ਪਾਰਟੀਆਂ ਲੋਕਤੰਤਰੀ ਅਦਾਰਿਆਂ 'ਤੇ ਹਮਲਿਆਂ ਨੂੰ ਰੋਕਣਾ ਯਕੀਨੀ ਬਣਾਉਣਗੀਆਂ ਅਤੇ ਆਉਣ ਵਾਲੇ ਦਿਨਾਂ ਵਿਚ ਬੇਰੁਜ਼ਗਾਰੀ ਅਤੇ ਰਾਫ਼ਾਲ ਜੈੱਟ ਸੌਦੇ 'ਚ ਭ੍ਰਿਸ਼ਟਾਚਾਰ ਸਮੇਤ ਹੋਰ ਅਹਿਮ ਮੁੱਦਿਆਂ ਨੂੰ ਉਠਾ ਕੇ ਸਰਕਾਰ ਦਾ ਪਰਦਾਫਾਸ਼ ਕਰਨਗੀਆਂ। ਕਾਂਗਰਸ ਪ੍ਰਧਾਨ ਨੇ ਕਿਹਾ,ਕਿ "ਇਹ ਸਪੱਸ਼ਟ ਹੈ ਕਿ ਭ੍ਰਿਸ਼ਟਾਚਾਰ ਹੋ ਰਿਹਾ ਹੈ। ਜਿਹੜੇ ਅਦਾਰੇ ਜਾਂਚ ਕਰ ਰਹੇ ਹਨ, ਉਨ੍ਹਾਂ 'ਤੇ ਹਮਲੇ ਹੋ ਰਹੇ ਹਨ। ਭ੍ਰਿਸ਼ਟਾਚਾਰ ਦਾ ਪੈਸਾ ਕਿਥੇ ਗਿਆ ਅਤੇ ਕਿਸ ਨੇ ਇਹ ਕਾਰਾ ਕੀਤਾ, ਲੋਕ ਸਭ ਕੁਝ ਜਾਣਨਾ ਚਾਹੁੰਦੇ ਹਨ।" ਇਸ ਮੌਕੇ ਸ੍ਰੀ ਨਾਇਡੂ ਨੇ ਕਿਹਾ ਕਿ ਉਹ ਵਿਰੋਧੀ ਧਿਰਾਂ ਨੂੰ ਇਕਜੁੱਟ ਕਰਨ ਲਈ ਸਾਰਿਆਂ ਨਾਲ ਵਿਚਾਰਾਂ ਕਰ ਰਹੇ ਹਨ। ਉਨ੍ਹਾਂ ਕਿਹਾ,ਕਿ "ਅਸੀਂ ਸਾਂਝੇ ਮੰਚ 'ਤੇ ਮਿਲਾਂਗੇ ਅਤੇ ਰਣਨੀਤੀ ਬਣਾਵਾਂਗੇ।" ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ,"ਸਾਨੂੰ ਰਾਸ਼ਟਰ ਦੀ ਫ਼ਿਕਰ ਹੈ।" ਨਾਇਡੂ ਅਤੇ ਰਾਹੁਲ ਦਰਮਿਆਨ ਮੁਲਾਕਾਤ ਉਸ ਸਮੇਂ ਹੋਈ ਹੈ ਜਦੋਂ ਤਿਲੰਗਾਨਾ 'ਚ 7 ਦਸੰਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਦੋਵੇਂ ਪਾਰਟੀਆਂ ਦਰਮਿਆਨ ਸੀਟਾਂ ਦੀ ਵੰਡ ਬਾਰੇ ਗੱਲਬਾਤ ਚੱਲ ਰਹੀ ਹੈ। ਉਧਰ ਐਨਸੀਪੀ ਸੁਪਰੀਮੋ ਸ਼ਰਦ ਪਵਾਰ ਨੇ ਵੀ ਕਿਹਾ ਕਿ ਸਰਕਾਰ ਨਾਲ ਟਾਕਰੇ ਲਈ ਗ਼ੈਰ-ਭਾਜਪਾਈ ਪਾਰਟੀਆਂ ਘੱਟੋ ਘੱਟ ਸਾਂਝਾ ਪ੍ਰੋਗਰਾਮ ਤਿਆਰ ਕਰਨਗੀਆਂ। ਉਨ੍ਹਾਂ ਸੀਬੀਆਈ ਅਤੇ ਆਰਬੀਆਈ ਵਰਗੇ ਅਦਾਰਿਆਂ 'ਤੇ ਹਮਲਿਆਂ ਉਪਰ ਚਿੰਤਾ ਜਤਾਈ। ਉਨ੍ਹਾਂ ਕਿਹਾ ਕਿ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਟੀਡੀਪੀ ਪ੍ਰਧਾਨ ਐਨ ਚੰਦਰਬਾਬੂ ਨਾਇਡੂ ਕਾਂਗਰਸ ਸਮੇਤ ਹੋਰ ਗ਼ੈਰ-ਭਾਜਪਾਈ ਪਾਰਟੀਆਂ ਨਾਲ ਗੱਲਬਾਤ ਕਰਨਗੇ। ਬਾਅਦ 'ਚ ਸਾਰਿਆਂ ਦੀ ਕੌਮੀ ਰਾਜਧਾਨੀ 'ਚ ਬੈਠਕ ਸੱਦੀ ਜਾਵੇਗੀ।



## 15ਵੀਆਂ ਖਾਲਸਾਈ ਖਾਲਸਾਈ ਖੇਡਾਂ ਸ੍ਰੀ ਆਨੰਦਪੁਰ ਸਾਹਿਬ ਵਿਚ ਸ਼ੁਰੂ

### ਖਿਡਾਰੀਆਂ ਵੱਲੋਂ ਖਾਲਸਈ ਜਾਹੋ-ਜਲਾਲ ਨਾਲ ਮਾਰਚ ਪਾਸਟ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :**
ਖਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਦੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਚ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 15ਵੀਆਂ ਖਾਲਸਾਈ ਖੇਡਾਂ ਪੂਰੇ ਜਾਹੋ-ਜਲਾਲ ਨਾਲ ਸ਼ੁਰੂ ਹੋ ਗਈਆਂ ਹਨ। ਸ਼੍ਰੋਮਣੀ ਕਮੇਟੀ ਅਧੀਨ ਆਉਂਦੇ 40 ਕਾਲਜਾਂ ਦੇ ਚਾਰ ਹਜ਼ਾਰ ਤੋਂ ਵੱਧ ਖਿਡਾਰੀ ਖ਼ਾਲਸਾ ਨਗਰੀ ਵਿਚ ਪਹੁੰਚ ਚੁੱਕੇ ਹਨ। ਇਨ੍ਹਾਂ ਖਾਲਸਾਈ ਖੇਡਾਂ ਦਾ ਰਸਮੀ ਆਗਾਜ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ। ਇਸ ਮੌਕੇ ਖਾਲਸਾਈ ਬਾਣੇ ਵਿੱਚ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਮਾਰਚ ਪਾਸਟ ਕੀਤਾ। ਗੋਬਿੰਦ ਸਿੰਘ ਲੌਂਗੋਵਾਲ ਨੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ 50ਵੀਂ ਵਰ੍ਹੇਗੰਢ ਮੌਕੇ ਇਸ ਕਾਲਜ ਨੂੰ ਦਸ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।
ਲੋਕ ਸੰਪਰਕ ਅਧਿਕਾਰੀ ਅਵਤਾਰ ਸਿੰਘ ਨੇ ਦੱਸਿਆ ਕਿ ਖੇਡਾਂ ਦੇ ਮੁਕਾਬਲੇ ਕਾਲਜ ਦੇ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਵਿੱਚ ਹੋਣਗੇ, ਜਦਕਿ ਫੁਟਬਾਲ, ਹਾਕੀ, ਬੈਡਮਿੰਟਨ ਦੇ ਮੁਕਾਬਲੇ ਦਸ਼ਮੇਸ਼ ਅਕੈਡਮੀ ਅਤੇ ਥਰੋਅ ਈਵੈਂਟ ਮਾਰਸ਼ਲ ਅਕੈਡਮੀ ਵਿੱਚ ਹੋਣਗੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਡਾਇਰੈਕਟਰ ਸਿੱਖਿਆ ਡਾ. ਜਤਿੰਦਰ ਸਿੰਘ ਸਿੱਧੂ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ, ਸਿੱਖਿਆ ਸਕੱਤਰ ਅਵਤਾਰ ਸਿੰਘ ਸੈਂਪਲਾ ਵੱਲੋਂ ਸੰਬੋਧਨ ਕੀਤਾ ਗਿਆ।
ਇਸ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਪ੍ਰਧਾਨ ਲੌਂਗੋਵਾਲ ਅਤੇ ਡਾ ਜਤਿੰਦਰ ਸਿੰਘ ਸਿੱਧੂ ਦਾ ਧੰਨਵਾਦ ਕੀਤਾ। ਇਸ ਮੌਕੇ ਵਾਇਸ ਚਾਂਸਲਰ ਡਾ. ਗੁਰਮੋਹਨ ਸਿੰਘ ਵਾਲੀਆ, ਰਜਿੰਦਰ ਸਿੰਘ ਬਾਜਵਾ, ਡਾ. ਡੀ. ਐਸ. ਰਾਹੀ ਡਿਪਟੀ ਡੀ. ਪੀ.ਆਈ ਕਾਲਜਾਂ , ਡਿਪਟੀ ਡਾਇਰੈਕਟਰ ਪ੍ਰੋਫੈਸਰ ਪ੍ਰਭਜੀਤ ਸਿੰਘ, ਮਨੈਜਰ ਜਸਵੀਰ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਸਟਾਫ਼ ਮੈਂਬਰ ਹਾਜ਼ਰ ਰਹੇ।


# WHITE HAWK TRUCKING INC

## *Need Drivers & Owner Operators*

**Dedicated Load (ਪੱਕੇ ਲੋਡ)**
**Immediate Payment Option**
**West Coast I-5 Route**




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

**2101 MARTIN LUTHER KING JR WAY STOCKTON, CA 95205**

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ,
ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ
ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ
ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ
Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

**Priti Singh (925) 999-0823**
CA BRE Licence #02024721 info@pritisingh.com

# RESIDENTIAL, COMMERCIAL AND SOLAR FARMS
**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

100% CUSTOMER SATISFACTION GUARANTEED

25 YEAR WARRANTY

SUNPREME®
Premium Bifacial Thin Film Solar



Satnam Singh Khalsa
510-706-1300






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

ਦੇਸ਼ ਵਿਦੇਸ਼ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ ਬੰਦੀ ਛੋੜ ਦਿਵਸ (ਦੀਵਾਲੀ) ਦੀਆਂ ਲੱਖ ਲੱਖ ਵਧਾਈਆਂ

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA** (367-7252)
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.


SHER
Happy Diwali
SHER
DURUM ATTA
DESI STYLE
20 lb
9.07 kg
SHER
BESAN
CHANA FLOUR
SUPER FINE
4 lb
1.81 kg
SHER ATTA GHAR LAAO
www.sherbrarmills.com